ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

22-28 ਅਪ੍ਰੈਲ 2026

ਸਾਲ 17ਵਾਂ - ਅੰਕ 17

email : info@sadelok.com

Ph. : 510-706-1300

Fax : 925-373-1300

## ਦਿੱਲੀ ਯੂਨੀਵਰਸਿਟੀ: ਮਹਿਲਾ ਰਾਖਵੇਂਕਰਨ ਬਿੱਲ ਦੇ ਹੱਕ ਵਿੱਚ ਵਿਦਿਆਰਥੀਆਂ ਦਾ ਪ੍ਰਦਰਸ਼ਨ

### ਲੋਕ ਸਭਾ ਵਿੱਚ ਬਿੱਲ ਰੱਦ ਹੋਣ 'ਤੇ ਜਤਾਇਆ ਰੋਸ




(ਦੇਖੋ ਸਫ਼ਾ 30 'ਤੇ)

## ਸਦੀਆਂ ਤੋਂ ਭਾਰਤ ਵਿੱਚ ਬੇਇਨਸਾਫ਼ੀ ਸਹਿ ਰਹੇ ਮੂਲਨਿਵਾਸੀਆਂ ਨੂੰ ਆਪਣੇ ਭਵਿੱਖ ਦੇ ਫੈਸਲੇ ਖੁਦ ਕਰਨ ਲਈ ਇੱਕਜੁਟ ਹੋਣ ਦਾ ਸੱਦਾ

### ਭਾਰਤੀ ਸੰਸਦ ਮੈਂਬਰ ਸ਼੍ਰੀ ਚੰਦਰਸ਼ੇਖਰ ਆਜ਼ਾਦ ਨੇ ਪਿਟਸਬਰਗ ਵਿੱਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦਾ ਕੀਤਾ ਉਦਘਾਟਨ



ਪਿਟਸਬਰਗ/ਹੇਵਰਡ (ਕੈਲੀਫੋਰਨੀਆ) (ਸਾਡੇ ਲੋਕ ਬਿਊਰੋ) : ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੋਂ ਬਾਅਦ, ਦੁਨੀਆ ਭਰ ਦੇ ਦਲਿਤਾਂ, ਪਿਛੜਿਆਂ ਅਤੇ ਵਾਂਝੇ ਵਰਗਾਂ ਨੂੰ ਇੱਕ ਝੰਡੇ ਹੇਠ ਇਕੱਠਾ ਕਰਨ ਵਾਲੇ ਹਰਮਨ ਪਿਆਰੇ ਆਗੂ ਅਤੇ ਸਮਾਜਿਕ ਨਿਆਂ ਦੇ ਅਲੰਬਰਦਾਰ, ਸ਼੍ਰੀ ਚੰਦਰਸ਼ੇਖਰ ਆਜ਼ਾਦ ਨੇ ਅਮਰੀਕਾ ਦੇ ਪਿਟਸਬਰਗ (ਕੈਲੀਫੋਰਨੀਆ) ਵਿੱਚ ਡਾ. ਅੰਬੇਡਕਰ ਦੇ ਇੱਕ ਇਤਿਹਾਸਕ ਬੁੱਤ ਦੀ ਸਥਾਪਨਾ ਕੀਤੀ। ਸ. ਹਰਦਿਆਲ ਸਿੰਘ ਬੰਗਾ, ਸ਼੍ਰੀ ਰਾਮ ਮੂਰਤੀ ਸਰੋਆ ਅਤੇ ਸ਼੍ਰੀ ਸ਼ਸ਼ੀ ਪਾਲ ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਹੋਏ ਇਸ ਵਿਸ਼ਾਲ ਸਮਾਗਮ ਵਿੱਚ ਅਮਰੀਕਾ ਦੇ ਕੋਨੇ-ਕੋਨੇ ਤੋਂ ਦਲਿਤ ਭਾਈਚਾਰੇ ਦੇ ਆਗੂਆਂ ਅਤੇ ਭਾਰਤੀ ਮੂਲ ਦੇ ਲੋਕਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।




(ਦੇਖੋ ਸਫ਼ਾ 35-36 'ਤੇ)

## ਸਟਾਕਟਨ ਦੀ ਧਰਤੀ ਕੇਸਰੀ ਰੰਗ ਅਤੇ ਰੂਹਾਨੀ ਰੰਗ 'ਚ ਗਈ ਰੰਗੀ

### ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 27ਵਾਂ ਵਿਸ਼ਾਲ ਨਗਰ ਕੀਰਤਨ ਸਫਲਤਾਪੂਰਵਕ ਸੰਪੰਨ

ਸਟਾਕਟਨ/ਕੈਲੀਫੋਰਨੀਆ, (ਸਾਡੇ ਲੋਕ ਬਿਊਰੋ) : ਖਾਲਸਾ ਪੰਥ ਦੇ ਸਾਜਨਾ ਦਿਵਸ 'ਵਿਸਾਖੀ' ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ, ਅਮਰੀਕਾ ਦੇ ਪਹਿਲੇ ਅਤੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 27ਵਾਂ ਮਹਾਨ ਨਗਰ ਕੀਰਤਨ ਪੂਰੀ ਸ਼ਰਧਾ ਅਤੇ ਜਾਹੋ-ਜਲਾਲ ਨਾਲ ਕੱਢਿਆ ਗਿਆ। ਗਦਰੀ ਬਾਬਿਆਂ ਦੀ ਇਸ ਪਵਿੱਤਰ ਚਰਨ-ਛੋਹ ਪ੍ਰਾਪਤ ਧਰਤੀ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਿੱਖੀ ਸਿਦਕ ਅਤੇ ਕੌਮੀ ਜਜ਼ਬੇ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰ ਰਿਹਾ ਸੀ।

ਪੰਜ ਪਿਆਰਿਆਂ ਦੀ ਅਗਵਾਈ ਹੇਠ ਕੇਸਰੀ ਰੰਗ ਵਿੱਚ ਰੰਗਿਆ ਸਟਾਕਟਨ : ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਪੂਰਾ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਨਜ਼ਰ ਆਇਆ। ਅਮਰੀਕਾ ਦੇ ਕੋਨੇ-ਕੋਨੇ ਤੋਂ ਪਹੁੰਚੀਆਂ ਸੰਗਤਾਂ ਨੇ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟਿਆਂ ਨਾਲ ਸ਼ਮੂਲੀਅਤ ਕੀਤੀ, ਜਿਸ ਨਾਲ ਹਰ ਪਾਸੇ ਇੱਕ

(ਦੇਖੋ ਸਫ਼ਾ 32-34 'ਤੇ)



## ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ 'ਤੇ ਲੱਗੀ ਐਨ.ਐਸ.ਏ. ਖਤਮ



### ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਦੌਰਾਨ ਮਿਲਿਆ 2 ਦਿਨ ਦਾ ਰਿਮਾਂਡ

ਅੰਮ੍ਰਿਤਸਰ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਡਿਬਰੂਗੜ੍ਹ ਜੇਲ੍ਹ ਤੋਂ ਅਜਨਾਲਾ ਅਦਾਲਤ 'ਚ ਵੀਡੀਓ ਕਾਨਫਰੰਸਿੰਗ (ਦੇਖੋ ਸਫ਼ਾ 38 'ਤੇ)

## ਕੈਨੇਡਾ ਵਿੱਚ 30,000 ਲੋਕਾਂ 'ਤੇ ਮੁਲਕ 'ਚੋਂ ਕੱਢੇ ਜਾਣ ਦੀ ਲਟਕੀ



### ਵੱਡੀ ਗਿਣਤੀ 'ਚ ਪੰਜਾਬੀ ਵਿਦਿਆਰਥੀ

ਚੰਡੀਗੜ੍ਹ : ਕੈਨੇਡਾ ਵਿੱਚ ਨਵਾਂ ਇਮੀਗ੍ਰੇਸ਼ਨ ਕਾਨੂੰਨ, 'ਬਿੱਲ ਸੀ-12' ਲਾਗੂ ਹੋਣ ਤੋਂ ਬਾਅਦ 30,000 ਪਰਵਾਸੀਆਂ (ਦੇਖੋ ਸਫ਼ਾ 12 'ਤੇ)

## ਪਿਛਲੇ ਸਾਲ ਪਹਿਲਗਾਮ (ਕਸ਼ਮੀਰ) 'ਚ ਦਹਿਸਤਗਰਦਾਂ ਵਲੋਂ ਹਿੰਦੂਆਂ ਦਾ ਨਾਂ ਪੁੱਛ-ਪੁੱਛ ਮਾਰੇ ਗਏ ਮਾਸੂਮ ਲੋਕਾਂ ਦੀ ਯਾਦ 'ਚ ਪੂਰੇ ਭਾਰਤ 'ਚ ਸ਼ਰਧਾਂਜਲੀ

(ਦੇਖੋ ਸਫ਼ਾ 18 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property



Property Address : 27022 River Roadm, Newman CA 95260.



## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ ਕਰਮਨ ਦੀ ਸੰਸਥਾ ਹਾਈ ਸਕੂਲ ਬੱਚਿਆਂ ਨੂੰ ਦੇਵੇਗੀ ਸਕਾਲਰਸ਼ਿਪ



ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਪੰਜਾਬੀ ਭਾਈਚਾਰੇ ਵੱਲੋਂ ਵਿਦੇਸ਼ਾਂ ਵਿੱਚ ਰਹਿੰਦਿਆਂ ਜਿੱਥੇ ਆਪਣੇ ਸੱਭਿਆਚਾਰ ਨਾਲ ਬੱਚਿਆਂ ਨੂੰ ਜੋੜਨ ਲਈ ਥਾਂ-ਥਾਂ ਮੇਲੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਜਿਸ ਵਿੱਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਤੋਂ ਬਿਨ੍ਹਾਂ ਹੋਰ ਭਾਈਚਾਰਿਆਂ ਦੇ ਬੱਚੇ ਸ਼ਾਮਲ ਨਹੀਂ ਹੁੰਦੇ। ਜਿਸ ਵਿੱਚ ਸ਼ਾਮਲ ਹੋਏ ਪੰਜਾਬੀ ਬੱਚੇ ਜ਼ਰੂਰ ਆਪਣੇ ਮਾਪਿਆਂ ਦਾ ਮਾਣ ਵਧਾਉਂਦੇ ਹਨ। ਪਰ ਆਪਣੀ ਪੰਜਾਬੀਅਤ ਦੀ ਪਹਿਚਾਣ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਜੇ ਉਹ ਤੁਹਾਡੇ ਪ੍ਰੋਗਰਾਮਾਂ ਵਿੱਚ ਸ਼ਾਮਲ ਨਹੀਂ ਹੁੰਦੇ ਤਾਂ ਉਨ੍ਹਾਂ ਭਾਈਚਾਰਿਆਂ ਦੇ ਵਿੱਚ ਸ਼ਾਮਲ ਹੋ ਕੇ, ਉਨ੍ਹਾਂ ਨੂੰ ਆਪਣੀ ਪਹਿਚਾਣ ਦੱਸਣ ਦੇ ਨਾਲ-ਨਾਲ, ਆਪਣੇ ਨਾਲ ਵੀ ਜੋੜਿਆ ਜਾ ਸਕੇ। ਇਸੇ ਉਪਰਾਲੇ ਨੂੰ ਅੱਗੇ ਤੋਰਨ ਲਈ "ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ ਕਰਮਨ, ਕੈਲੇਫੋਰਨੀਆਂ" ਨਾਂ ਦੀ ਸੰਸਥਾ ਵੱਲੋਂ ਲੰਘੇ ਸਾਲ ਤੋਂ ਭਾਈਚਾਰੇ ਦੇ ਸਮੂੰਹ ਸਹਿਯੋਗੀਆਂ ਦੀ ਮਦਦ ਨਾਲ ਯਤਨ ਅਰੰਭੇ ਗਏ ਹਨ। ਇਸ ਸੰਸਥਾਂ ਨੂੰ ਰੋਟਰੀ ਕਲੱਬ (ਇੰਟਰਨੈਸਨਲ) ਦੇ ਮੈਂਬਰਾਂ ਵੱਲੋਂ ਵੀ ਸਹਿਯੋਗ ਪ੍ਰਾਪਤ ਹੈ। ਇਸੇ ਕਾਰਜ ਅਧੀਨ ਕਰਮਨ ਫਾਇਰ ਡਿਪਾਰਟਮੈਂਟ ਅਤੇ ਕਰਮਨ ਪੁਲਿਸ ਵਿਭਾਗ ਨੂੰ ਵੀ ਆਪਣੇ ਵੱਲੋਂ ਯੋਗ ਮਦਦ ਦਿੱਤੀ ਗਈ ਹੈ। ਬੀਤੇ ਦਿਨੀ "ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ" ਦੇ ਸਥਾਨਿਕ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸਮਾਜਸੇਵੀ ਗੁਲਬਿੰਦਰ ਗੈਰੀ ਢੇਸੀ ਦੀ ਅਗਵਾਈ ਹੇਠ ਕਰਮਨ ਵਿਖੇ ਹੋਈ। ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਇਹ ਸੰਸਥਾ ਹੁਣ ਕਰਮਨ ਹਾਈ ਸਕੂਲ ਵਿੱਚ ਗਰੇਜੂਏਟ ਹੋਣ ਵਾਲੇ ਬੱਚਿਆਂ ਲਈ ਸਕਾਲਰਸ਼ਿਪ ਦੇਵੇਗੀ। ਜਿਸ ਵਿੱਚ ਬੱਚਿਆਂ ਦੀ ਚੋਣ ਉਨ੍ਹਾਂ ਦੀ ਪੜ੍ਹਾਈ ਅਤੇ ਸਮਾਜਿਕ ਸੇਵਾਵਾਂ ਦੇ ਅਧਾਰ 'ਤੇ ਕੀਤੀ ਜਾਵੇਗੀ। ਜਿਸ ਵਿੱਚ ਇਸ ਸਾਲ ਹਾਈ ਸਕੂਲ ਦੀ ਗ੍ਰੈਜੂਏਸ਼ਨ ਦੌਰਾਨ ਛੇ ਵਿਦਿਆਰਥੀਆਂ ਨੂੰ, ਪ੍ਰਤੀ ਵਿਦਿਆਰਥੀ ਪੰਜ ਸੌ ਡਾਲਰ (ਕੁੱਲ ਤਿੰਨ ਹਜ਼ਾਰ ਡਾਲਰ ਦੀ ਰਾਸ਼ੀ) ਸਕਾਲਰਸ਼ਿਪ ਵਿੱਚ ਦਿੱਤੀ ਜਾਵੇਗੀ। ਅਜਿਹਾ ਕਰਦੇ ਹੋਏ ਇਹ ਸੰਸਥਾਂ ਹੋਰ ਭਾਈਚਾਰਿਆਂ ਨਾਲ ਤਾਲਮੇਲ ਵਧਾਉਣ ਦੇ ਨਾਲ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਵਿੱਚ ਆਪਣੀ ਪਹਿਚਾਣ ਬਣਾਉਣ ਲਈ ਵੀ ਨਵੇਂ ਪ੍ਰੋਗਰਾਮ ਸ਼ੁਰੂ ਕਰੇਗੀ। ਇਸ ਵਿਸ਼ੇਸ਼ ਮੀਟਿੰਗ ਵਿੱਚ ਗੁਲਬਿੰਦਰ ਗੈਰੀ ਢੇਸੀ ਤੋਂ ਇਲਾਵਾ, ਮਾਰਕੋ ਏ. ਕੋਰਟਸ, ਅੰਤਰਰਾਸ਼ਟਰੀ ਖਿਡਾਰੀ ਗੁਰਬਖਸ਼ ਸਿੰਘ ਸਿੱਧੂ, ਰਣਮੇਘ ਸਿੰਘ ਢੇਸੀ, ਸਤਬੀਰ ਸਿੰਘ ਹੀਰ, ਹਰਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਗਰੇਵਾਲ, ਕੁਲਵੰਤ ਸਿੰਘ ਉੱਭੀ ਆਦਿ ਹਾਜ਼ਰ ਸਨ। ਜਦ ਕਿ ਬਹੁਤ ਸਾਰੇ ਮੈਂਬਰਾਂ ਨੇ ਵੀਡੀਓ ਕਾਲ ਰਾਹੀਂ ਸ਼ਾਮਲ ਹੋ ਆਪਣੇ ਵਿਚਾਰ ਵੀ ਸਾਂਝੇ ਕੀਤੇ। ਅੰਤ ਵਿੱਚ ਭਵਿੱਖ ਦੇ ਸਮਾਜਿਕ ਪ੍ਰੋਜੈਕਟਾਂ ਬਾਰੇ ਵੀ ਵਿਚਾਰਾਂ ਹੋਈਆਂ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਬਰਤਾਨਵੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਵਲੋਂ ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ



ਲੰਡਨ : ਭਾਰਤ ਦੇ ਨਿੱਜੀ ਦੌਰੇ 'ਤੇ ਆਈ ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ। ਗਿੱਲ ਨੇ ਕਿਹਾ ਕਿ ਦਿੱਲੀ ਵਿਚ ਤਰਨਜੀਤ ਸਿੰਘ ਸੰਧੂ ਨੂੰ ਮਿਲਣਾ ਇਕ ਸਨਮਾਨ ਦੀ ਗੱਲ ਸੀ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਨਿਯੁਕਤ ਕੀਤੇ ਗਏ ਸੰਧੂ ਦਾ ਅਮਰੀਕਾ 'ਚ ਭਾਰਤ ਦੇ ਰਾਜਦੂਤ ਵਜੋਂ ਸੇਵਾ ਨਿਭਾਉਣ ਸਮੇਤ ਉਨ੍ਹਾਂ ਦੀ ਅਗਵਾਈ ਤੇ ਜਨਤਕ ਸੇਵਾ ਵਿਚ ਤਜਰਬਾ ਪ੍ਰੇਰਨਾਦਾਇਕ ਹੈ। ਇਸ ਮੌਕੇ ਦੋਵੇਂ ਨੇਤਾਵਾਂ ਵਿਚਕਾਰ ਭਾਰਤ ਤੇ ਬਰਤਾਨੀਆ ਵਿਚਕਾਰ ਹੋਏ ਮੁਕਤ ਵਪਾਰ ਸਮਝੌਤੇ ਤੇ ਇਸ ਦਾ ਪੰਜਾਬ ਨੂੰ ਲਾਭ ਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਸਾਂਝੀਆਂ ਤਰਜੀਹਾਂ 'ਤੇ ਵਿਚਾਰ-ਵਟਾਂਦਰਾ ਹੋਇਆ। ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਇਸ ਮੌਕੇ ਤੇਜਾ ਸਿੰਘ ਸਮੁੰਦਰੀ ਦੀਆਂ ਪੰਥਕ ਸੇਵਾਵਾਂ ਨੂੰ ਵੀ ਯਾਦ ਕੀਤਾ ਗਿਆ।

# ਸ਼ਾਂਤੀ ਵਾਰਤਾ ਲਈ ਉਪ-ਰਾਸ਼ਟਰਪਤੀ ਵੈਂਸ ਦੀ ਪਾਕਿ ਯਾਤਰਾ ਰੱਦ



ਵਾਸ਼ਿੰਗਟਨ : ਅਮਰੀਕਾ ਅਤੇ ਈਰਾਨ ਵਿਚਾਲੇ ਜਾਰੀ ਯੁੱਧ ਨੂੰ ਲੈ ਕੇ ਹਾਲਾਤ ਬੇਹੱਦ ਤਣਾਅਪੂਰਨ ਬਣੇ ਹੋਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਈਰਾਨ ਵਿਚ ਸੱਤਾ ਬਦਲ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇਕਰ ਤਹਿਰਾਨ ਬੁੱਧਵਾਰ ਨੂੰ ਖ਼ਤਮ ਹੋ ਰਹੇ 2 ਹਫ਼ਤਿਆਂ ਦੇ ਜੰਗਬੰਦੀ (ਸੀਜ਼ਫਾਇਰ) ਤੋਂ ਪਹਿਲਾਂ ਅਮਰੀਕਾ ਨਾਲ ਕਿਸੇ ਸਮਝੌਤੇ 'ਤੇ ਸਹਿਮਤ ਨਹੀਂ ਹੁੰਦਾ ਹੈ, ਤਾਂ ਉਹ ਈਰਾਨ 'ਤੇ ਬੰਬਾਰੀ ਸ਼ੁਰੂ ਕਰ ਦੇਣਗੇ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਮਰੀਕਾ ਹਫ਼ਤਿਆਂ ਤੋਂ ਜਾਰੀ ਯੁੱਧ ਨੂੰ ਖ਼ਤਮ ਕਰਨ ਲਈ ਈਰਾਨ ਨਾਲ ਇਕ ਸ਼ਾਨਦਾਰ ਸਮਝੌਤਾ ਕਰੇਗਾ, ਈਰਾਨ ਕੋਲ ਕੋਈ ਦੂਜਾ ਬਦਲ ਨਹੀਂ ਹੈ।
ਦੂਜੇ ਪਾਸੇ ਸ਼ਾਂਤੀ ਵਾਰਤਾ ਲਈ ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਦੀ ਇਸਲਾਮਾਬਾਦ ਯਾਤਰਾ ਮੁਲਤਵੀ ਕਰ ਦਿੱਤੀ ਗਈ ਹੈ। ਈਰਾਨ ਨੇ ਵੀ ਇਸਲਾਮਾਬਾਦ ਗੱਲਬਾਤ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।
ਉਧਰ ਲਿਬਨਾਨ 'ਚ ਹਿਜ਼ਬੁੱਲਾ ਨੇ ਇਜ਼ਰਾਈਲੀ ਸੈਨਿਕਾਂ 'ਤੇ ਰਾਕੇਟ ਦਾਗੇ, ਜਦਕਿ ਯਮਨ ਦੇ ਹੂਤੀ ਨੇਤਾ ਨੇ ਸਾਫ਼ ਕਿਹਾ ਹੈ ਕਿ ਸੀਜ਼ਫਾਇਰ ਸਿਰਫ਼ ਆਰਜ਼ੀ ਹੈ ਅਤੇ ਅੱਗੇ ਲੜਾਈ ਜਾਰੀ ਰਹੇਗੀ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਸਟਰੇਟ ਆਫ ਹੋਰਮੁਜ਼ ਦੇ ਆਲੇ-ਦੁਆਲੇ ਅਮਰੀਕੀ ਸਮੁੰਦਰੀ ਫੌਜ ਦੀ ਨਾਕਾਬੰਦੀ ਨੂੰ ਲੈ ਕੇ ਕਿਹਾ– ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਯੁੱਧਬੰਦੀ ਦੀ ਉਲੰਘਣਾ ਹੈ।

# ਪਾਕਿਸਤਾਨ ਦੀ ਅਪੀਲ 'ਤੇ ਅਮਰੀਕਾ ਨੇ ਇਰਾਨ ਨਾਲ ਜੰਗਬੰਦੀ ਅਣਮਿੱਥੇ ਸਮੇਂ ਲਈ ਵਧਾਈ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਚੋਲਗੀ ਕਰ ਰਹੇ ਪਾਕਿਸਤਾਨ ਦੀ ਅਪੀਲ ਨੂੰ ਮੰਨਦੇ ਹੋਏ ਇਰਾਨ ਨਾਲ ਜੰਗਬੰਦੀ ਦੀ ਮਿਆਦ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਸ ਫੈਸਲੇ ਦਾ ਮਕਸਦ ਇਰਾਨ ਦੀ ਵੰਡੀ ਹੋਈ ਲੀਡਰਸ਼ਿਪ ਨੂੰ ਕੁਝ ਹੋਰ ਸਮਾਂ ਦੇਣਾ ਹੈ, ਤਾਂ ਜੋ ਉਹ ਪਿਛਲੇ ਸੱਤ ਹਫ਼ਤਿਆਂ ਤੋਂ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਇੱਕ ਸਾਂਝਾ ਅਤੇ ਇਕਜੁੱਟ ਸ਼ਾਂਤੀ ਪ੍ਰਸਤਾਵ ਤਿਆਰ ਕਰ ਸਕਣ।
ਇਹ ਨਾਟਕੀ ਐਲਾਨ 8 ਅਪਰੈਲ ਨੂੰ ਸ਼ੁਰੂ ਹੋਈ ਦੋ ਹਫ਼ਤਿਆਂ ਦੀ ਜੰਗਬੰਦੀ ਦੇ ਖ਼ਤਮ ਹੋਣ ਤੋਂ ਮਹਿਜ਼ ਕੁਝ ਘੰਟੇ ਪਹਿਲਾਂ ਸਾਹਮਣੇ ਆਇਆ ਹੈ। ਇਸ ਫੈਸਲੇ ਦੇ ਮੱਦੇਨਜ਼ਰ ਉਪ ਰਾਸ਼ਟਰਪਤੀ ਜੇ ਡੀ ਵੈਂਸ ਦੀ ਅਗਵਾਈ ਹੇਠਲੇ ਅਮਰੀਕੀ ਵਫ਼ਦ ਦੀ ਇਸਲਾਮਾਬਾਦ ਫੇਰੀ ਹੁਣ ਰੁਕ ਗਈ ਹੈ, ਜਿੱਥੇ ਉਨ੍ਹਾਂ ਨੇ ਇਰਾਨੀ ਨੁਮਾਇੰਦਿਆਂ ਨਾਲ ਸ਼ਾਂਤੀ ਵਾਰਤਾ ਕਰਨੀ ਸੀ।
ਹਾਲਾਂਕਿ, ਟਰੰਪ ਨੇ ਸਪਸ਼ਟ ਕੀਤਾ ਕਿ ਅਮਰੀਕਾ ਇਰਾਨ 'ਤੇ ਹਮਲਾ ਕਰਨ ਤੋਂ ਸਿਰਫ਼ ਉਦੋਂ ਤੱਕ ਗੁਰੇਜ਼ ਕਰੇਗਾ ਜਦੋਂ ਤੱਕ ਉਸ ਦੀ ਲੀਡਰਸ਼ਿਪ ਗੱਲਬਾਤ ਲਈ ਇੱਕ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਇਰਾਨ ਦੀਆਂ ਬੰਦਰਗਾਹਾਂ ਦੀ ਆਰਥਿਕ ਘੇਰਾਬੰਦੀ ਬਰਕਰਾਰ ਰਹੇਗੀ।
ਵੈਂਸ ਅਤੇ ਅਮਰੀਕੀ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਜੇਰੇਡ ਕੁਸ਼ਨਰ ਮੰਗਲਵਾਰ ਨੂੰ ਪਾਕਿਸਤਾਨ ਦੇ ਦੌਰੇ ਉੱਤੇ ਜਾਣ ਵਾਲੇ ਸਨ, ਪਰ ਵ੍ਹਾਈਟ ਹਾਊਸ ਨੇ ਕਿਹਾ ਕਿ ਵਫ਼ਦ ਦੀ ਪਾਕਿਸਤਾਨ ਯਾਤਰਾ ਅੱਜ (ਮੰਗਲਵਾਰ) ਨਹੀਂ ਹੋ ਰਹੀ ਹੈ। ਟਰੰਪ ਨੇ ਮੰਗਲਵਾਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ, 'ਇਰਾਨ ਦੀ ਸਰਕਾਰ ਬੁਰੀ ਤਰ੍ਹਾਂ ਖਿੰਡੀ ਹੋਈ ਹੈ, ਜਿਸ ਦੀ ਪਹਿਲਾਂ ਹੀ ਉਮੀਦ ਸੀ। ਹੁਣ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਬੇਨਤੀ 'ਤੇ, ਸਾਨੂੰ ਇਰਾਨ 'ਤੇ ਹੋਣ ਵਾਲਾ ਹਮਲਾ ਉਦੋਂ ਤੱਕ ਰੋਕਣ ਲਈ ਕਿਹਾ ਗਿਆ ਹੈ, ਜਦੋਂ ਤੱਕ ਉਨ੍ਹਾਂ ਦੇ ਆਗੂ ਅਤੇ ਪ੍ਰਤੀਨਿਧੀ ਕੋਈ ਸਾਂਝਾ ਪ੍ਰਸਤਾਵ ਪੇਸ਼ ਨਹੀਂ ਕਰਦੇ।'
ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਇਸ ਲਈ ਫੌਜ ਨੂੰ ਘੇਰਾਬੰਦੀ ਜਾਰੀ ਰੱਖਣ ਅਤੇ ਹੋਰ ਸਾਰੇ ਮਾਮਲਿਆਂ ਵਿੱਚ ਤਿਆਰ ਤੇ ਸਮਰੱਥ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਜੰਗਬੰਦੀ ਨੂੰ ਉਦੋਂ ਤੱਕ ਵਧਾਵਾਂਗੇ ਜਦੋਂ ਤੱਕ ਇਰਾਨ ਵੱਲੋਂ ਪ੍ਰਸਤਾਵ ਪੇਸ਼ ਨਹੀਂ ਕੀਤਾ ਜਾਂਦਾ ਅਤੇ ਗੱਲਬਾਤ ਕਿਸੇ ਅੰਤਿਮ ਨਤੀਜੇ 'ਤੇ ਨਹੀਂ ਪਹੁੰਚ ਜਾਂਦੀ।" ਦੂਜੇ ਪਾਸੇ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇਰਾਨ ਨਾਲ ਜੰਗਬੰਦੀ ਵਧਾਉਣ ਲਈ ਟਰੰਪ ਦਾ ਧੰਨਵਾਦ ਕੀਤਾ । ਉਨ੍ਹਾਂ ਨੇ ਉਮੀਦ ਜਤਾਈ ਕਿ ਦੋਵੇਂ ਪੱਖ ਇਸ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡਾ ਅਤੇ ਮੁਕੰਮਲ ਸ਼ਾਂਤੀ ਸਮਝੌਤਾ ਕਰਨ ਵਿੱਚ ਕਾਮਯਾਬ ਹੋਣਗੇ।

# ਟਰੰਪ ਨੇ ਸੰਧੂ ਨੂੰ ਦਿੱਲੀ ਦੇ ਉਪ ਰਾਜਪਾਲ ਵਜੋਂ ਨਿਯੁਕਤੀ 'ਤੇ ਵਧਾਈ ਦਿੱਤੀ

## ਅਮਰੀਕੀ ਰਾਸ਼ਟਰਪਤੀ ਨੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਸੰਧੂ ਦੀ ਭੂਮਿਕਾ ਦੀ ਕੀਤੀ ਸ਼ਲਾਘਾ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਤਜ਼ਰਬੇਕਾਰ ਡਿਪਲੋਮੈਟ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦੇ ਉਪ ਰਾਜਪਾਲ ਵਜੋਂ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਅਤੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿੱਚ ਟਰੰਪ ਨੇ ਸੰਧੂ ਦੇ ਕੂਟਨੀਤਕ ਤਜਰਬੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਨਵੀਂ ਭੂਮਿਕਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਟਰੰਪ ਨੇ ਲਿਖਿਆ, 'ਤਰਨਜੀਤ ਸੰਧੂ ਨੂੰ ਦਿੱਲੀ ਦੇ ਨਵੇਂ ਉਪ ਰਾਜਪਾਲ ਬਣਨ 'ਤੇ ਵਧਾਈਆਂ! ਇੱਕ ਤਜਰਬੇਕਾਰ ਡਿਪਲੋਮੈਟ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਾਬਕਾ ਰਾਜਦੂਤ ਵਜੋਂ ਉਨ੍ਹਾਂ ਨੇ ਹਮੇਸ਼ਾ ਅਮਰੀਕਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਡੂੰਘੀ ਵਚਨਬੱਧਤਾ ਦਿਖਾਈ ਹੈ। ਮੈਂ ਦਿੱਲੀ ਦੀ ਤਰੱਕੀ ਦੀ ਅਗਵਾਈ ਕਰਨ ਅਤੇ ਵਿਸ਼ਵਵਿਆਪੀ ਸਬੰਧਾਂ ਨੂੰ ਅੱਗੇ ਵਧਾਉਣ ਵਿੱਚ ਉਨ੍ਹਾਂ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ!'
ਇਸ ਦੌਰਾਨ ਦਿੱਲੀ ਦੇ ਐੱਲ ਜੀ ਸੰਧੂ ਨੇ ਅਮਰੀਕੀ ਆਜ਼ਾਦੀ ਦੇ 250 ਸਾਲ ਪੂਰੇ ਹੋਣ ਦੇ ਜਸ਼ਨਾਂ 'ਫਰੀਡਮ250' ਵਿੱਚ ਭਾਰਤ-ਅਮਰੀਕਾ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਬੁੱਧਵਾਰ ਨੂੰ



ਰਾਸ਼ਟਰੀ ਰਾਜਧਾਨੀ ਵਿੱਚ ਸ਼ੁਰੂ ਕੀਤੇ ਗਏ ਸਨ। ਲਾਂਚ ਈਵੈਂਟ ਵਿੱਚ ਸ਼ਾਮਲ ਹੋਏ ਸੰਧੂ ਨੇ ਕਿਹਾ ਕਿ ਇਸ ਰੁਝੇਵੇਂ ਨੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ, ਖਾਸ ਕਰਕੇ ਨਿਵੇਸ਼ ਅਤੇ ਤਕਨਾਲੋਜੀ ਵਿੱਚ ਡੂੰਘਾ ਕਰਨ ਦਾ ਮੌਕਾ ਦਿੱਤਾ ਹੈ।
ਸੰਧੂ ਨੇ X 'ਤੇ ਇੱਕ ਪੋਸਟ ਵਿੱਚ ਕਿਹਾ, 'ਨਵੀਂ ਦਿੱਲੀ ਵਿੱਚ ਫਰੀਡਮ250 ਜਸ਼ਨਾਂ ਦੀ ਸ਼ੁਰੂਆਤ ਮੌਕੇ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੂੰ ਮਿਲ ਕੇ ਖੁਸ਼ੀ ਹੋਈ। ਸਾਡੇ ਵਿਚਕਾਰ ਦਿੱਲੀ ਵਿੱਚ ਅਮਰੀਕੀ ਨਿਵੇਸ਼ ਨੂੰ ਵਧਾਉਣ ਅਤੇ ਭਾਰਤ-ਅਮਰੀਕਾ ਤਕਨਾਲੋਜੀ ਸਹਿਯੋਗ ਦੇ ਵਿਸਤਾਰ ਬਾਰੇ ਸਾਰਥਕ ਗੱਲਬਾਤ ਹੋਈ। ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਸਥਾਈ ਭਾਈਵਾਲੀ ਵਿਸ਼ਵਵਿਆਪੀ ਤਰੱਕੀ ਦਾ ਇੱਕ ਮੁੱਖ ਅਧਾਰ ਬਣੀ ਹੋਈ ਹੈ। ਮੈਂ ਹੋਰ ਡੂੰਘੇ ਸਹਿਯੋਗ ਦੀ ਉਮੀਦ ਕਰਦਾ ਹਾਂ ਜੋ ਸਾਡੀ ਰਾਸ਼ਟਰੀ ਰਾਜਧਾਨੀ ਦੇ ਨਿਵਾਸੀਆਂ ਲਈ ਠੋਸ ਲਾਭ ਲੈ ਕੇ ਆਵੇਗਾ।'
ਤਰਨਜੀਤ ਪ੍ਰਮੁੱਖ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ। 11 ਮਾਰਚ ਨੂੰ ਸੰਧੂ ਨੇ ਦਿੱਲੀ ਹਾਈ ਕੋਰਟ ਦੇ ਮੁੱਖ ਜੱਜ ਦੇਵੇਂਦਰ ਕੁਮਾਰ ਉਪਾਧਿਆਏ ਦੀ ਹਾਜ਼ਰੀ ਵਿੱਚ ਅਹੁਦੇ ਦੀ ਸਹੁੰ ਚੁੱਕੀ ਸੀ। ਸਹੁੰ ਚੁੱਕ ਸਮਾਗਮ ਵਿੱਚ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੀ ਮੌਜੂਦ ਸਨ। ਤਰਨਜੀਤ ਸੰਧੂ ਦੇਸ਼ ਭਰ ਵਿੱਚ ਰਾਜਪਾਲਾਂ ਅਤੇ ਉਪ ਰਾਜਪਾਲਾਂ ਦੇ ਵੱਡੇ ਪ੍ਰਸ਼ਾਸਨਿਕ ਫੇਰਬਦਲ ਦਾ ਹਿੱਸਾ ਹਨ। ਇਸ ਫੇਰਬਦਲ ਵਿੱਚ, ਤਰਨਜੀਤ ਸਿੰਘ ਸੰਧੂ ਨੇ ਵੀ ਕੇ ਸਕਸੈਨਾ ਦੀ ਜਗ੍ਹਾ ਲਈ ਹੈ, ਜਿਨ੍ਹਾਂ ਨੂੰ ਹੁਣ ਲੱਦਾਖ ਦਾ ਐੱਲ ਜੀ ਨਿਯੁਕਤ ਕੀਤਾ ਗਿਆ ਹੈ। ਉਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਵੀ ਸਨ।

# ਟਰੰਪ ਨੇ 8 ਈਰਾਨੀ ਔਰਤਾਂ ਦੀ ਰਿਹਾਈ ਦੀ ਕੀਤੀ ਅਪੀਲ ! ਵਿਰੋਧ ਪ੍ਰਦਰਸ਼ਨਾਂ 'ਚ ਲਿਆ ਸੀ ਹਿੱਸਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਨਵਰੀ 2026 ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਲਈ ਈਰਾਨ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀਆਂ ਅੱਠ ਔਰਤਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਨਾਲ ਹੀ ਕਿਹਾ ਕਿ ਉਨ੍ਹਾਂ ਦੀ ਰਿਹਾਈ ਸ਼ਾਂਤੀ ਵਾਰਤਾ ਲਈ ਇੱਕ 'ਸ਼ਾਨਦਾਰ ਸ਼ੁਰੂਆਤ' ਹੋਵੇਗੀ।
ਟਰੰਪ ਦੀ ਇਹ ਅਪੀਲ ਈਰਾਨ ਨਾਲ ਇੱਕਪਾਸੜ ਜੰਗਬੰਦੀ ਨੂੰ ਵਧਾਉਣ ਦੇ ਐਲਾਨ ਤੋਂ ਇੱਕ ਦਿਨ ਪਹਿਲਾਂ ਆਈ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਕਿਹਾ, 'ਮੈਂ ਇਨ੍ਹਾਂ ਔਰਤਾਂ ਦੀ ਰਿਹਾਈ ਦੀ ਬਹੁਤ ਪ੍ਰਸ਼ੰਸਾ ਕਰਾਂਗਾ। ਕਿਰਪਾ ਕਰਕੇ ਉਨ੍ਹਾਂ ਨੂੰ ਨੁਕਸਾਨ ਨਾ ਪਹੁੰਚਾਓ! ਇਹ ਸਾਡੀ ਗੱਲਬਾਤ ਲਈ ਇੱਕ ਵਧੀਆ ਸ਼ੁਰੂਆਤ ਹੋਵੇਗੀ।'
ਟਰੰਪ ਨੇ ਮੌਤ ਦੀ ਸਜ਼ਾ ਸੁਣਾਈ ਗਈ ਅੱਠ ਔਰਤਾਂ ਦੀਆਂ ਫੋਟੋਆਂ ਦਾ ਸਕ੍ਰੀਨਸ਼ਾਟ ਸਾਂਝਾ ਕੀਤਾ। ਹਾਲਾਂਕਿ, ਉਨ੍ਹਾਂ ਦੇ ਨਾਮ ਅਤੇ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਅਜਿਹੀਆਂ ਰਿਪੋਰਟਾਂ ਹਨ ਕਿ ਇਨ੍ਹਾਂ ਔਰਤਾਂ ਨੂੰ ਜਨਵਰੀ 2026 ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਜਾਂ ਚੱਲ ਰਹੇ ਸੰਘਰਸ਼ ਦੌਰਾਨ ਦੁਸ਼ਮਣ



ਦੀ ਮਦਦ ਕਰਨ ਦੇ ਸ਼ੱਕ ਵਿੱਚ ਫਾਂਸੀ ਦੀ ਸਜ਼ਾ ਦਿੱਤੀ ਜਾ ਰਹੀ ਹੈ। ਈਰਾਨੀ ਅਧਿਕਾਰੀਆਂ ਨੇ ਇਨ੍ਹਾਂ ਅੱਠ ਔਰਤਾਂ ਲਈ ਵਿਸ਼ੇਸ਼ ਫਾਂਸੀ ਦੀਆਂ ਯੋਜਨਾਵਾਂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਹੈ।
ਇੱਕ ਸੰਬੰਧਿਤ ਘਟਨਾਕ੍ਰਮ ਵਿੱਚ ਈਰਾਨੀ ਨਿਆਂਪਾਲਿਕਾ ਦੇ ਅਧਿਕਾਰਤ ਮੀਡੀਆ ਆਉਟਲੈਟ, ਮਿਜ਼ਾਨ ਨਿਊਜ਼ ਨੇ ਬੁੱਧਵਾਰ ਨੂੰ ਦੱਸਿਆ ਕਿ ਈਰਾਨ ਦੀ ਸਿਵਲ ਸੁਰੱਖਿਆ ਅਥਾਰਟੀ ਦੇ ਇੱਕ ਸੀਨੀਅਰ ਅਧਿਕਾਰੀ ਨੂੰ ਇਜ਼ਰਾਈਲ ਦੀ ਖੁਫੀਆ ਏਜੰਸੀ, ਮੋਸਾਦ ਲਈ ਜਾਸੂਸੀ ਕਰਨ ਦੇ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਫਾਂਸੀ ਦੇ ਦਿੱਤੀ ਗਈ ਹੈ। ਮਿਜ਼ਾਨ ਅਨੁਸਾਰ ਮਹਿਦੀ ਫਰੀਦ ਨੂੰ ਫਾਂਸੀ ਈਰਾਨ ਦੀ ਸੁਪਰੀਮ ਕੋਰਟ ਵੱਲੋਂ ਉਸਦੀ ਸਜ਼ਾ ਨੂੰ ਬਰਕਰਾਰ ਰੱਖਣ ਤੋਂ ਬਾਅਦ ਦਿੱਤੀ ਗਈ ਸੀ। ਅਧਿਕਾਰੀ ਨੇ ਇਜ਼ਰਾਈਲੀ ਖੁਫੀਆ ਵਿਭਾਗ ਨੂੰ ਸੰਵੇਦਨਸ਼ੀਲ ਰੱਖਿਆ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਦਾ ਇਕਬਾਲ ਕੀਤਾ ਸੀ। ਇਸੇ ਤਰ੍ਹਾਂ ਮੁਹੰਮਦ ਮਾਸੂਮ ਸ਼ਾਹੀ (38) ਅਤੇ ਹਾਮਿਦ ਵਲੀਦੀ (45) ਨੂੰ ਸੋਮਵਾਰ ਸਵੇਰੇ ਤਹਿਰਾਨ ਦੇ ਬਾਹਰ ਇੱਕ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ। ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਨਾਲ 19 ਮਾਰਚ ਤੋਂ ਬਾਅਦ ਘੱਟੋ-ਘੱਟ 15 ਰਾਜਨੀਤਿਕ ਕੈਦੀਆਂ ਨੂੰ ਫਾਂਸੀ ਦਿੱਤੀ ਗਈ ਹੈ।

# ਗੱਲਬਾਤ ਸਿਰੇ ਨਾ ਚੜ੍ਹਨ 'ਤੇ ਇਰਾਨ ਵਿਰੁੱਧ ਬੰਬਾਰੀ ਮੁੜ ਹੋਵੇਗੀ ਸ਼ੁਰੂ: ਟਰੰਪ

## ਅਮਰੀਕੀ ਰਾਸ਼ਟਰਪਤੀ ਵੱਲੋਂ ਜੰਗਬੰਦੀ ਦੀ ਮਿਆਦ ਵਧਾਉਣ ਤੋਂ ਇਨਕਾਰ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇਕਰ ਇਰਾਨ ਨਾਲ ਹੋਣ ਵਾਲੀ ਗੱਲਬਾਤ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲਦਾ, ਤਾਂ ਉਹ ਬੰਬਾਰੀ ਮੁੜ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਇੱਕ ਟੀਵੀ ਇੰਟਰਵਿਊ ਦੌਰਾਨ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਇਸਲਾਮਾਬਾਦ ਵਿੱਚ ਹੋਣ ਵਾਲੀ ਗੱਲਬਾਤ ਵਿੱਚ ਪ੍ਰਗਤੀ ਨਾ ਹੋਣ 'ਤੇ ਉਹ ਮੁੜ ਹਮਲੇ ਸ਼ੁਰੂ ਕਰਨਗੇ ਤਾਂ ਟਰੰਪ ਨੇ ਕਿਹਾ, 'ਮੈਂ ਬੰਬਾਰੀ ਸ਼ੁਰੂ ਹੋਣ ਦੀ ਉਮੀਦ ਕਰ ਰਿਹਾ ਹਾਂ ਕਿਉਂਕਿ ਮੇਰੇ ਮੁਤਾਬਕ ਗੱਲਬਾਤ ਲਈ ਇਹ ਇੱਕ ਬਿਹਤਰ ਨਜ਼ਰੀਆ ਹੈ। ਸਾਡੀ ਫੌਜ ਕਾਰਵਾਈ ਕਰਨ ਲਈ ਬਹੁਤ ਉਤਸ਼ਾਹਿਤ ਅਤੇ ਤਿਆਰ ਹੈ।'
ਟਰੰਪ ਨੇ ਜੰਗਬੰਦੀ ਦੀ ਮਿਆਦ ਵਧਾਉਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ, 'ਮੈਂ ਜੰਗਬੰਦੀ ਨੂੰ ਹੋਰ ਅੱਗੇ ਨਹੀਂ ਵਧਾਉਣਾ ਚਾਹੁੰਦਾ ਕਿਉਂਕਿ ਸਾਡੇ ਕੋਲ ਇੰਨਾ ਸਮਾਂ ਨਹੀਂ ਹੈ। ਇਰਾਨ ਕੋਲ ਹੁਣ ਮੌਕਾ ਹੈ ਅਤੇ ਉਨ੍ਹਾਂ ਨੂੰ ਗੱਲਬਾਤ ਕਰਨੀ ਹੀ ਪਵੇਗੀ।' ਹਾਲਾਂਕਿ, ਜੰਗਬੰਦੀ ਦੇ ਖ਼ਤਮ ਹੋਣ ਦੇ ਸਮੇਂ ਨੂੰ ਲੈ ਕੇ ਅਜੇ ਵੀ ਭੰਬਲਭੂਸਾ ਬਣਿਆ ਹੋਇਆ ਹੈ। ਪਹਿਲਾਂ ਇਸ ਦੀ ਮਿਆਦ ਮੰਗਲਵਾਰ ਰਾਤ ਤੱਕ ਦੱਸੀ ਗਈ ਸੀ ਪਰ ਹੁਣ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਇਹ ਬੁੱਧਵਾਰ ਰਾਤ ਨੂੰ ਖ਼ਤਮ ਹੋਵੇਗੀ।
ਇਹ ਸਥਿਤੀ ਲੈਬਨਾਨ ਅਤੇ ਪੂਰੇ ਖੇਤਰ ਵਿੱਚ ਤਣਾਅ ਵਧਾ ਸਕਦੀ ਹੈ, ਜਿੱਥੇ ਪੁਲੀਸ ਅਤੇ ਸੁਰੱਖਿਆ ਬਲ ਪਹਿਲਾਂ ਹੀ ਹਾਈ ਅਲਰਟ 'ਤੇ ਹਨ। ਕੌਮਾਂਤਰੀ ਭਾਈਚਾਰਾ ਹੁਣ ਇਸਲਾਮਾਬਾਦ ਵੱਲ ਦੇਖ ਰਿਹਾ ਹੈ ਕਿ ਕੀ ਇਹ ਚਿਤਾਵਨੀ ਜੰਗ ਵਿੱਚ ਬਦਲਦੀ ਹੈ ਜਾਂ ਗੱਲਬਾਤ ਰਾਹੀਂ ਕੋਈ ਹੱਲ ਨਿਕਲਦਾ ਹੈ।

# ਸਿਰਫ 36 ਫ਼ੀਸਦ ਅਮਰੀਕੀ ਟਰੰਪ ਦੇ ਕੰਮਕਾਜ ਤੋਂ ਸੰਤੁਸ਼ਟ

ਵਾਸ਼ਿੰਗਟਨ : ਰਾਸ਼ਟਰਪਤੀ ਡੌਨਲਡ ਟਰੰਪ ਦੇ ਫ਼ੈਸਲਿਆਂ ਦੀ ਪ੍ਰਵਾਨਗੀ ਦਰ ਉਨ੍ਹਾਂ ਦੇ ਮੌਜੂਦਾ ਕਾਰਜਕਾਲ ਦੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਰਾਇਟਰਜ਼/ਇਪਸੋਸ ਵੱਲੋਂ ਕਰਵਾਏ ਤਾਜ਼ਾ ਸਰਵੇਖਣ ਅਨੁਸਾਰ ਸਿਰਫ 36 ਫ਼ੀਸਦੀ ਅਮਰੀਕੀ ਹੀ ਟਰੰਪ ਦੇ ਕੰਮਕਾਜ ਤੋਂ ਸੰਤੁਸ਼ਟ ਹਨ। ਇਰਾਨ ਨਾਲ ਚੱਲ ਰਹੀ ਜੰਗ ਅਤੇ ਪੋਪ ਲਿਓ ਨਾਲ ਪੈਦਾ ਹੋਏ ਵਿਵਾਦ ਕਾਰਨ ਅਮਰੀਕੀ ਨਾਗਰਿਕ ਰਾਸ਼ਟਰਪਤੀ ਦੇ ਵਤੀਰੇ ’ਤੇ ਲਗਾਤਾਰ ਸਵਾਲ ਚੁੱਕ ਰਹੇ ਹਨ। ਜ਼ਿਕਰਯੋਗ ਹੈ ਕਿ ਜਨਵਰੀ 2025 ਵਿੱਚ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਉਨ੍ਹਾਂ ਦੇ ਕੰਮਕਾਜ ਦੀ ਪ੍ਰਵਾਨਗੀ ਦਰ 47 ਫ਼ੀਸਦੀ ਸੀ, ਜੋ ਹੁਣ ਤੇਜ਼ੀ ਨਾਲ ਘਟੀ ਹੈ। ਇਹ ਸਰਵੇਖਣ ਦੇਸ਼ ਭਰ ਦੇ 4,557 ਬਾਲਗਾਂ ਦੀ ਰਾਏ ’ਤੇ ਆਧਾਰਿਤ ਹੈ। ਇਰਾਨ ਖ਼ ?ਲਾਫ਼ ਵਿੱਢੀ ਜੰਗ ਕਾਰਨ ਅਮਰੀਕਾ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਅਸਮਾਨੀਂ ਪੁੱਜ ਗਈਆਂ ਹਨ, ਜਿਸ ਨੇ ਟਰੰਪ ਪ੍ਰਸ਼ਾਸਨ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸਰਵੇਖਣ ਮੁਤਾਬਕ ਸਿਰਫ਼ 26 ਫ਼ੀਸਦੀ ਲੋਕ ਹੀ ਮਹਿੰਗਾਈ ਨਾਲ ਨਜਿੱਠਣ ਲਈ ਚੁੱਕੇ ਕਦਮਾਂ ਤੋਂ ਖ਼ੁਸ਼ ਹਨ। ਇਸੇ ਤਰ੍ਹਾਂ ਸਿਰਫ਼ 36 ਫ਼ੀਸਦੀ ਅਮਰੀਕੀ ਇਰਾਨ ਵਿਰੁੱਧ ਫ਼ੌਜੀ ਕਾਰਵਾਈ ਦੇ ਪੱਖ ਵਿੱਚ ਹਨ। ਜ਼ਿਆਦਾਤਰ ਨਾਗਰਿਕ ਇਸ ਫ਼ੌਜੀ ਕਾਰਵਾਈ ਨੂੰ ਆਰਥਿਕ ਪੱਖੋਂ ਨੁਕਸਾਨਦੇਹ ਮੰਨ ਰਹੇ ਹਨ। 79 ਸਾਲਾ ਰਾਸ਼ਟਰਪਤੀ ਦੇ ਗੁੱਸੇ ਵਾਲੇ ਸੁਭਾਅ ਅਤੇ ਮਾਨਸਿਕ ਸਥਿਤੀ ਬਾਰੇ ਵੀ ਗੰਭੀਰ ਚਿੰਤਾਵਾਂ ਜਤਾਈਆਂ ਗਈਆਂ ਹਨ। ਤਕਰੀਬਨ 51 ਫ਼ੀਸਦੀ ਅਮਰੀਕੀਆਂ ਦਾ ਮੰਨਣਾ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਟਰੰਪ ਦੀ ਮਾਨਸਿਕ ਚੁਸਤੀ ਘਟੀ ਹੈ। ਸਿਰਫ 26 ਫ਼ੀਸਦੀ ਲੋਕ ਹੀ ਉਨ੍ਹਾਂ ਨੂੰ ਸ਼ਾਂਤ ਸੁਭਾਅ ਵਾਲਾ ਆਗੂ ਮੰਨਦੇ ਹਨ। ਉਨ੍ਹਾਂ ਦੇ ਰਿਪਬਲਿਕਨ ਸਮਰਥਕ ਵੀ ਇਸ ਮੁੱਦੇ ’ਤੇ ਵੰਡੇ ਹੋਏ ਹਨ। ਟਰੰਪ ਵੱਲੋਂ ਸੋਸ਼ਲ ਮੀਡੀਆ ’ਤੇ ਇਰਾਨ ਦੀ ਸਭਿਅਤਾ ਨੂੰ ਮਿਟਾਉਣ ਦੀਆਂ ਧਮਕੀਆਂ ਅਤੇ ਪੋਪ ਲਿਓ ਖ਼ਿਲਾਫ਼ ਕੀਤੀ ਗਈ ਟਿੱਪਣੀ ਨੇ ਲੋਕਾਂ ਦੇ ਮਨਾਂ ਵਿੱਚ ਮਾੜਾ ਪ੍ਰਭਾਵ ਪਾਇਆ ਹੈ।



**ਸੱਤਾ ਦੀ ਦੁਰਵਰਤੋਂ ਦੇ ਦੋਸ਼ ਹੇਠ ਟਰੰਪ ਕੈਬਨਿਟ ’ਚੋਂ ਇਕ ਹੋਰ ਮੰਤਰੀ ਬਾਹਰ**

ਅਮਰੀਕਾ ਦੀ ਕਿਰਤ ਮੰਤਰੀ ਲੌਰੀ ਸ਼ਾਵੇਜ-ਡੀਰੀਮਰ ਰਾਸ਼ਟਰਪਤੀ ਡੋਨਲਡ ਟਰੰਪ ਦੀ ਕੈਬਨਿਟ ਵਿੱਚੋਂ ਬਾਹਰ ਹੋ ਗਈ ਹੈ। ਵ੍ਹਾਈਟ ਹਾਊਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਉਸ ’ਤੇ ਆਪਣੇ ਤਾਕਤਵਰ ਅਹੁਦੇ ਦੀ ਦੁਰਵਰਤੋਂ ਦੇ ਕਈ ਦੋਸ਼ ਲੱਗੇ ਹਨ। ਵੇਰਵਿਆਂ ਮੁਤਾਬਕ ਲੌਰੀ ਉਤੇ ਆਪਣੇ ਅਧੀਨ ਮੁਲਾਜ਼ਮ ਨਾਲ ਪ੍ਰੇਮ ਸਬੰਧ ਰੱਖਣ ਅਤੇ ਕੰਮਕਾਜ ਦੌਰਾਨ ਸ਼ਰਾਬ ਪੀਣ ਦੇ ਦੋਸ਼ ਹਨ। ਸ਼ਾਵੇਜ-ਡੀਰੀਮਰ ਟਰੰਪ ਕੈਬਨਿਟ ਦੀ ਤੀਜੀ ਅਜਿਹੀ ਮੈਂਬਰ ਹੈ ਜਿਸ ਨੂੰ ਆਪਣਾ ਅਹੁਦਾ ਛੱਡਣਾ ਪਿਆ ਹੈ। ਇਸ ਤੋਂ ਪਹਿਲਾਂ ਟਰੰਪ ਆਪਣੀ ਵਿਵਾਦਾਂ ’ਚ ਘਿਰੀ ਗ੍ਰਹਿ ਸੁਰੱਖਿਆ ਬਾਰੇ ਮੰਤਰੀ ਕ੍ਰਿਸਟੀ ਨੋਇਮ ਨੂੰ ਅਹੁਦੇ ਤੋਂ ਬਰਖ਼ਾਸਤ ਕਰ ਚੁੱਕੇ ਹਨ ਅਤੇ ਇਸ ਮਹੀਨੇ ਦੇ ਸ਼ੁਰੂ ’ਚ ਰਾਸ਼ਟਰਪਤੀ ਨੇ ਅਟਾਰਨੀ ਜਨਰਲ ਪਾਮ ਬੌਂਡੀ ਨੂੰ ਅਹੁਦੇ ਤੋਂ ਲਾਹ ਦਿੱਤਾ ਸੀ; ਹਾਲਾਂਕਿ ਇਨ੍ਹਾਂ ਤੋਂ ਉਲਟ ਸ਼ਾਵੇਜ-ਡੀਰੀਮਰ ਦੇ ਕੈਬਨਿਟ ਵਿਚੋਂ ਬਾਹਰ ਹੋਣ ਦਾ ਐਲਾਨ ਵ੍ਹਾਈਟ ਹਾਊਸ ਨੇ ਕੀਤਾ ਹੈ ਜਦਕਿ ਕ੍ਰਿਸਟੀ ਤੇ ਬੌਂਡੀ ਬਾਰੇ ਜਾਣਕਾਰੀ ਰਾਸ਼ਟਰਪਤੀ ਨੇ ਖ਼ੁਦ ਆਪਣੇ ਸੋਸ਼ਲ ਮੀਡੀਆ ਉਤੇ ਦਿੱਤੀ ਸੀ।

# ਵਿਸਾਲੀਆ ਸੀਨੀਅਰ ਗੇਮਜ਼ 2026 ’ਚ ਪੰਜਾਬੀ ਖਿਡਾਰੀਆਂ ਦਾ ਦਬਦਬਾ, ਕੁੱਲ 30 ਤਗਮੇ ਜਿੱਤੇ




ਫਰਿਜਨੋ (ਕੈਲੇਫੋਰਨੀਆ) (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ) : ਫਰਿਜਨੋ ਵੱਸਦੇ ਪੰਜਾਬੀ ਸੀਨੀਅਰ ਖਿਡਾਰੀ ਅਕਸਰ ਸੀਨੀਅਰ ਖੇਡਾਂ ਵਿੱਚ ਹਿੱਸਾ ਲੈ ਕੇ ਪੰਜਾਬੀਅਤ ਦਾ ਨਾਮ ਚਮਕਾਉਂਦੇ ਰਹਿੰਦੇ ਹਨ। ਇਸੇ ਕੜੀ ਤਹਿਤ ਫਰਿਜਨੋ ਦੇ ਲਾਗਲੇ ਸ਼ਹਿਰ ਵਾਈਸਾਲੀਆ ਵਿਖੇ ਵਾਈਸਾਲੀਆ ਸੀਨੀਅਰ ਖੇਡਾਂ 2026 ਸਥਾਨਕ ਮਾਊਂਟ ਵਿਟਨੀ ਹਾਈ ਸਕੂਲ ਦੇ ਸਟੇਡੀਅਮ ਵਿਖੇ ਕਰਵਾਈਆਂ ਗਈਆਂ। ਇਹ ਮੁਕਾਬਲੇ City of Visalia Parks and Recreation ਵੱਲੋਂ ਆਯੋਜਿਤ ਕੀਤੇ ਗਏ।

ਸੈਂਟਰਲ ਵੈਲੀ ਦੇ ਸ਼ਹਿਰ ਮੈਨਟੀਕਾ ਅਤੇ ਫਰਿਜਨੋ ਇਲਾਕੇ ਤੋਂ ਗਏ 12 ਮੈਂਬਰੀ ਪੰਜਾਬੀ ਸੀਨੀਅਰ ਐਥਲੀਟ ਟੀਮ ਨੇ ਆਪਣੇ-ਆਪਣੇ ਉਮਰ ਵਰਗਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 30 ਤਗਮੇ ਜਿੱਤੇ। ਟੀਮ ਨੇ 12 ਸੋਨੇ, 7 ਚਾਂਦੀ ਅਤੇ 11 ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ। ਇਸ ਮੁਕਾਬਲੇ ਵਿੱਚ ਕੈਲੀਫੋਰਨੀਆ ਤੋਂ ਕਰੀਬ 60 ਮਰਦ ਅਤੇ ਮਹਿਲਾ ਖਿਡਾਰੀਆਂ ਨੇ ਭਾਗ ਲਿਆ।

ਪ੍ਰਮੁੱਖ ਨਤੀਜੇ:

ਗੁਰਬਖ਼ਸ਼ ਸਿੱਧੂ - ਸ਼ਾਟਪੁੱਟ ਅਤੇ ਡਿਸਕਸ ਥ੍ਰੋ ਵਿੱਚ 2 ਸੋਨੇ, ਸੁਖਨੈਨ ਸਿੰਘ - ਲਾਂਗ ਜੰਪ ਵਿੱਚ ਕਾਂਸੀ, ਟ੍ਰਿਪਲ ਜੰਪ ਵਿੱਚ ਚਾਂਦੀ, ਕਮਲਜੀਤ ਸਿੰਘ ਬੇਨੀਪਾਲ - 400 ਮੀਟਰ ਅਤੇ 800 ਮੀਟਰ ਵਿੱਚ ਕਾਂਸੀ, ਸੁਖਦੇਵ ਸਿੰਘ ਸਿੱਧੂ - ਸ਼ਾਟਪੁੱਟ ਵਿੱਚ ਚਾਂਦੀ, ਡਿਸਕਸ ਵਿੱਚ ਕਾਂਸੀ, ਹਰਬੀਰ ਸਿੰਘ ਅਥਵਾਲ - ਸ਼ਾਟਪੁੱਟ, ਡਿਸਕਸ ਅਤੇ ਹਾਈ ਜੰਪ ਵਿੱਚ 3 ਸੋਨੇ, ਚਰਨ ਸਿੰਘ ਗਿੱਲ - ਸ਼ਾਟਪੁੱਟ ਅਤੇ ਡਿਸਕਸ ਵਿੱਚ 2 ਚਾਂਦੀ, ਅਮਰੀਕ ਸਿੰਘ ਟੂੰਬਰ - 100 ਮੀਟਰ ਵਿੱਚ ਕਾਂਸੀ, ਰਾਜ ਬਰਾੜ - ਸ਼ਾਟਪੁੱਟ ਅਤੇ ਡਿਸਕਸ ਵਿੱਚ 2 ਸੋਨੇ, ਸਾਹਿਬ ਸਿੰਘ ਮੱਲ੍ਹੀ - 1600 ਮੀਟਰ ਰੇਸ ਵਾਕ ਵਿੱਚ ਚਾਂਦੀ, ਰੂਬੀ ਧਾਲੀਵਾਲ - ਹਾਈ ਜੰਪ, ਸ਼ਾਟਪੁੱਟ ਅਤੇ ਡਿਸਕਸ ਵਿੱਚ 3 ਸੋਨੇ, ਬੇਅੰਤ ਸੰਧੂ - 100 ਮੀਟਰ, 200 ਮੀਟਰ, ਸ਼ਾਟਪੁੱਟ ਅਤੇ ਡਿਸਕਸ ਵਿੱਚ 4 ਕਾਂਸੀ, ਦਰਸ਼ਨ ਸਿੰਘ (ਮੰਟੇਕਾ) - 400 ਮੀਟਰ ਅਤੇ 800 ਮੀਟਰ ਵਿੱਚ ਚਾਂਦੀ, 1600 ਮੀਟਰ ਵਿੱਚ ਸੋਨਾ।

**ਰੀਲੇਅ ਦੌੜ ਵਿੱਚ ਵੀ ਜਿੱਤ :** ਦਿਨ ਦੇ ਆਖ਼ਰੀ ਮੁਕਾਬਲੇ 4x100 ਮੀਟਰ ਰੀਲੇ ਦੌੜ ਵਿੱਚ ਕਮਲਜੀਤ ਸਿੰਘ ਬੇਨੀਪਾਲ, ਰੂਬੀ ਧਾਲੀਵਾਲ, ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਤੂੰਮਰ ਦੀ ਟੀਮ ਨੇ ਸੋਨੇ ਦਾ ਤਗਮਾ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ। ਪੰਜਾਬੀ ਖਿਡਾਰੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ’ਤੇ ਸਾਰੇ ਭਾਈਚਾਰੇ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104


Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 32ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ

## ਜੈਕਾਰਿਆਂ ਦੀ ਗੂੰਜ ਨਾਲ ਹੋਈ ਸੁਰੂਆਤ

ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 32 ਵੇ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੌਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਨਗਰ ਕੀਰਤਨ ਨਾਲ ਬਹੁਤ ਸਾਰੇ ਫਲੌਟ ਸਿੱਖ ਇਤਿਹਾਸ ਨਾਲ ਸੰਬੰਧਿਤ ਤਸਵੀਰਾਂ ਅਤੇ ਚੜਦੀਕਲਾ ਦਾ ਸੁਨੇਹਾ ਦਿੰਦੇ ਹੋਏ ਚੱਲ ਰਹੇ ਸਨ। ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ।

ਨਗਰ ਕੀਰਤਨ ਦੌਰਾਨ ਮੌਸਮ ਬਹੁਤ ਵਧੀਆ ਰਿਹਾ। ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿੱਚ ਭਾਰੀ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਦੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਪੰਜਾਬੀ ਅਤੇ ਅਮੈਰੀਕਨ ਭਾਈਚਾਰੇ ਦੀਆਂ ਰਾਜਨੀਤਕ ਸਖਸੀਅਤਾਂ ਵੱਲੋਂ ਵੀ ਆਪਣੇ ਬੂਥ ਲਾਏ ਹੋਏ ਸਨ। ਗੁਰੂਘਰ ਦੇ ਅੰਦਰ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ



ਕੀਰਤਨ ਦੌਰਾਨ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਨਗਰ ਕੀਰਤਨ ਦੀ ਸਫਲਤਾ ਲਈ ਗੁਰੂਘਰ ਦੇ ਪ੍ਰਬੰਧਕ, ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਵਿਚ ਭਾਰਤੀ ਮੂਲ ਦੀ ਔਰਤ ਨੂੰ ਆਈਸ ਨੇ ਹਿਰਾਸਤ 'ਚ ਲਿਆ

## 35 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੀ ਹੈ ਮੀਨੂ ਬੱਤਰਾ

ਵੈਨਕੂਵਰ : ਅਮਰੀਕਾ ਵਿਚ ਪਿਛਲੇ 35 ਸਾਲਾਂ ਤੋਂ ਰਹਿ ਰਹੀ ਭਾਰਤੀ ਮੂਲ ਦੀ 53 ਸਾਲਾ ਔਰਤ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਹਿਰਾਸਤ ਵਿਚ ਲਏ ਜਾਣ ਦੀ ਸੂਚਨਾ ਹੈ। ਮੀਨੂ ਬੱਤਰਾ ਨਾਮ ਦੀ ਇਸ ਮਹਿਲਾ ਨੂੰ ਟੈਕਸਾਸ ਵਿਚ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫ਼ਾਰਸਮੈਂਟ ਦੇ ਏਜੰਟਾਂ ਵਲੋਂ ਗ੍ਰਿਫ਼ਤਾਰ ਕੀਤਾ ਗਿਆ।



ਰਿਪੋਰਟਾਂ ਮੁਤਾਬਕ ਉਹ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੀ ਸੀ ਪਰ ਉਸ ਦੀ ਇਮੀਗ੍ਰੇਸ਼ਨ ਸਥਿਤੀ ਸਬੰਧੀ ਮਸਲੇ ਉੱਠਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਅਧਿਕਾਰੀਆਂ ਵਲੋਂ ਕਿਹਾ ਗਿਆ ਹੈ ਕਿ ਲੰਬੇ ਸਮੇਂ ਤੋਂ ਦੇਸ਼ ਵਿਚ ਰਹਿਣਾ ਇਸ ਗੱਲ ਦੀ ਗਰੰਟੀ ਨਹੀਂ ਕਿ ਕੋਈ ਵਿਅਕਤੀ ਸਦੀਵੀ ਤੌਰ 'ਤੇ ਇੱਥੇ ਰਹਿ ਸਕਦਾ ਹੈ। ਇਸ ਬਿਆਨ ਨੇ ਕਈ ਪ੍ਰਵਾਸੀਆਂ ਵਿਚ ਚਿੰਤਾ ਵਧਾ ਦਿੱਤੀ ਹੈ, ਖ਼ਾਸ ਕਰ ਕੇ ਉਹ ਲੋਕ ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਦਸਿਆ ਜਾ ਰਿਹਾ ਹੈ ਕਿ ਮੀਨੂ ਬੱਤਰਾ ਦੇ ਪਰਿਵਾਰ ਅਤੇ ਸਮਰਥਕਾਂ ਵਲੋਂ ਉਸ ਦੀ ਰਿਹਾਈ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਕਾਨੂੰਨੀ ਸਹਾਇਤਾ ਵੀ ਲਈ ਜਾ ਰਹੀ ਹੈ। ਇਸ ਮਾਮਲੇ ਨੇ ਅਮਰੀਕਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ 'ਤੇ ਇਕ ਵਾਰ ਫਿਰ ਚਰਚਾ ਛੇੜ ਦਿੱਤੀ ਹੈ।

# ਅਮਰੀਕਾ ਵਿਚ ਜ਼ਿੰਦਾ ਸੜਿਆ ਹਰਿਆਣਾ ਦਾ ਟਰੱਕ ਡਰਾਈਵਰ, 10 ਸਾਲ ਪਹਿਲਾਂ ਡੰਕੀ ਲਗਾ ਕੇ ਗਿਆ ਸੀ ਵਿਦੇਸ਼

## ਸਿਮਰਨਜੀਤ ਸਿੰਘ ਦਾ ਵੀਡੀਓ ਕਾਲ 'ਤੇ ਪਾਇਆ ਸੀ ਸ਼ਗਨ, ਪਰਿਵਾਰ ਨੇ 6 ਮਹੀਨਿਆਂ ਵਿਚ ਕਰਨਾ ਸੀ ਪੁੱਤ ਦਾ ਵਿਆਹ

ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਬਾਕਲ ਵਿੱਚ ਜਨਮੇ 26 ਸਾਲਾ ਸਿਮਰਨਜੀਤ ਸਿੰਘ ਦੀ ਅਮਰੀਕਾ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਸਿਮਰਨ ਉਥੇ ਇਕ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ।



ਜਾਣਕਾਰੀ ਅਨੁਸਾਰ ਕੈਲੀਫੋਰਨੀਆ ਜਾਂਦੇ ਸਮੇਂ ਸਿਮਰਨਜੀਤ ਦੇ ਅੱਗੇ ਇੱਕ ਕਾਰ ਦਾ ਐਕਸੀਡੈਂਟ ਹੋ ਗਿਆ। ਨਤੀਜੇ ਵਜੋਂ, ਉਸ ਨੇ ਸੜਕ ਦੇ ਕਿਨਾਰੇ ਆਪਣਾ ਰਸਾਇਣਾਂ ਨਾਲ ਭਰਿਆ ਟਰੱਕ ਰੋਕ ਲਿਆ। ਉਸੇ ਸਮੇਂ, ਪਿੱਛੇ ਤੋਂ ਆ ਰਹੇ ਇੱਕ ਹੋਰ ਟਰੱਕ ਨੇ ਉਸ ਦੇ ਟਰੱਕ ਨੂੰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਟਰੱਕ ਵਿਚ ਭਿਆਨਕ ਅੱਗ ਲੱਗ ਗਈ ਤੇ ਸਿਮਰਨਜੀਤ ਦੀ ਜ਼ਿੰਦਾ ਸੜ ਕੇ ਮੌਤ ਹੋ ਗਈ।

ਦੱਸ ਦੇਈਏ ਕਿ ਸਿਮਰਨਜੀਤ ਆਪਣੇ ਪਰਿਵਾਰ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਦੀ ਉਮੀਦ ਵਿੱਚ 2016 ਵਿਚ ਡੰਕੀ ਲਗਾ ਕੇ ਹਜ਼ਾਰਾਂ ਕਿਲੋਮੀਟਰ ਦੂਰ ਅਮਰੀਕਾ ਗਿਆ ਸੀ। ਖ਼ਤਰਨਾਕ ਰਸਤੇ ਡੰਕੀ ਰਾਹੀਂ ਲਗਭਗ ਛੇ ਮਹੀਨਿਆਂ ਵਿਚ ਵਿਦੇਸ਼ ਪਹੁੰਚਿਆ ਸੀ।

ਕਈ ਦੇਸ਼ਾਂ ਦੀ ਔਖੀ ਯਾਤਰਾ, ਕੈਦ ਅਤੇ ਸੰਘਰਸ਼ ਭਰੀ ਜ਼ਿੰਦਗੀ ਤੋਂ ਬਾਅਦ, ਉਸ ਨੇ ਟਰੱਕ ਡਰਾਈਵਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਪਰ ਇੱਕ ਸੜਕ ਹਾਦਸੇ ਨੇ ਉਸ ਦੇ ਸੁਪਨਿਆਂ ਦੇ ਨਾਲ-ਨਾਲ ਉਸ ਦੇ ਪਰਿਵਾਰ ਦੀਆਂ ਉਮੀਦਾਂ ਨੂੰ ਵੀ ਖ਼ਤਮ ਕਰ ਦਿੱਤਾ।

ਜਦੋਂ ਪਰਿਵਾਰ ਨੂੰ ਪੁੱਤ ਦੀ ਮੌਤ ਬਾਰੇ ਪਤਾ ਲੱਗਿਆ, ਤਾਂ ਉਨ੍ਹਾਂ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਪਰਿਵਾਰ ਛੇ ਮਹੀਨਿਆਂ ਵਿੱਚ ਸਿਮਰਨਜੀਤ ਦਾ ਵਿਆਹ ਕਰਨ ਦੀ ਤਿਆਰੀ ਕਰ ਰਿਹਾ ਸੀ, ਪਰ ਕੈਲੀਫੋਰਨੀਆ ਵਿੱਚ ਇੱਕ ਟਰੱਕ ਦੀ ਟੱਕਰ ਵਿੱਚ ਉਸ ਦੀ ਸੜ ਕੇ ਮੌਤ ਹੋ ਗਈ। ਮੌਤ ਤੋਂ ਬਾਅਦ ਸਿਮਰਨਜੀਤ ਦੀਆਂ ਸਿਰਫ਼ ਸੜੀਆਂ ਹੋਈਆਂ ਹੱਡੀਆਂ ਹੀ ਮਿਲੀਆਂ।

# ਅਮਰੀਕਾ ਦੇ 10 ਚੋਟੀ ਦੇ ਵਿਗਿਆਨੀ ਲਾਪਤਾ, ਸੰਸਦ ਮੈਂਬਰ ਚਿੰਤਤ, ਟਰੰਪ ਨੇ ਜਾਂਚ ਦੇ ਦਿੱਤੇ ਹੁਕਮ

## ਚੀਨ, ਰੂਸ ਜਾਂ ਈਰਾਨ ਦਾ ਹੱਥ ਹੋ ਸਕਦਾ ਹੈ : ਕਾਂਗਰਸਮੈਨ ਐਰਿਕ ਬਰਲੀਸਨ

ਵਾਸ਼ਿੰਗਟਨ : ਏਅਰੋਸਪੇਸ, ਰੱਖਿਆ ਅਤੇ ਬਾਹਰੀ ਧਰਤੀ ਦੇ ਜੀਵਨ ਨਾਲ ਸਬੰਧਤ ਜਾਣਕਾਰੀ ਤੱਕ ਪਹੁੰਚ ਵਾਲੇ ਘੱਟੋ-ਘੱਟ 10 ਚੋਟੀ ਦੇ ਅਮਰੀਕੀ ਵਿਗਿਆਨੀਆਂ ਅਤੇ ਖੋਜਕਰਤਾਵਾਂ ਦੀ ਮੌਤ ਜਾਂ ਲਾਪਤਾ ਹੋਣ ਦੇ ਮਾਮਲੇ 'ਚ ਅਮਰੀਕਾ ਅੰਦਰ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ।

ਇਸ ਹਫਤੇ ਦੀ ਸ਼ੁਰੂਆਤ 'ਚ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੂੰ ਪ੍ਰਮੁੱਖ ਵਿਗਿਆਨੀਆਂ ਦੀ ਮੌਤ ਅਤੇ ਲਾਪਤਾ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਸੀ ਅਤੇ ਅਗਲੇ ਡੇਢ ਹਫ਼ਤੇ 'ਚ ਹੋਰ ਜਾਣਕਾਰੀ ਦਿਤੀ ਜਾਵੇਗੀ।

ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਦੇ ਅਨੁਸਾਰ, ਸਭ ਤੋਂ ਪਹਿਲਾਂ ਹੋਈਆਂ ਮੌਤਾਂ ਜੁਲਾਈ 2023 ਦੀਆਂ ਹਨ। ਨਾਸਾ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਦੇ ਭੌਤਿਕ ਵਿਗਿਆਨੀ ਮਾਈਕਲ ਡੇਵਿਡ ਹਿਕਸ ਦਾ 30 ਜੁਲਾਈ, 2023 ਨੂੰ ਦਿਹਾਂਤ ਹੋ ਗਿਆ। ਉਸ ਦੀ ਮੌਤ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਮਿਸੌਰੀ ਤੋਂ ਰਿਪਬਲਿਕਨ ਅਤੇ ਹਾਊਸ ਓਵਰਸਾਈਟ ਕਮੇਟੀ ਦੇ ਮੈਂਬਰ ਕਾਂਗਰਸਮੈਨ ਐਰਿਕ ਬਰਲੀਸਨ ਨੇ ਕਿਹਾ ਕਿ ਉਹ ਪਿਛਲੇ ਕੁਝ ਸਮੇਂ ਤੋਂ ਕੁਝ ਲਾਪਤਾ ਹੋਣ ਦੀਆਂ ਘਟਨਾਵਾਂ ਵੱਲ ਧਿਆਨ ਖਿੱਚ ਰਹੇ ਹਨ।

ਸੰਸਦ ਮੈਂਬਰ ਨੇ ਦਲੀਲ ਦਿੱਤੀ ਕਿ ਵਿਗਿਆਨੀਆਂ ਦੀ ਕਿਸਮਤ ਲਗਭਗ 'ਨਿਸ਼ਚਤ' ਤੌਰ 'ਤੇ ਕੁਝ ਲੋਕਾਂ ਨੂੰ ਵਰਗੀਕ੍ਰਿਤ ਏਅਰੋਸਪੇਸ, ਰੱਖਿਆ ਅਤੇ ਯੂ.ਐਫ.ਓ. ਜਾਣਕਾਰੀ ਤੱਕ ਪਹੁੰਚ ਨਾਲ ਜੁੜੀ ਹੋਈ ਹੈ - ਅਤੇ ਇਸ ਵਿੱਚ ਚੀਨ, ਰੂਸ ਜਾਂ ਈਰਾਨ ਦਾ ਹੱਥ ਹੋ ਸਕਦਾ ਹੈ।

ਸੰਸਦ ਮੈਂਬਰ ਨੇ ਫੌਕਸ ਐਂਡ ਫ?ਰੈਂਡਜ਼ ਨੂੰ ਦੱਸਿਆ, "ਇਹ ਕੋਈ ਇਤਫ਼ਾਕ ਨਹੀਂ, ਅਤੇ ਇਸ ਲਈ ਸਾਨੂੰ ਇਸ ਦੀ ਜਾਂਚ ਕਰਨੀ ਪਵੇਗੀ। ਸਾਨੂੰ ਆਪਣੇ ਦੇਸ਼ ਦੇ ਚੋਟੀ ਦੇ ਜਾਂਚਕਰਤਾਵਾਂ, ਐਫ.ਬੀ.ਆਈ. ਅਤੇ ਹਰ ਏਜੰਸੀ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੀ ਜ਼ਰੂਰਤ ਹੈ।"

ਬਰਲੀਸਨ ਨੇ ਕਿਹਾ ਕਿ ਕੁਝ ਵਿਗਿਆਨੀ ਬਿਨਾਂ ਕਿਸੇ ਨਿਸ਼ਾਨ ਦੇ 'ਸ਼ਾਬਦਿਕ ਤੌਰ 'ਤੇ ਗਾਇਬ ਹੋ ਗਏ' - ਜਿਸ ਵਿੱਚ ਏਅਰ ਫੋਰਸ ਦੇ ਮੇਜਰ ਜਨਰਲ ਵਿਲੀਅਮ ਮੈਕਕੈਸਲੈਂਡ ਵੀ ਸ਼ਾਮਲ ਹਨ, ਜੋ ਫਰਵਰੀ ਵਿੱਚ ਗਾਇਬ ਹੋ ਗਏ ਸਨ। ਸੰਸਦ ਮੈਂਬਰ ਨੇ ਦਾਅਵਾ ਕੀਤਾ ਕਿ ਮੈਕਕਾਸਲੈਂਡ ਨੇ ਅਣਪਛਾਤੇ ਵਰਤਾਰੇ



(ਯੂ.ਏ.ਪੀ.) ਵਿੱਚ ਆਪਣੀ ਖੋਜ ਬਾਰੇ ਦੋ ਵਾਰ ਉਨ੍ਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਯੂ.ਐਫ.ਓ. ਵਜੋਂ ਵੀ ਜਾਣਿਆ ਜਾਂਦਾ ਹੈ।

ਟਰੰਪ ਨੇ ਲਾਪਤਾ ਹੋਣ ਦੀਆਂ ਘਟਨਾਵਾਂ ਨੂੰ 'ਬਹੁਤ ਗੰਭੀਰ ਚੀਜ਼ਾਂ' ਦੱਸਿਆ ਅਤੇ ਕਿਹਾ ਕਿ ਕੁਝ ਵਿਗਿਆਨੀ ਜੋ ਕਥਿਤ ਤੌਰ 'ਤੇ ਲਾਪਤਾ ਹੋ ਗਏ ਹਨ ਜਾਂ ਮਰ ਗਏ ਹਨ, ਉਹ 'ਬਹੁਤ ਮਹੱਤਵਪੂਰਨ ਲੋਕ' ਸਨ। ਰਾਸ਼ਟਰਪਤੀ ਨੇ ਕਿਹਾ ਕਿ ਉਹ ਮਾਮਲਿਆਂ ਬਾਰੇ ਹੋਰ ਜਾਣਨਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਵਿਚਕਾਰ ਕੋਈ ਸਬੰਧ ਹੋ ਸਕਦਾ ਹੈ ਜਾਂ ਨਹੀਂ। ਮਾਮਲਿਆਂ ਵਿੱਚ ਕੋਈ ਸਬੰਧ ਹੋਣ ਬਾਰੇ ਪੁੱਛਣ 'ਤੇ ਟਰੰਪ ਨੇ ਵੀਰਵਾਰ ਨੂੰ ਕਿਹਾ, "ਉਮੀਦ ਹੈ ਕੋਈ ਸਬੰਧ ਨਹੀਂ।"

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੀਵਿਟ ਨੇ ਕਿਹਾ ਕਿ ਪ੍ਰਸ਼ਾਸਨ "ਸਾਰੀਆਂ ਸਬੰਧਤ ਏਜੰਸੀਆਂ ਅਤੇ ਐਫ.ਬੀ.ਆਈ. ਨਾਲ ਮਿਲ ਕੇ ਸਾਰੇ ਮਾਮਲਿਆਂ ਦੀ ਸੰਪੂਰਨ ਸਮੀਖਿਆ ਕਰਨ ਅਤੇ ਕਿਸੇ ਵੀ ਸੰਭਾਵੀ ਸਮਾਨਤਾਵਾਂ ਦੀ ਪਛਾਣ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਇਸ ਕੋਸ਼ਿਸ਼ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।"

ਇੱਕ ਨੋਵਾਰਟਿਸ ਖੋਜਕਰਤਾ, ਜੇਸਨ ਥਾਮਸ, 12 ਦਸੰਬਰ, 2025 ਨੂੰ ਲਾਪਤਾ ਹੋ ਗਿਆ ਸੀ। ਜਦੋਂ ਉਹ ਘਰ ਵਾਪਸ ਨਹੀਂ ਆਇਆ ਤਾਂ ਉਸਦੀ ਪਤਨੀ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਕੀਤੀ। ਉਸ ਦੀ ਲਾਸ਼ 17 ਮਾਰਚ, 2026 ਨੂੰ ਮੈਸਾਚੂਸੈਟਸ ਝੀਲ ਤੋਂ ਬਰਾਮਦ ਕੀਤੀ ਗਈ ਸੀ।

ਪ੍ਰਮਾਣੂ ਭੌਤਿਕ ਵਿਗਿਆਨੀ ਅਤੇ ਐਮ.ਆਈ. ਟੀ. ਦੇ ਪ੍ਰੋਫੈਸਰ ਨੂਨੋ ਲੌਰੇਰੋ ਨੂੰ 15 ਦਸੰਬਰ, 2025 ਨੂੰ ਬੋਸਟਨ ਦੇ ਨੇੜੇ ਉਸ ਦੇ ਘਰ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਲਾਸ ਅਲਾਮੋਸ ਦੇ ਸਾਬਕਾ ਕਰਮਚਾਰੀ ਐਂਥਨੀ ਸ਼ਾਵੇਜ਼ 4 ਮਈ, 2025 ਨੂੰ ਲਾਪਤਾ ਹੋ ਗਏ ਸਨ। ਉਸ ਨੂੰ ਆਖਰੀ ਵਾਰ ਪੈਦਲ ਆਪਣੇ ਘਰ ਤੋਂ ਨਿਕਲਦੇ ਵੇਖਿਆ ਗਿਆ ਸੀ। ਲਾਸ ਅਲਾਮੋਸ ਵਿੱਚ ਅਮਰੀਕਾ ਦੀਆਂ ਸਭ ਤੋਂ ਪੁਰਾਣੀਆਂ ਪ੍ਰਮਾਣੂ ਸਹੂਲਤਾਂ ਹਨ।

ਮੇਲਿਸਾ ਕੈਸੀਅਸ 26 ਜੂਨ, 2025 ਨੂੰ ਆਪਣੇ ਘਰ ਤੋਂ ਗਾਇਬ ਹੋ ਗਈ ਸੀ। ਕੈਸੀਅਸ ਲਾਸ ਅਲਾਮੋਸ ਨੈਸ਼ਨਲ ਲੈਬਾਰਟਰੀ ਵਿੱਚ ਇੱਕ ਪ੍ਰਬੰਧਕੀ ਸਹਾਇਕ ਸੀ।

ਨਾਸਾ ਦੀ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਦੇ ਇੱਕ ਖੋਜਕਰਤਾ, ਫਰੈਂਕ ਮਾਈਵਾਲਡ, ਦੀ ਲਾਸ ਏਂਜਲਸ ਵਿੱਚ 4 ਜੁਲਾਈ, 2024 ਨੂੰ 61 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਮੋਨਿਕਾ ਜੈਕਿੰਟੋ ਰੇਜ਼ਾ ਇੱਕ ਜੇ.ਪੀ.ਐਲ. ਕਰਮਚਾਰੀ ਸੀ ਜੋ 22 ਜੂਨ, 2025 ਨੂੰ ਇੱਕ ਵਾਧੇ ਦੌਰਾਨ ਲਾਪਤਾ ਹੋ ਗਈ ਸੀ।

16 ਫਰਵਰੀ, 2026 ਨੂੰ, ਕਾਰਲ ਗ੍ਰਿਲਮੇਅਰ ਨੂੰ ਉਸ ਦੇ ਸਾਹਮਣੇ ਵਾਲੇ ਪੋਰਚ 'ਤੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਹ ਕੈਲਟੇਕ ਵਿਖੇ ਇੱਕ ਖਗੋਲ ਭੌਤਿਕ ਵਿਗਿਆਨੀ ਸੀ ਜਿਸ ਨੇ ਨਾਸਾ ਨਾਲ ਸਹਿਯੋਗ ਕੀਤਾ ਅਤੇ ਐਕਸੋਪਲੈਨੇਟਸ ਦੇ ਦੁਆਲੇ ਪਾਣੀ ਲੱਭਿਆ।

48 ਸਾਲ ਦੇ ਸਰਕਾਰੀ ਠੇਕੇਦਾਰ ਸਟੀਵਨ ਗਾਰਸੀਆ ਨੂੰ ਆਖਰੀ ਵਾਰ 28 ਅਗਸਤ, 2025 ਨੂੰ ਅਲਬੂਕਰਕ ਵਿੱਚ ਆਪਣੇ ਘਰ ਤੋਂ ਬਾਹਰ ਨਿਕਲਦੇ ਹੋਏ ਦੇਖਿਆ ਗਿਆ ਸੀ। ਉਹ ਪੈਦਲ ਜਾ ਰਿਹਾ ਸੀ ਅਤੇ ਇੱਕ ਹੈਂਡਗਨ ਲੈ ਕੇ ਜਾ ਰਿਹਾ ਸੀ, ਪੁਲਿਸ ਨੇ ਕਥਿਤ ਤੌਰ 'ਤੇ ਚੇਤਾਵਨੀ ਦਿੱਤੀ ਸੀ ਕਿ ਉਹ ਆਪਣੇ ਲਈ ਖ਼ਤਰਾ ਹੋ ਸਕਦਾ ਹੈ।

ਗਾਰਸੀਆ ਨੇ ਕੰਸਾਸ ਸਿਟੀ ਨੈਸ਼ਨਲ ਸਿਕਿਓਰਿਟੀ ਕੈਂਪਸ ਵਿੱਚ ਇੱਕ ਪ੍ਰਾਪਰਟੀ ਕਸਟੋਡੀਅਨ ਵਜੋਂ ਕੰਮ ਕੀਤਾ, ਜੋ ਪ੍ਰਮਾਣੂ ਹਥਿਆਰਾਂ ਲਈ ਗੈਰ-ਪ੍ਰਮਾਣੂ ਹਿੱਸੇ ਤਿਆਰ ਕਰਦਾ ਹੈ।


# ਬੇਹੱਦ ਜ਼ਰੂਰੀ ਹੈ ਜੰਗ ਨੂੰ ਰੋਕਣਾ

ਅਮਰੀਕਾ ਅਤੇ ਇਜ਼ਰਾਈਲ ਵਲੋਂ ਈਰਾਨ ’ਤੇ 28 ਫਰਵਰੀ ਨੂੰ ਹਮਲਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਦੋਹਾਂ ਧਿਰਾਂ ਵਿਚਕਾਰ ਮਸਲਿਆਂ ਨੂੰ ਸੁਲਝਾਉਣ ਲਈ ਗੱਲਬਾਤ ਵੀ ਹੁੰਦੀ ਰਹੀ ਸੀ। ਅਮਰੀਕਾ ਕਿਸੇ ਵੀ ਸੂਰਤ ਵਿਚ ਈਰਾਨ ਨੂੰ ਐਟਮੀ ਸ਼ਕਤੀ ਨਹੀਂ ਬਣਨ ਦੇਣਾ ਚਾਹੁੰਦਾ। ਇਸ ਲਈ ਉਹ ਈਰਾਨ ਦੇ ਯੂਰੇਨੀਅਮ ਦੇ ਭੰਡਾਰਾਂ ਨੂੰ ਅਮਰੀਕਾ ਦੇ ਹਵਾਲੇ ਕਰਨ ’ਤੇ ਜ਼ੋਰ ਪਾ ਰਿਹਾ ਹੈ। ਈਰਾਨ ਵਲੋਂ ਹੋਰਮੁਜ਼ ਜਲਡਮਰੂ ’ਤੇ ਜਹਾਜ਼ਾਂ ਦੀ ਆਵਾਜਾਈ ਰੋਕੇ ਜਾਣ ਨਾਲ ਦੁਨੀਆ ਭਰ ਲਈ ਇਕ ਵੱਡਾ ਸੰਕਟ ਪੈਦਾ ਹੋ ਗਿਆ ਹੈ। ਪਾਕਿਸਤਾਨ ਅਤੇ ਕੁਝ ਹੋਰ ਦੇਸ਼ਾਂ ਵਲੋਂ ਕੀਤੇ ਯਤਨਾਂ ਤੋਂ ਬਾਅਦ ਦੋਹਾਂ ਧਿਰਾਂ ਦੀ 2 ਹਫ਼ਤੇ ਲਈ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ। ਇਸ ਦਰਮਿਆਨ ਇਸਲਾਮਾਬਾਦ ਵਿਚ ਅਮਰੀਕਾ ਅਤੇ ਈਰਾਨ ਦੇ ਉੱਚ ਅਧਿਕਾਰੀਆਂ ਦੀਆਂ ਦੋ ਦਿਨਾਂ ਤੱਕ ਮੀਟਿੰਗਾਂ ਵੀ ਹੋਈਆਂ ਸਨ। ਅਮਰੀਕਾ ਵਲੋਂ ਇਸ ਵਿਚ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਵੀ ਸ਼ਾਮਿਲ ਹੋਏ ਸਨ ਪਰ ਇਹ ਗੱਲਬਾਤ ਕਿਸੇ ਸਿਰੇ ਨਹੀਂ ਸੀ ਲੱਗੀ।

ਉਸ ਤੋਂ ਬਾਅਦ ਈਰਾਨ ਨੇ ਹੋਰਮੁਜ਼ ਰਸਤਾ ਖੋਲ੍ਹਣ ਦਾ ਐਲਾਨ ਵੀ ਕਰ ਦਿੱਤਾ ਸੀ, ਜਿਸ ਦਾ ਅਮਰੀਕੀ ਰਾਸ਼ਟਰਪਤੀ ਵਲੋਂ ਸਵਾਗਤ ਵੀ ਕੀਤਾ ਗਿਆ ਸੀ। ਇਸੇ ਦੌਰਾਨ ਲਿਬਨਾਨ ਵਿਚ ਇਜ਼ਰਾਈਲ ਵਲੋਂ ਹਿਜ਼ਬੁੱਲਾ ਜਥੇਬੰਦੀ ਦੇ ਟਿਕਾਣਿਆਂ ’ਤੇ ਲਗਾਤਾਰ ਬੰਬਾਰੀ ਵੀ ਕੀਤੀ ਜਾਂਦੀ ਰਹੀ ਸੀ। ਅਮਰੀਕਾ ਦੇ ਦਖ਼ਲ ’ਤੇ ਉਹ ਵੀ ਰੋਕ ਦਿੱਤੀ ਗਈ ਸੀ। ਹੋਰਮੁਜ਼ ਲਾਂਘੇ ਨੂੰ ਬੰਦ ਕਰਨ ਤੋਂ ਬਾਅਦ ਅਮਰੀਕਾ ਨੇ ਈਰਾਨ ਦੀਆਂ ਬੰਦਰਗਾਹਾਂ ਦੀ ਨਾਕਾਬੰਦੀ ਕਰ ਲਈ ਸੀ, ਜਿਸ ਨੂੰ ਉਹ ਖ਼ਤਮ ਨਹੀਂ ਕਰ ਰਿਹਾ। ਡੋਨਾਲਡ ਟਰੰਪ ਦੇ ਬਿਆਨ ਅਨੁਸਾਰ ਅਮਰੀਕਾ ਇਹ ਨਾਕਾਬੰਦੀ ਤਦ ਹੀ ਚੁੱਕੇਗਾ, ਜਦੋਂ ਸਥਾਈ ਸ਼ਾਂਤੀ ਸਮਝੌਤਾ ਹੋ ਜਾਏਗਾ। ਹੁਣ ਇਕ ਵਾਰ ਫਿਰ ਈਰਾਨ ਵਲੋਂ ਹੋਰਮੁਜ਼ ਦੀ ਕੀਤੀ ਗਈ ਨਾਕਾਬੰਦੀ ਨੇ ਹਾਲਾਤ ਹੋਰ ਵੀ ਪੇਚੀਦਾ ਕਰ ਦਿੱਤੇ ਹਨ। ਦੋਹਾਂ ਧਿਰਾਂ ਦੀ ਦੂਸਰੀ ਵਾਰ ਗੱਲਬਾਤ ਮੰਗਲਵਾਰ 21 ਅਪ੍ਰੈਲ ਨੂੰ ਇਸਲਾਮਾਬਾਦ ਵਿਚ ਹੋਣੀ ਤੈਅ ਹੋਈ ਸੀ, ਪਰ ਇਸ ਸੰਬੰਧੀ ਈਰਾਨੀ ਅਧਿਕਾਰੀਆਂ ਵਲੋਂ ਇਨਕਾਰ ਕਰਨ ਤੋਂ ਬਾਅਦ ਹਾਲਾਤ ਹੋਰ ਵੀ ਗੰਭੀਰ ਹੋ ਗਏ ਹਨ। ਆਉਂਦੇ ਬੁੱਧਵਾਰ ਨੂੰ ਦੋਹਾਂ ਧਿਰਾਂ ਦੀ ਜੰਗਬੰਦੀ ਦਾ ਸਮਾਂ ਵੀ ਖ਼ਤਮ ਹੋ ਰਿਹਾ ਹੈ। ਡੋਨਾਲਡ ਟਰੰਪ ਦੀਆਂ ਧਮਕੀਆਂ ਹੋਰ ਵੀ ਤੇਜ਼ ਹੋ ਗਈਆਂ ਹਨ। ਈਰਾਨ ਵਲੋਂ ਹੋਰਮੁਜ਼ ਦੀ ਨਾਕਾਬੰਦੀ ਉਸ ਨੂੰ ਇਸ ਲਈ ਬੇਹੱਦ ਮਹਿੰਗੀ ਪੈ ਸਕਦੀ ਹੈ, ਕਿਉਂਕਿ ਇਹ ਅੰਤਰਰਾਸ਼ਟਰੀ ਵਪਾਰ ਦਾ ਜਲ ਮਾਰਗ ਹੈ। ਇਸ ਦਾ ਅਸਰ ਦੁਨੀਆ ਭਰ ਦੇ ਦੇਸ਼ਾਂ ’ਤੇ ਪੈ ਰਿਹਾ ਹੈ। ਖਾੜੀ ਦੇ ਦੇਸ਼ਾਂ ਨੇ ਪਹਿਲਾਂ ਹੀ ਤੇਲ ਅਤੇ ਗੈਸ ਦਾ ਉਤਪਾਦਨ ਘਟਾ ਦਿੱਤਾ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ ਹਨ ਅਤੇ ਗੈਸ ਦੀ ਸਪਲਾਈ ਵੀ ਘਟਣ ਦਾ ਖ਼ਤਰਾ ਬਣ ਗਿਆ ਹੈ। ਇਸ ਦੇ ਨਾਲ ਹੀ ਲੋੜੀਂਦੀਆਂ ਐਲੂਮੀਨੀਅਮ, ਸਲਫਰ, ਨਿੱਕਲ ਅਤੇ ਤਾਂਬੇ ਆਦਿ ਦੀਆਂ ਧਾਤਾਂ ਦੇ ਉਤਪਾਦਨ ’ਤੇ ਵੀ ਵੱਡਾ ਅਸਰ ਪਵੇਗਾ। ਪਿਛਲੇ ਦਿਨੀਂ ਹੋਰਮੁਜ਼ ਦੀ ਨਾਕਾਬੰਦੀ ਦੌਰਾਨ ਈਰਾਨ ਨੇ ਭਾਰਤ ਦੇ ਵੀ ਦੋ ਜਹਾਜ਼ਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ ਸੀ। ਭਾਰਤ ਦੇ ਇਕ ਦਰਜਨ ਦੇ ਲਗਭਗ ਜਹਾਜ਼ ਅਜੇ ਵੀ ਝਗੜੇ ਕਾਰਨ ਹੋਰਮੁਜ਼ ਜਲਡਮਰੂ ਪਾਰ ਨਹੀਂ ਕਰ ਸਕੇ।

ਅਮਰੀਕਾ ਨੇ ਚਾਹੇ ਇਹ ਕਿਹਾ ਹੈ ਕਿ ਲੋੜਵੰਦ ਦੇਸ਼ ਇਕ ਹੋਰ ਮਹੀਨੇ ਲਈ ਰੂਸ ਤੋਂ ਤੇਲ ਖਰੀਦ ਸਕਦੇ ਹਨ, ਜਿਸ ਦਾ ਭਾਰਤ ਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਅਮਰੀਕੀ ਰਾਸ਼ਟਰਪਤੀ ਨੂੰ ਇਹ ਸਪੱਸ਼ਟ ਸੰਦੇਸ਼ ਦੇਣਾ ਚਾਹੀਦਾ ਹੈ ਕਿ ਉਹ ਰੂਸ ਨਾਲ ਆਪਸੀ ਵਪਾਰ ਵਿਚ ਅਮਰੀਕਾ ਦੀਆਂ ਹਦਾਇਤਾਂ ਨਹੀਂ ਮੰਨੇਗਾ। ਇਸ ਦੇ ਨਾਲ ਹੀ ਭਾਰਤ ਨੂੰ ਤੇਲ ਅਤੇ ਗੈਸ ਦੀ ਪ੍ਰਾਪਤੀ ਲਈ ਹੋਰ ਹੀਲੇ-ਵਸੀਲੇ ਵੀ ਤੇਜ਼ ਕਰਨ ਦੀ ਜ਼ਰੂਰਤ ਹੋਵੇਗੀ, ਤਾਂ ਜੋ ਉਹ ਇਨ੍ਹਾਂ ਬੇਹੱਦ ਜ਼ਰੂਰੀ ਵਸਤਾਂ ਦੀ ਘਾਟ ਮਹਿਸੂਸ ਨਾ ਕਰੇ। ਆਉਂਦੇ ਦਿਨ ਅਸਥਾਈ ਸਮਝੌਤੇ ਦੀ ਤਾਰੀਖ਼ ਖ਼ਤਮ ਹੋ ਰਹੀ ਹੈ, ਜਿਸ ਕਰਕੇ ਇਕ ਵਾਰ ਫਿਰ ਦੁਨੀਆ ਭਰ ਵਿਚ ਬੇਚੈਨੀ ਪੈਦਾ ਹੋ ਗਈ ਹੈ। ਅਜਿਹੇ ਸਮੇਂ ਵਿਚ ਵੱਡੇ ਅੰਤਰਰਾਸ਼ਟਰੀ ਗੱਠਜੋੜਾਂ ਨੂੰ ਪੂਰੀ ਸਰਗਰਮੀ ਵਿਖਾ ਕੇ ਇਸ ਭਿਆਨਕ ਸੰਭਾਵੀ ਜੰਗ ਨੂੰ ਰੋਕਣ ਲਈ ਫਿਰ ਤੋਂ ਵੱਡੇ ਕਦਮ ਉਠਾਉਣੇ ਚਾਹੀਦੇ ਹਨ।

# ਫਿਰ ਲਮਕਿਆ ਮਹਿਲਾ ਰਾਖਵਾਂਕਰਨ



ਮੋਦੀ ਸਰਕਾਰ ਨੇ ਸੰਸਦ ਦੇ ਵਿਸ਼ੇਸ਼ ਇਜਲਾਸ ਵਿਚ ਮਹਿਲਾ ਰਾਖਵਾਂਕਰਨ ਲਾਗੂ ਕਰਨ ਲਈ ਸਾਰੇ ਸੂਬਿਆਂ ਵਿਚ 50 ਪ੍ਰਤੀਸ਼ਤ ਲੋਕ ਸਭਾ ਸੀਟਾਂ ਵਧਾਏ ਜਾਣ ਦਾ ਜੋ ਸੰਵਿਧਾਨਕ ਸੋਧ ਬਿੱਲ ਪੇਸ਼ ਕੀਤਾ, ਉਸ ਨੂੰ ਉਹ ਵਿਰੋਧੀ ਧਿਰ ਦੇ ਵਿਰੋਧ ਕਾਰਨ ਪਾਸ ਨਹੀਂ ਕਰਵਾ ਸਕੀ ਅਤੇ ਦੋ-ਤਿਹਾਈ ਬਹੁਮਤ ਦੀ ਘਾਟ ਕਾਰਨ ਉਹ ਡਿੱਗ ਗਿਆ। ਇਸ ਬਿੱਲ ਦਾ ਡਿੱਗਣਾ ਸਰਕਾਰ ਲਈ ਵੱਡਾ ਧੱਕਾ ਮੰਨਿਆ ਜਾ ਰਿਹਾ ਹੈ।

ਇਸੇ ਦੇ ਨਾਲ ਅਗਲੀਆਂ ਆਮ ਚੋਣਾਂ ਯਾਨੀ 2029 ਤੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਮਹਿਲਾਵਾਂ ਲਈ 33 ਫ਼ੀਸਦੀ ਰਾਖਵਾਂਕਰਨ ਲਾਗੂ ਕਰਨ ਦੀ ਪਹਿਲ ਠੰਢੇ ਬਸਤੇ ਵਿਚ ਪੈ ਗਈ। ਅਜਿਹਾ ਇਸ ਲਈ ਹੋਇਆ ਕਿਉਂਕਿ ਜਿੱਥੇ ਵਿਰੋਧੀ ਪਾਰਟੀ ਕਾਂਗਰਸ ਨੇ ਦੱਖਣ ਦੀਆਂ ਖੇਤਰੀ ਪਾਰਟੀਆਂ ਵਰਗੀ ਸੌੜੀ ਮਾਨਸਿਕਤਾ ਦਿਖਾਈ, ਓਥੇ ਹੀ ਸਮਾਜਵਾਦੀ ਪਾਰਟੀ (ਸਪਾ) ਵਰਗੀਆਂ ਪਾਰਟੀਆਂ ਨੇ ਮਹਿਲਾ ਰਾਖਵਾਂਕਰਨ ਦੇ ਅੰਦਰ ਓਬੀਸੀ, ਘੱਟ-ਗਿਣਤੀ ਭਾਈਚਾਰਿਆਂ ਦੀਆਂ ਮਹਿਲਾਵਾਂ ਲਈ ਰਾਖਵਾਂਕਰਨ ਦੀ ਮੰਗ ਕੀਤੀ। ਕਾਂਗਰਸ ਤੇ ਦੱਖਣੀ ਭਾਰਤ ਦੀਆਂ ਪਾਰਟੀਆਂ ਖ਼ਾਸ ਤੌਰ ’ਤੇ ਤਾਮਿਲਨਾਡੂ ਵਿਚ ਹੁਕਮਰਾਨ ਡੀਐੱਮਕੇ ਨੇ ਅਜਿਹਾ ਵਿਵਹਾਰ ਕੀਤਾ ਜਿਵੇਂ ਕਿਸੇ ਰਾਜ ਵਿਸ਼ੇਸ਼ ਦੇ ਹਿੱਤਾਂ ਜਾਂ ਖੇਤਰ ਵਿਸ਼ੇਸ਼ ਦੀਆਂ ਔਰਤਾਂ ਨੂੰ ਰਾਖਵਾਂਕਰਨ ਦੇਣ ਲਈ ਸੰਵਿਧਾਨਕ ਸੋਧ ਬਿੱਲ ਲਿਆਂਦਾ ਗਿਆ ਸੀ। ਇਹ ਬਿੱਲ ਤਾਂ ਸਾਰੇ ਮੁਲਕ ਦੀਆਂ ਮਹਿਲਾਵਾਂ ਨੂੰ ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ 33 ਫ਼ੀਸਦੀ ਰਾਖਵਾਂਕਰਨ ਦੇਣ ਲਈ ਸੀ। ਇਕ ਲੋਕ ਸਭਾ ਮੈਂਬਰ ਜਦ ਕਿਸੇ ਬਿੱਲ ’ਤੇ ਮਤਦਾਨ ਕਰਦਾ ਹੈ ਤਾਂ ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕਰਦਾ ਹੈ, ਨਾ ਕਿ ਸੂਬਾ ਵਿਸ਼ੇਸ਼ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ।

ਮਹਿਲਾ ਰਾਖਵਾਂਕਰਨ ਬਿੱਲ 2023 ਵਿਚ ਇਸ ਵਿਵਸਥਾ ਨਾਲ ਪਾਸ ਹੋਇਆ ਸੀ ਕਿ ਉਸ ਨੂੰ ਨਵੀਂ ਜਨਗਣਨਾ ਤੋਂ ਬਾਅਦ ਹੋਣ ਵਾਲੀ ਹੱਦਬੰਦੀ ਉਪਰੰਤ ਲਾਗੂ ਕੀਤਾ ਜਾਵੇਗਾ ਪਰ ਕੋਵਿਡ ਅਤੇ ਫਿਰ ਹੋਰ ਕਾਰਨਾਂ ਕਾਰਨ 2021 ਵਿਚ ਹੋਣ ਵਾਲੀ ਜਨਗਣਨਾ ਵਿਚ ਦੇਰੀ ਹੁੰਦੀ ਚਲੀ ਗਈ। ਹੁਣ ਉਹ ਸ਼ੁਰੂ ਹੋਈ ਹੈ। ਉਸ ਦੇ ਨਤੀਜੇ ਆਉਣ ਵਿਚ ਵਕਤ ਲੱਗੇਗਾ ਅਤੇ ਫਿਰ ਹੱਦਬੰਦੀ ਹੁੰਦੇ-ਹੁੰਦੇ 2029 ਬੀਤਣ ਦੇ ਆਸਾਰ ਹਨ।

ਇਸ ਕਾਰਨ ਮਹਿਲਾ ਰਾਖਵਾਂਕਰਨ 2034 ਦੀਆਂ ਲੋਕ ਸਭਾ ਚੋਣਾਂ ਵਿਚ ਲਾਗੂ ਹੋ ਪਾਉਂਦਾ। ਇਸੇ ਕਾਰਨ ਸਰਕਾਰ ਨੇ ਮਹਿਲਾ ਰਾਖਵਾਂਕਰਨ ਛੇਤੀ ਲਾਗੂ ਕਰਨ ਦੀ ਪਹਿਲ ਕੀਤੀ। ਉਸ ਨੇ ਇਸ ਦੇ ਲਈ ਲੋਕ ਸਭਾ ਸੀਟਾਂ ਵਧਾਉਣ ਵਾਲੇ 131ਵੇਂ ਸੰਵਿਧਾਨਕ ਸੋਧ ਬਿੱਲ ਦੇ ਨਾਲ ਹੱਦਬੰਦੀ ਨਾਲ ਜੁੜਿਆ ਤਰਮੀਮੀ ਬਿੱਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਸਬੰਧੀ ਸੰਵਿਧਾਨ ਬਿੱਲ ਪੇਸ਼ ਕੀਤਾ। ਕਿਉਂਕਿ 131ਵਾਂ ਸੰਵਿਧਾਨਕ ਸੋਧ ਬਿੱਲ ਹੀ ਪਾਸ ਨਹੀਂ ਹੋ ਸਕਿਆ, ਇਸ ਲਈ ਸਰਕਾਰ ਲਈ ਹੋਰ ਦੋਵੇਂ ਬਿੱਲ ਬੇਮਾਅਨਾ ਹੋ ਗਏ। ਮੌਜੂਦਾ ਲੋਕ ਸਭਾ ਸੀਟਾਂ 1971 ਦੀ ਜਨਗਣਨਾ ਤੋਂ ਬਾਅਦ ਹੱਦਬੰਦੀ ਤਹਿਤ ਵਧੀਆਂ ਸਨ।

ਇਸ ਤੋਂ ਬਾਅਦ ਉਹ ਪਹਿਲਾਂ ਵਾਲੀਆਂ ਹੀ ਹਨ ਕਿਉਂਕਿ ਹੱਦਬੰਦੀ ਕਰਵਾ ਕੇ ਲੋਕ ਸਭਾ ਸੀਟਾਂ ਵਧਾਉਣ ਦੀ ਪਹਿਲ ਨੂੰ ਫਰੀਜ਼ ਕਰ ਦਿੱਤਾ ਗਿਆ ਸੀ। ਸੰਨ 1971 ਵਿਚ ਭਾਰਤ ਦੀ ਆਬਾਦੀ ਲਗਪਗ 55 ਕਰੋੜ ਸੀ। ਹੁਣ 140 ਕਰੋੜ ਹੋ ਚੁੱਕੀ ਹੈ ਪਰ ਲੋਕ ਸਭਾ ਸੀਟਾਂ 543 ਹੀ ਹਨ।

ਇਸ ਕਾਰਨ ਇਕ ਲੋਕ ਸਭਾ ਮੈਂਬਰ ਨੂੰ ਕਿਤੇ ਜ਼ਿਆਦਾ ਲੋਕਾਂ ਦੀ ਨੁਮਾਇੰਦਗੀ ਕਰਨੀ ਪੈਂਦੀ ਹੈ। ਕਿਤੇ-ਕਿਤੇ ਤਾਂ ਇਹ ਆਬਾਦੀ 45 ਲੱਖ ਤੋਂ ਵੀ ਵੱਧ ਹੈ। ਹੱਦਬੰਦੀ ਫਰੀਜ਼ ਕਰਨ ਦਾ ਇਕ ਵੱਡਾ ਕਾਰਨ ਦੱਖਣ ਦੇ ਸੂਬਿਆਂ ਦਾ ਇਹ ਤਰਕ ਸੀ ਕਿ ਉਹ ਆਪਣੀ ਆਬਾਦੀ ਘੱਟ ਕਰਨ ਵਿਚ ਸਫਲ ਰਹੇ ਹਨ ਅਤੇ ਜੇ ਜਨਸੰਖਿਆ ਦੇ ਆਧਾਰ ’ਤੇ ਹੱਦਬੰਦੀ ਹੁੰਦੀ ਹੈ ਤਾਂ ਉੱਤਰੀ ਭਾਰਤ ਦੇ ਮੁਕਾਬਲੇ ਲੋਕ ਸਭਾ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਘੱਟ ਹੋ ਜਾਵੇਗੀ ਪਰ ਪ੍ਰਸ਼ਨ ਇਹ

**ਸੰਜੇ ਗੁਪਤ**

ਹੈ ਕਿ ਹੁਣ ਜਦ ਨਵੀਂ ਜਨਗਣਨਾ ਤੋਂ ਬਾਅਦ ਹੱਦਬੰਦੀ ਹੋਵੇਗੀ ਤਾਂ ਕੀ ਉਸ ਸਮੇਂ ਉਹ ਇਹ ਜ਼ਿੱਦ ਕਰਨਗੇ ਕਿ ਉਹ ਜਨਸੰਖਿਆ ਦੇ ਆਧਾਰ ’ਤੇ ਨਾ ਹੋਵੇ? ਜੋ ਵੀ ਹੋਵੇ, ਵਿਰੋਧੀ ਧਿਰ ਦੇ ਨੇਤਾ ਇਹ ਸਮਝਾ ਨਹੀਂ ਸਕੇ ਕਿ ਉਨ੍ਹਾਂ ਦਾ ਮਹਿਲਾ ਰਾਖਵਾਂਕਰਨ ਨਾਲ ਜੁੜੇ ਬਿੱਲ ਦੇ ਵਿਰੋਧ ਪਿੱਛੇ ਮਕਸਦ ਕੀ ਸੀ? ਦੇਖਿਆ ਜਾਵੇ ਤਾਂ ਉਨ੍ਹਾਂ ਨੇ ਮਹਿਲਾਵਾਂ ਦੇ ਹੱਕਾਂ ਨੂੰ ਮਜ਼ਬੂਤੀ ਬਖ਼ਸ਼ਣ ਵਾਲੇ ਇਕ ਮਹੱਤਵਪੂਰਨ ਮੌਕੇ ਨੂੰ ਅਜਾਈਂ ਗੁਆ ਦਿੱਤਾ ਹੈ ਜਿਸ ਕਾਰਨ ਮਹਿਲਾ ਸਸ਼ਕਤੀਕਰਨ ਦੇ ਟੀਚੇ ਨੂੰ ਭਾਰੀ ਢਾਹ ਲੱਗੇਗੀ। ਇਸ ਬਿੱਲ ਦੇ ਡਿੱਗ ਜਾਣ ਨਾਲ ਵਿਰੋਧੀ ਪਾਰਟੀਆਂ ਇਹ ਕਹਿ ਸਕਦੀਆਂ ਹਨ ਕਿ ਉਨ੍ਹਾਂ ਨੇ ਸਰਕਾਰ ਦੇ ਇਰਾਦਿਆਂ ’ਤੇ ਪਾਣੀ ਫੇਰ ਦਿੱਤਾ ਹੈ ਪਰ ਉਨ੍ਹਾਂ ਲਈ ਜਨਤਾ ਨੂੰ ਇਹ ਸਮਝਾਉਣਾ ਮੁਸ਼ਕਲ ਹੋਵੇਗਾ ਕਿ ਉਨ੍ਹਾਂ ਨੇ ਮਹਿਲਾ ਰਾਖਵਾਂਕਰਨ ਕਿਉਂ ਨਹੀਂ ਲਾਗੂ ਹੋਣ ਦਿੱਤਾ?

ਇਹ ਤੈਅ ਹੈ ਕਿ ਮਹਿਲਾ ਰਾਖਵਾਂਕਰਨ ਦੀ ਪਹਿਲ ਨਾਕਾਮ ਹੋ ਜਾਣ ’ਤੇ ਭਾਜਪਾ ਵਿਰੋਧੀ ਪਾਰਟੀਆਂ ਦੇ ਰਵੱਈਏ ਦਾ ਸਿਆਸੀ ਤੌਰ ’ਤੇ ਫ਼ਾਇਦਾ ਚੁੱਕਣ ਦੀ ਹਰ ਸੰਭਵ ਕੋਸ਼ਿਸ਼ ਕਰੇਗੀ ਅਤੇ ਉਨ੍ਹਾਂ ਨੂੰ ਮਹਿਲਾਵਾਂ ਦੇ ਹਿੱਤਾਂ ਦੀਆਂ ਵਿਰੋਧੀ ਕਰਾਰ ਦੇਣ ਵਿਚ ਕੋਈ ਕਸਰ ਨਹੀਂ ਛੱਡੇਗੀ। ਕਾਂਗਰਸ ਕੁਝ ਵੀ ਦਾਅਵਾ ਕਰੇ, ਸੱਚ ਇਹ ਹੈ ਕਿ ਉਸ ਦੀ ਬੁਨਿਆਦ ਕਮਜ਼ੋਰ ਹੁੰਦੀ ਜਾ ਰਹੀ ਹੈ। ਉਸ ਕੋਲ ਇੰਨੀ ਸਮਰੱਥਾ ਨਹੀਂ ਅਤੇ ਨਾ ਹੀ ਉਸ ਦਾ ਸੰਗਠਨ ਅਜਿਹਾ ਹੈ ਕਿ ਉਹ ਪ੍ਰਸਤਾਵਿਤ 816 ਸੀਟਾਂ ’ਤੇ ਸਮਰੱਥ ਉਮੀਦਵਾਰ ਖੜ੍ਹੇ ਕਰ ਪਾਉਂਦੀ ਅਤੇ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਚੋਣ ਲੜਾ ਪਾਉਂਦੀ। ਧਿਆਨ ਰਹੇ ਕਿ ਉਸ ਦੇ ਮੁਕਾਬਲੇ ਭਾਜਪਾ ਦਾ ਸੰਗਠਨ ਕਿਤੇ ਜ਼ਿਆਦਾ ਮਜ਼ਬੂਤ ਹੈ।

ਜਦ ਮਹਿਲਾ ਰਾਖਵਾਂਕਰਨ ਲਾਗੂ ਕਰਵਾਉਣ ਲਈ ਵਿਸ਼ੇਸ਼ ਇਜਲਾਸ ਸੱਦਣ ਦਾ ਫ਼ੈਸਲਾ ਕੀਤਾ ਗਿਆ ਹੋਵੇਗਾ, ਤਦ ਮੋਦੀ ਸਰਕਾਰ ਨੂੰ ਇਹ ਅਹਿਸਾਸ ਜ਼ਰੂਰ ਹੋਇਆ ਹੋਵੇਗਾ ਕਿ ਵਿਰੋਧੀ ਪਾਰਟੀਆਂ ਰੁਕਵਟਾਂ ਪਾਉਣਗੀਆਂ।

ਸਰਕਾਰ ਇਸ ਦੇ ਸੰਭਾਵੀ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਹੋਵੇਗੀ, ਨਹੀਂ ਤਾਂ ਉਹ ਜੋਖ਼ਮ ਨਾ ਲੈਂਦੀ। ਉਸ ਨੇ ਇਹ ਜੋਖ਼ਮ ਇਸ ਲਈ ਲਿਆ ਤਾਂ ਕਿ ਨਾਕਾਮੀ ਦੀ ਹਾਲਤ ਵਿਚ ਉਸ ਨੂੰ ਵਿਰੋਧੀ ਧਿਰ ਵਿਰੁੱਧ ਮਾਹੌਲ ਸਿਰਜਣ ਵਿਚ ਆਸਾਨੀ ਹੋਵੇ। ਵਿਰੋਧੀ ਧਿਰ ਨੇ ਉਸ ਨੂੰ ਇਹ ਮੌਕਾ ਖ਼ੁਦ ਹੀ ਦੇ ਦਿੱਤਾ। ਬੇਸ਼ੱਕ ਮਹਿਲਾਵਾਂ ਦੇ ਰਾਜਨੀਤੀ ਵਿਚ ਆਉਣ ਨਾਲ ਰਾਜਨੀਤਕ ਤੇ ਪ੍ਰਸ਼ਾਸਕੀ ਪੱਧਰ ’ਤੇ ਸੁਧਾਰ ਹੁੰਦਾ। ਵੈਸੇ ਵੀ ਪੰਚਾਇਤਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਨਾਲ ਮਾਹੌਲ ਬਦਲਿਆ ਹੈ। ਪ੍ਰਧਾਨ ਤੇ ਪੰਚਾਇਤ ਪ੍ਰਮੁੱਖ ਦੇ ਰੂਪ ਵਿਚ ਉਹ ਬਿਹਤਰ ਕੰਮ ਕਰ ਰਹੀਆਂ ਹਨ। ਆਖ਼ਰ ਜਦ ਪੰਚਾਇਤਾਂ ਵਿਚ ਮਹਿਲਾਵਾਂ ਦੀਆਂ ਸੀਟਾਂ 50 ਪ੍ਰਤੀਸ਼ਤ ਤੱਕ ਹੋ ਗਈਆਂ ਹਨ ਤਾਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਉਨ੍ਹਾਂ ਲਈ 33 ਪ੍ਰਤੀਸ਼ਤ ਸਥਾਨ ਕਿਉਂ ਨਹੀਂ ਰਾਖਵੇਂ ਹੋ ਸਕਦੇ?

ਵਿਰੋਧੀ ਧਿਰ ਦਾ ਇਕ ਤਰਕ ਇਹ ਸੀ ਕਿ ਸਰਕਾਰ ਚਾਹੇ ਤਾਂ ਮੌਜੂਦਾ ਲੋਕ ਸਭਾ ਸੀਟਾਂ ਵਿਚ ਹੀ ਮਹਿਲਾ ਰਾਖਵਾਂਕਰਨ ਲਾਗੂ ਕਰ ਦੇਵੇ ਪਰ ਜੇ ਅਜਿਹੀ ਕੋਈ ਪਹਿਲ ਹੁੰਦੀ ਤਾਂ ਵੀ ਸ਼ਾਇਦ ਵਿਰੋਧੀ ਧਿਰ ਪਿੱਛੇ ਹਟ ਜਾਂਦੀ ਕਿਉਂਕਿ ਉਸ ਦੇ ਪੁਰਸ਼ ਸਾਂਸਦ ਇਸ ਵਾਸਤੇ ਤਿਆਰ ਨਾ ਹੁੰਦੇ। ਦਰਅਸਲ, ਸਾਰੇ ਸੂਬਿਆਂ ਵਿਚ ਲੋਕ ਸਭਾ ਦੀਆਂ 50 ਪ੍ਰਤੀਸ਼ਤ ਸੀਟਾਂ ਵਧਾ ਕੇ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੀ ਪਹਿਲ ਹੀ ਇਕ ਢੁੱਕਵਾਂ ਤਰੀਕਾ ਸੀ।

ਲੱਗਦਾ ਹੈ ਕਿ ਵਿਰੋਧੀ ਪਾਰਟੀਆਂ ਨੇ ਇਹ ਗੱਲ ਮਨ ਵਿਚ ਪੱਕੀ ਧਾਰ ਲਈ ਸੀ ਕਿ ਉਨ੍ਹਾਂ ਨੇ ਹਰ ਹਾਲਤ ਵਿਚ ਮਹਿਲਾ ਰਾਖਵਾਂਕਰਨ ਦੀ ਪਹਿਲ ਨੂੰ ਪਟੜੀ ਤੋਂ ਉਤਾਰਨਾ ਹੈ। ਉਨ੍ਹਾਂ ਵੱਲੋਂ ਸਰਕਾਰ ਦੀ ਪਹਿਲ ਦੇ ਵਿਰੋਧ ਵਿਚ ਜੋ ਤਰਕ ਦਿੱਤੇ ਗਏ, ਉਹ ਖੋਖਲੇ ਹੀ ਜ਼ਿਆਦਾ ਸਨ। ਦੱਖਣ ਦੀਆਂ ਕਈ ਸਿਆਸੀ ਪਾਰਟੀਆਂ ਸਮੇਤ ਹੋਰ ਖੇਤਰੀ ਪਾਰਟੀਆਂ ਨੇ ਆਪੋ-ਆਪਣੇ ਹਿੱਤ ਦੀ ਤਾਂ ਗੱਲ ਕੀਤੀ ਪਰ ਮਹਿਲਾਵਾਂ ਦੇ ਹਿੱਤ ਦੀ ਅਣਦੇਖੀ ਕਰ ਦਿੱਤੀ।

ਪਤਾ ਨਹੀਂ ਕਿਉਂ ਖੇਤਰਵਾਦ ਦੀ ਸਿਆਸਤ ਕਰਨ ਵਾਲੀਆਂ ਪਾਰਟੀਆਂ ਇਹ ਭੁੱਲ ਜਾਂਦੀਆਂ ਹਨ ਕਿ ਜਦ ਕੋਈ ਸੰਸਦ ਮੈਂਬਰ ਬਣਦਾ ਹੈ ਤਾਂ ਉਹ ਦੇਸ਼ ਦੇ ਸੰਵਿਧਾਨ ਦੀ ਸਹੁੰ ਚੁੱਕਦਾ ਹੈ। ਇਸ ਸਹੁੰ ਵਿਚ ਖੇਤਰ ਵਿਸ਼ੇਸ਼ ਦਾ ਕੋਈ ਮਹੱਤਵ ਨਹੀਂ ਹੁੰਦਾ। ਸਮਝਣਾ ਮੁਸ਼ਕਲ ਹੈ ਕਿ ਰਾਸ਼ਟਰੀ ਅਹਿਮੀਅਤ ਦੇ ਬਿੱਲ ’ਤੇ ਖੇਤਰੀ ਸੌੜੀ ਮਾਨਸਿਕਤਾ ਦਾ ਸਬੂਤ ਕਿਉਂ ਦਿੱਤਾ ਗਿਆ? ਆਖ਼ਰ ਅਜਿਹਾ ਤਾਂ ਹੈ ਨਹੀਂ ਕਿ ਲੋਕ ਸਭਾ ਮੈਂਬਰ ਕਿਸੇ ਰਾਜ ਜਾਂ ਖੇਤਰ ਵਿਸ਼ੇਸ਼ ਦੇ ਹਿੱਤਾਂ ਦੀ ਰਾਖੀ ਲਈ ਚੁਣੇ ਜਾਂਦੇ ਹਨ। ਇਹ ਕੰਮ ਤਾਂ ਵਿਧਾਇਕਾਂ ਦੇ ਜ਼ਿੰਮੇ ਹੁੰਦਾ ਹੈ। ਚੰਗਾ ਹੁੰਦਾ ਕਿ ਵਿਰੋਧੀ ਧਿਰ ਇਸ ਫ਼ਰਕ ਨੂੰ ਸਮਝਦੀ।

ਸਾਡੇ ਲੋਕ
SADE LOK


ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ








## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 15 ਮਈ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ, 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ. ਮਨਜੀਤ ਸਿੰਘ ਬਾਸੀ (209) 678-8519

ਸ. ਹਰਿੰਦਰ ਸਿੰਘ ਸੂਚ (443) 567-0074



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਪ੍ਰਾਣੀ ਕਾ ਭਲਾ ਜਤ ਸਤ ਮੇਂ ਹੈ। ਅਰ ਬੋਲ ਤੋਲ ਮੇਂ ਰਹੈ, ਕਿਆ ਮਰਦ ਕਿਆ ਇਸਤ੍ਰੀ। ਜੇ ਜਾਨੇ ਕਿਸੀ ਉਪਾਊ ਰਹਿਤ ਕਰ ਰਹਿ ਨਹੀਂ ਸਕਤੀ, ਤਬ ਜਾਰੀ ਚਰੀ ਨਾ ਕਰੇ, ਆਪਣੇ ਲਾਇਕ ਦੇਖਕੇ ਅਪਰ ਸੰਜੋਗ ਕਰੇ।

(ਛ) ਪੁਨਰ-ਵਿਵਾਹ ਦੀ ਭੀ ਉਹੋ ਰੀਤੀ ਹੈ ਜੋ 'ਅਨੰਦ' ਲਈ ਉਤੇ ਦਸੀ ਹੈ।

(ਜ) ਸਿੱਖ ਨੂੰ ਇਕੋ ਇਸਤ੍ਰੀ ਪਰ ਸੰਤੋਖ ਕਰਨਾ ਚਾਹੀ ਏ।

(ਝ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਾ ਹੈ ਕਿ ਆਪਣੀ ਸੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

੪. ਮ੍ਰਿਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ ਮੰਜੀ ਤੋਂ ਨਹੀਂ ਉਤਾਰਨਾ, ਦੀਵਾ ਵਈ ਗਊ ਮਣਸਾਉਣਾ ਜਾਂ ਹੋਰ ਕੋਈ ਮਲਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ। ਹਾਂ ਕੁਦਰਤੀ ਤੌਰ 'ਤੇ ਜੋ ਹੰਝੂ ਵਹਿ ਤੁਰਨ, ਉਨ੍ਹਾਂ ਨੂੰ ਰੋਕਣਾ ਮਾੜਾ ਹੈ। ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਤੋਂ ਭੀ ਸਸਕਾਰਨਾ ਚਾਹੀਏ।

(ਸ) ਸਸਕਾਰਨਾ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਅਸ਼ਨਾਨ ਕਰਾਕੇ ਸੁਅਥ ਬਸਤਰ ਤੇ ਕਕਾਰ ਪਵਾ ਕੇ ਤਖਤੈ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਆਇਆ ਜਾਵੇ। ਨਾਲ ਵੱਡਹੰਸ ਤੇ ਮਾਰੂ ਆਦਿ ਰਾਗਾਂ ਦੇ ਵੈਰਾਗਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ ਅਤੇ ਪ੍ਰਾਣੀ ਨੂੰ ਅਗਨ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਸਰੀਰ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਰਪੰਧੀ ਜਾਂ ਹਿਤੂ ਅਗਨੀ ਲਾ ਦੇਵੇ। ਸੰਗਤ ਕੁਝ ਵਿਥ 'ਤੇ ਬਹਿ ਕੇ ਕੀਰਤਨ ਕਰਨ ਜਾਂ ਸ਼ੋਕਮਈ ਸਬਦ ਪੜ੍ਹਨ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਿਰਪਾਨ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧਕੇ ਸੰਗਤ ਮੁੜ ਆਵੇ।


ਘਰ ਆ ਕੇ ਪ੍ਰਾਣੀ ਨਮਿਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਜਾਵੇ ਜਿਸ ਦੀ ਸਮਾਪਤੀ ਦਸਵੇਂ ਦਿਨ ਹੋਵੇ। ਇਸ ਪਾਠ ਵਿਚ ਘਰ ਵਾਲੇ ਤੇ ਸਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਹਿਰੇ' ਦੇ ਪਿਛੋਂ ਚਲਾਣੇ ਦੀ ਰਸਮ ਕੋਈ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ 'ਤੇ ਸਾਰੀ ਦੇਹ ਦੀ ਭਸਮ, ਅਸਥੀਆਂ ਸਮੇਤ, ਉਠਾਕੇ ਜਾਂ ਉਥੇ ਹੀ ਦਬਕੇ ਜਿਮੀ ਬਰਾਬਰ ਕਰ ਦਿੱਤੀ ਜਾਵੇ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ,ਕਿਰਿਆ, ਸਰਾਧ ਆਦਿ ਕਰਨੇ ਮਨਮਤ ਹੈ।

੫. ਹੋਰ ਰੀਤੀਆਂ

(ੳ) ਇਨ੍ਹਾਂ ਸੰਸਕਾਰਾਂ ਤੋਂ ਛੂਟ ਸਮੇਂ ਸਮੇਂ ਜੈ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ, ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਮੰਗਣ ਲਈ ਅਰਦਾਸਾ ਸੋਧੇ। ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।




੩. ਸੇਵਾ

੧. ਸੇਵਾ ਸਿੱਖੀ ਧਰਮ ਦਾ ਇਕ ਉਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਹੋਂਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ : ਸੰਗਤਾਂ ਦੀ ਪਾਣੀ ਪਖੇ ਦੀ ਸੇਵਾ, ਲੰਗਰ ਦੀ ਸੇਵਾ, ਆਦਿ।

(ੳ) ਗੁਰੂ ਕਾ ਲੰਗਰ-ਇਸਦੇ ਦੇ ਭਾਵ ਹਨ- ਇਕ ਸਿੱਖਾਂ ਨੂੰ ਸੇਵਾ ਸਿਖਾਣਾ, ਦੂਜਾ ਊਚ ਨੀਚ, ਛੂਤ ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ। ਪਰ ਲੰਗਰ ਪਕਾਣੇ ਦੀ ਸੇਵਾ ਕੇਵਲ ਸਿੱਖ ਹੀ ਕਰ ਸਕਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ ਨੀਚ, ਕਿਸੇ ਜਾਤ ਜਾਂ ਵਚਨ ਦਾ ਪਰਾਣੀ ਪ੍ਰਸਾਦ ਕਰ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਸੇ ਏਸ, ਝੰਡਣ, ਜਾਤ ਮਜ੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ ਇਕੋ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।

ਪੰਥਕ ਰਹਿਣੀ

੧. ਸੇਵਾ ਕੇਵਲ ਪੱਖੇ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ। ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਰਣ ਉਹੀ ਹੈਜੋ ਥੋੜ੍ਹੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਬਾਰਾਂ। ਸਿੱਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਿਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿੱਖ ਨੇ ਪੰਥ ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) ਗੁਰੂ ਪੰਥ: ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇ ਸਦੀ ਤਿਆਰੀ ਦਸਾਂ ਗੁਰੂ ਸਾਹਿਬਾਨਾਂ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

**(ਚਲਦਾ)**

# ਗਵਰਨਰ ਬਣਿਆ ਤਾਂ ਵਿਸ਼ੇਸ਼ ਦਫਤਰ ਖੋਲਿਆ ਜਾਵੇਗਾ : ਡਾ ਨੀਰਵ ਸ਼ਾਹ




ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਭਾਰਤੀ ਮੂਲ ਦੇ ਡਾਕਟਰ ਨੀਰਵ ਸ਼ਾਹ ਨੇ ਅਗੁਸਟਾ ਵਿੱਚ ਐਲਾਨ ਕੀਤਾ ਹੈ ਕਿ ਜੇਕਰ ਉਹ ਮੇਨੀ ਦਾ ਗਵਰਨਰ ਚੁਣਿਆ ਗਿਆ ਤਾਂ ਉਸ ਦੀ ਯੋਜਨਾ 'ਪਬਲਿਕ ਇਨਗੇਜਮੈਂਟ ਐਂਡ ਟਰਾਂਸਪੇਰੈਂਸੀ' ਦਫਤਰ ਖੋਲਣ ਦੀ ਹੈ । ਉਨਾਂ ਨੇ ਇਹ ਐਲਾਨ ਟਾਊਨ ਹਾਲ ਵਿੱਚ ਇਕ ਸਮਾਗਮ ਦੌਰਾਨ ਕਰਦਿਆਂ ਕਿਹਾ ਕਿ ਜਨਤਿਕ ਮੀਟਿੰਗਾਂ ਤੇ ਫੀਡਬੈਕ ਚੈਨਲ ਗਵਰਨਰ ਦਫਤਰ ਦਾ ਰਸਮੀ ਹਿੱਸਾ ਹੋਣਗੇ। ਪ੍ਰਸਤਾਵਿਤ ਦਫਤਰ ਰਾਜ ਭਰ ਵਿੱਚ ਟਾਊਨ ਹਾਲਾਂ ਨਾਲ ਤਾਲਮੇਲ ਕਰਨਗੇ, ਪ੍ਰਗਤੀ ਡੈਸ਼ਬੋਰਡ ਪ੍ਰਕਾਸ਼ਿਤ ਕਰਨਗੇ ਤੇ ਜਨਤਿਕ ਹੁੰਗਾਰੇ ਸਬੰਧੀ ਪ੍ਰਣਾਲੀ ਉਪਰ ਨਜਰ ਰੱਖਣਗੇ। ਸ਼ਾਹ ਨੇ ਕਿਹਾ ਕਿ ਇਸ ਯੋਜਨਾ ਦਾ ਮੰਤਵ ਜਵਾਬਦੇਹੀ ਵਧਾਉਣਾ ਤੇ ਸਰਕਾਰ ਵਿੱਚ ਲੋਕਾਂ ਦੇ ਭਰੋਸੇ ਨੂੰ ਮਜਬੂਤ ਕਰਨਾ ਹੈ। ਉਨਾਂ ਕਿਹਾ ਕਿ ਚੋਣਾਂ ਤੋਂ ਬਾਅਦ ਵੀ ਅਗਵਾਈ ਨਹੀਂ ਰੁਕੇਗੀ। ਸ਼ਾਹ ਨੇ ਕਿਹਾ ਕਿ ਜੇਕਰ ਤੁਸੀਂ ਲੋਕਾਂ ਨਾਲ ਭਰੋਸਾ ਕਰਨ ਦਾ ਵਾਅਦਾ ਕਰਦੇ ਹੋ ਤਾਂ ਤੁਹਾਨੂੰ ਇਸ ਉਪਰ ਨਿਰੰਤਰ ਖਰਾ ਉਤਰਨਾ ਪਵੇਗਾ ਤੇ ਮੁਸ਼ਕਿਲ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਰਹਿਣਾ ਪਵੇਗਾ।

# ਕੈਲਗਰੀ ਵਿਖੇ ਮੁੱਖ ਮੰਤਰੀ ਡੈਨੀਅਲ ਸਮਿੱਥ ਦੀ ਅਗਵਾਈ ਵਿਚ ਹੈਰੀਟੇਜ ਮਹੀਨਾ ਅਤੇ ਵਿਸਾਖੀ ਮਨਾਈ



ਕੈਲਗਰੀ : ਯੂਨਾਈਟਿਡ ਕੰਨਜ਼ਰਵੇਟਿਵ ਕੋਕਸ ਅਤੇ ਪਾਰਟੀ ਨੇਤਾ ਡੈਨੀਅਲ ਸਮਿੱਥ ਮੁੱਖ ਮੰਤਰੀ ਅਲਬਰਟਾ ਵੱਲੋਂ ਸਿੱਖ ਹੈਰੀਟੇਜ ਮਹੀਨਾ ਅਤੇ ਵਿਸਾਖੀ ਦੇ ਸਬੰਧ ਵਿਚ ਕੈਲਗਰੀ ਵਿਖੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਕਮਿਉਨਟੀਆ ਦੇ ਦੇ ਲੋਕ ਸ਼ਾਮਲ ਹੋਏ। ਇਸ ਸਮੇਂ ਵਿਸ਼ੇਸ਼ ਤੌਰ ਤੇ ਮੰਤਰੀ ਮਿੱਕੀ ਐਮਰੀ, ਮੰਤਰੀ ਰਾਜਨ ਸਾਹਨੀ, ਮਹੁੱਮਦ ਯਾਸੀਨ ਰਾਜ ਮੰਤਰੀ, ਮਾਈਲਸ ਮੈਕਡੁਗਲ ਵਿਧਾਇਕ ਸੈਂਨਟਲ ਡੀ ਜੋਜ, ਜਤਿੰਦਰ ਸਿੰਘ ਤੱਤਲਾ, ਹਰਦਿਆਲ ਸਿੰਘ ਹੈਪੀ ਮਾਨ ਸਮੇਤ ਕਮਿਉਨਟੀ ਦੀਆਂ ਅਹਿਮ ਸਖਸ਼ੀਅਤਾਂ ਸ਼ਾਮਲ ਹੋਈਆ। ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਆਏ ਲੋਕਾਂ ਨੂੰ ਸੰਬੋਧਨ ਕਰਦਿਆ ਸਿੱਖ ਹੈਰੀਟੇਜ ਅਤੇ ਵਿਸਾਖੀ ਦੀ ਵਧਾਈ ਦਿੱਤੀ। ਮੁੱਖ ਮੰਤਰੀ ਨੇ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ, ਪਾਕਿਸਤਾਨ ਕੈਨੇਡਾ ਐਸੋਸੀਏਸ਼ਨ ਕੈਲਗਰੀ, ਹਿੰਦੂ ਸੁਸਾਇਟੀ ਆਫ ਕੈਲਗਰੀ, ਸੀਨੀਅਰਜ਼ ਸੁਸਾਇਟੀਆਂ, ਹਰਿਆਣਵੀ ਸੁਸਾਇਟੀ ਆਫ ਕੈਲਗਰੀ ਸਮੇਤ ਬਾਕੀ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਮੁੱਖ ਮੰਤਰੀ ਵੱਲੋਂ ਅਲਬਰਟਾ ਭਰ ਵਿਚ ਸਿੱਖ ਕਮਿਊਨਿਟੀ ਦੇ ਇਤਿਹਾਸ, ਸੰਸਕ੍ਰਿਤੀ ਅਤੇ ਯੋਗਦਾਨਾਂ ਨੂੰ ਸਨਮਾਨ ਦਿੱਤਾ ਗਿਆ। ਅਲਬਰਟਾ ਸਰਕਾਰ ਵੱਲੋਂ ਪਹਿਲਾਂ ਹੀ ਅਪ੍ਰੈਲ ਮਹੀਨੇ ਨੂੰ ਅਧਿਕਾਰਿਕ ਤੌਰ 'ਤੇ ਸਿੱਖ ਹੈਰੀਟੇਜ ਮਹੀਨਾ ਐਲਾਨਿਆ ਹੋਇਆ ਹੈ। ਜਿਸਦਾ ਮਕਸਦ ਸਿੱਖ ਇਤਿਹਾਸ, ਸੰਸਕ੍ਰਿਤੀ ਅਤੇ ਸਿੱਖ ਕਮਿਊਨਿਟੀ ਦੇ ਮਹੱਤਵਪੂਰਨ ਯੋਗਦਾਨਾਂ ਨੂੰ ਮਾਨਤਾ ਦੇਣਾ ਹੈ। ਉਨ੍ਹਾਂ ਸਭ ਅਲਬਰਟਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੀਨੇ ਦੌਰਾਨ ਲੱਗੀਆਂ ਪ੍ਰਦਰਸ਼ਨੀਆਂ ਅਤੇ ਗਤੀਵਿਧੀਆਂ ਦਾ ਦੌਰਾ ਕਰਨ ਅਤੇ ਸਿੱਖ ਕਮਿਊਨਿਟੀ ਦੇ ਵਿਸ਼ਵਾਸ, ਸੇਵਾ ਅਤੇ ਸਮਾਜਿਕ ਮੁੱਲਾਂ ਨੂੰ ਨੇੜੇ ਤੋਂ ਸਮਝਣ।ਮੁੱਖ ਮੰਤਰੀ ਨੇ ਕਿਹਾ ਕਿ ਵਿਸਾਖੀ ਸਿਰਫ਼ ਤਿਉਹਾਰ ਨਹੀਂ, ਸਗੋਂ ਇਹ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦੀ ਹੈ। ਇਮਾਨਦਾਰੀ ਨਾਲ ਜੀਣਾ, ਦੂਜਿਆਂ ਲਈ ਖੜੇ ਹੋਣਾ ਅਤੇ ਹਰ ਇਕ ਵਿਅਕਤੀ ਨਾਲ ਆਦਰ ਅਤੇ ਸਤਿਕਾਰ ਨਾਲ ਪੇਸ਼ ਆਉਣਾ। ਉਨ੍ਹਾਂ ਨੇ ਸਿੱਖ ਕਮਿਊਨਿਟੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਜੋ ਰੋਜ਼ਾਨਾ ਜੀਵਨ ਵਿਚ ਸੇਵਾ, ਵਲੰਟੀਅਰ ਕੰਮ ਅਤੇ ਮਨੁੱਖਤਾ ਦੀ ਭਲਾਈ ਲਈ ਯੋਗਦਾਨ ਪਾ ਰਹੀ ਹੈ। ਅਖੀਰ ਵਿਚ ਉਨ੍ਹਾਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਵੀ ਸਾਂਝੀਆ ਕੀਤੀਆ। ਪ੍ਰੋਗਰਾਮ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਰਿਸ਼ੀ ਨਾਗਰ ਹੂਰਾਂ ਨਿਭਾਈ। ਅਖੀਰ ਵਿਚ ਹਰਦਿਆਲ ਸਿੰਘ ਹੈਪੀ ਮਾਨ ਨੇ ਆਏ ਸਾਰਿਆ ਦਾ ਧੰਨਵਾਦ ਕੀਤਾ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

# ਗੁਰਬਾਣੀ ਅਨੁਸਾਰ ਮਾਇਆ ਕੀ ਹੈ?

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਤਥਾ

ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥
ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥੧੬॥
(ਪਉੜੀ ਜੈਤਸਰੀ, ਅੰਗ ੭੦੯)

ਬਸ, ਪ੍ਰਭੂ ਦਰ ਤਾਂ ਇਹ ਹੀ ਅਰਦਾਸ ਕਰਨੀ ਬਣਦੀ ਹੈ ਕਿ ਹੇ ਪ੍ਰਭੂ ਜੀ!

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥
(ਗਉੜੀ ਬਾਵਨ ਅਖਰੀ ਮ: ੫, ਅੰਗ ੨੬੧)

ਅਤੇ ਜਿਵੇਂ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਅਰਦਾਸ ਕਰਨ ਦਾ ਢੰਗ ਛੱਤੀਵੀਂ ਵਾਰ ਵਿੱਚ ਦੱਸਿਆ ਹੈ :

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ ॥
ਨਿੰਦਕੁ ਦੁਸਟੁ ਹਰਾਮਖੋਰੁ ਠਗ ਦੇਸ ਠਗੰਦਾ ॥
ਕਾਮ ਕਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ ॥
ਬਿਸ੍ਵਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ ॥
ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ ॥੨॥
(ਵਾਰ ੩੬, ਪਉੜੀ ੨੧)

ਉਸ ਦਰ 'ਤੇ ਤਾਂ ਇਹੋ ਹੀ ਕਹਿਣਾ ਬਣਦਾ ਹੈ ਕਿ :

ਕਿਰਪਾ ਕਰਹੁ ਦੀਨ ਕੇ ਦਾਤੇ
ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥੧॥
(ਰਾਮਕਲੀ ਮ: ੫, ਅੰਗ ੮੮੨)

ਤਥਾ

ਤੁਮ੍ ਸਮਰਥਾ ਕਾਰਨ ਕਰਨ ॥
ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ ॥੧॥ ਰਹਾਉ ॥
ਜੋ ਜੋ ਕੀਨੋ ਸੁ ਤੁਮ੍ ਜਾਨਿਓ
ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥
ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ
ਕੋਟਿ ਅਘਾ ਤੇਰੋ ਨਾਮ ਹਰਨ ॥੧॥
ਹਮਰੋ ਸਹਾਉ ਸਦਾ ਸਦ ਭੂਲਨ
ਤੁਮ੍ਰੋ ਬਿਰਦੁ ਪਤਿਤ ਉਧਰਨ ॥
ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥
(ਬਿਲਾਵਲੁ ਮ: ੫, ਅੰਗ ੮੨੮)

ਅਤੇ

ਕੁਚਿਲ ਕਠੋਰ ਕਪਟ ਕਾਮੀ ॥
ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ ਰਹਾਉ ॥
ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ ॥੧॥
ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥ ਰਹਾਉ ॥
(ਕਾਨੜਾ ਮ: ੫, ਅੰਗ ੧੩੦੧)




ਅਤੇ

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ
ਬਾਪ ਬੀਠੁਲਾ ਬਾਹ ਦੇ ॥੧॥ਰਹਾਉ ॥
(ਗੋਂਡ ਨਾਮਦੇਵ ਜੀ, ਅੰਗ ੮੭੩)

ਇਤਿਆਦਿਕ ਭਾਵਾਂ ਨਾਲ ਕੀਤੀ ਅਰਦਾਸ ਨਾਲ ਮਨ ਉੱਪਰ ਮੈਲ ਨਹੀਂ ਲੱਗਦੀ। ਮਨ ਵਿੱਚ ਨਿਮਰਤਾ ਤਥਾ ਦਾਸਾ-ਭਾਵ ਪ੍ਰਵੇਸ਼ ਕਰਦਾ ਹੈ। ਤਦ ਹੀ ਬਾਬਾ ਜੀ ਨੂੰ ਸਤਿਗੁਰੂ ਜੀ ਨੇ ਸਾਵਧਾਨ ਕੀਤਾ ਸੀ ਕਿ ਤੁਸੀਂ ਹਰ ਪ੍ਰਕਾਰ ਦੀ ਮਾਇਆ ਤੋਂ ਬਚਣਾ ਹੈ। ਬਚਾਉ ਕਿਵੇਂ ਹੋਇਆ ? ਸਤਿਗੁਰ ਜੀ ਦੇ ਚਰਨਾਂ ਵਿੱਚ, ਆਪਾ ਭਾਵ ਗਵਾ ਕੇ, ਆਪਾ ਸਮਰਪਣ ਕਰ, ਅਰਦਾਸ ਕਰਨ ਨਾਲ। ਜਦੋਂ ਸਾਰੇ ਆਸਰੇ ਛੱਡ ਕੇ ਬਾਬਾ ਜੀ ਨੇ ਪ੍ਰਭੂ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਉਸੇ ਵੇਲੇ ਸਤਿਗੁਰੂ ਜੀ ਨੇ ਹੱਥ ਦੇ ਕੇ ਮਾਇਆ ਦੇ ਪ੍ਰਭਾਵ ਤੋਂ ਰੱਖਿਆ ਕੀਤੀ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਨੂੰ ਵਿਦਾ ਹੋਣ ਲੱਗੇ ਤਾਂ ਰਾਇ ਬੁਲਾਰ ਨੇ ਹੱਥ ਜੋੜ ਕੇ ਬਿਨਉ ਕੀਤੀ, ਕਿ ਹੇ ਦਾਤਾ ਜੀਓ! ਜਦ ਆਪ ਜੀ ਇਸ ਨਗਰ ਨੂੰ ਵਰੋਸਾ ਰਹੇ ਸੀ ਤਦੋਂ ਮੈਂ ਆਪਣੀ ਹਰ ਸੰਸਾਰੀ ਜਾਂ ਅਧਿਆਤਮਕ ਅੜਚਣ ਲਈ ਆਪ ਜੀ ਤੋਂ ਅਗਵਾਈ, ਲੈ ਲੈਂਦਾ ਸਾਂ। ਤੁਸੀਂ ਮੇਰੀ ਹਰ ਮੁਸ਼ਕਿਲ ਦਾ ਹੱਲ ਕਰ ਦਿੰਦੇ ਸਉ। ਹੁਣ ਜਦੋਂ ਆਪ ਜੀ ਇਸ ਨਗਰ ਤੋਂ ਵਿਦਾਇਗੀ ਲੈ ਕੇ ਸੁਲਤਾਨਪੁਰ ਨੂੰ ਭਾਗ ਲਾਉਣ ਜਾ ਰਹੇ ਹੋ ਤਾਂ ਹਜ਼ੂਰ ਦਾ ਮੇਰੇ ਲਈ ਕੀ ਹੁਕਮ ਹੈ ?

ਸਤਿਗੁਰਾਂ ਮੁਸਕਰਾ ਕੇ ਫ਼ੁਰਮਾਇਆ, ਹੇ ਰਾਏ! ਜੇ ਤੂੰ ਮੰਨੇ ਤਾਂ ਮੇਰਾ ਇਹੋ ਹੁਕਮ ਹੈ, ਜਦੋਂ ਤੇਰਾ ਆਪਣਾ ਬਲ ਕੰਮ ਨਾ ਸਾਰ ਸਕੇ, ਦੋਵੇਂ ਹੱਥ ਜੋੜ ਕੇ ਕਰਤਾਰ ਦੀ ਸ਼ਰਨੀ ਪੈ ਜਾਵੀਂ ਤੇ ਅਰਦਾਸ ਕਰੀਂ ਕਰਤਾਰ ਬਹੁੜੀ ਕਰੇਗਾ। ਅਰਦਾਸ ਕਰਨ ਨੂੰ ਕੋਈ ਬਹੁਤਾ ਸਮਾਂ ਨਹੀਂ ਲਗਦਾ, ਨਾ ਹੀ ਉਸ ਪ੍ਰਭੂ ਨੂੰ ਰੀਝਾਉਣ ਲਈ ਕੋਈ ਖ਼ਾਸ ਸ਼ਬਦਾਂ ਦੀ ਲੋੜ ਹੈ। ਲੋੜ ਤਾਂ ਕੇਵਲ ਅੰਤਰ-ਆਤਮੇ ਨਿਮਾਣੇ, ਨਿਤਾਣੇ, ਨਿਓਟੇ, ਨਿਆਸਰੇ ਬਣਨ ਦੀ ਹੈ। ਫਿਰ ਸਤਿਗੁਰੂ ਜੀ ਦਾ ਹੁਕਮ ਹੈ :

ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥
(ਟੋਡੀ ਮ: ੫, ਅੰਗ ੭੧੧)

ਅਤੇ

ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
(ਵਾਰ ਸੂਹੀ, ਅੰਗ ੭੯੨)

ਬਾਬਾ ਜੀ ਨੇ ਆਪਣਾ ਸਾਰਾ ਜੀਵਨ ਗੁਰੂ-ਵਾਕਾਂ ਨੂੰ ਸਫਲ ਕਰਦੇ ਹੋਏ ਬਤੀਤ ਕੀਤਾ। ਗੁਰੂ ਆਸਰੇ ਹੋ ਕੇ ਵਿਚਰਨ ਸਦਕਾ ਸਥੂਲ ਅਤੇ ਸੂਖ਼ਮ ਮਾਇਆ ਆਪ ਜੀ ਤੇ ਅਸਰ ਨਹੀਂ ਪਾ ਸਕੀ। ਆਪ ਜੀ ਨੇ ਹੇਠ ਲਿਖੇ ਗੁਰਵਾਕਾਂ ਅਨੁਸਾਰ ਮਾਇਆ ਤੋਂ ਨਿਰਲੇਪ ਸਾਰਾ ਜੀਵਨ ਬਸਰ ਕੀਤਾ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥
(ਰਾਮਕਲੀ ਮ: ੧, ਸਿਧ ਗੋਸਟਿ, ਅੰਗ ੯੩੮)

(ਚਲਦਾ)

# ਕੈਨੇਡਾ ਵਿੱਚ 30,000 ਲੋਕਾਂ 'ਤੇ ਮੁਲਕ 'ਚੋਂ ਕੱਢੇ ਜਾਣ ਦੀ ਲਟਕੀ ਤਲਵਾਰ; 9,000 ਪੰਜਾਬੀ ਵਿਦਿਆਰਥੀ ਵੀ ਸ਼ਾਮਲ

ਚੰਡੀਗੜ੍ਹ : ਕੈਨੇਡਾ ਵਿੱਚ ਨਵਾਂ ਇਮੀਗ੍ਰੇਸ਼ਨ ਕਾਨੂੰਨ, 'ਬਿੱਲ ਸੀ-12' ਲਾਗੂ ਹੋਣ ਤੋਂ ਬਾਅਦ 30,000 ਪਰਵਾਸੀਆਂ 'ਤੇ ਮੁਲਕ ਵਿੱਚੋਂ ਕੱਢੇ ਜਾਣ ਦੀ ਤਲਵਾਰ ਲਟਕ ਗਈ ਹੈ, ਜਿਨ੍ਹਾਂ ਵਿੱਚ ਲਗਪਗ 9,000 ਪੰਜਾਬੀ ਕੌਮਾਂਤਰੀ ਵਿਦਿਆਰਥੀ ਅਤੇ ਸ਼ਰਣ ਮੰਗਣ ਵਾਲੇ ਵੀ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਜਿਸ ਕਾਰਨ ਹੁਣ ਉਨ੍ਹਾਂ 'ਤੇ ਡਿਪੋਰਟ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ।

ਕੈਨੇਡਾ ਦੇ ਨਵੇਂ ਕਾਨੂੰਨ 'ਸਟਰੈਂਥਨਿੰਗ ਕੈਨੇਡਾ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ' ਨੂੰ 26 ਮਾਰਚ ਨੂੰ ਸ਼ਾਹੀ ਮਨਜ਼ੂਰੀ ਮਿਲ ਗਈ ਹੈ, ਜਿਸ ਨੇ ਸ਼ਰਣ ਲੈਣ ਦੇ ਨਿਯਮ ਬਹੁਤ ਸਖ਼ਤ ਕਰ ਦਿੱਤੇ ਹਨ। ਹੁਣ ਜੇਕਰ ਕੋਈ ਵਿਅਕਤੀ ਕੈਨੇਡਾ ਆਉਣ ਦੇ ਇੱਕ ਸਾਲ ਬਾਅਦ ਸ਼ਰਣ ਲਈ ਅਰਜ਼ੀ ਦਿੰਦਾ ਹੈ, ਤਾਂ ਉਹ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ (IRB) ਵਿੱਚ ਪੂਰੀ ਸੁਣਵਾਈ ਲਈ ਅਯੋਗ ਮੰਨਿਆ ਜਾਵੇਗਾ। ਇਹ ਨਿਯਮ 24 ਜੂਨ, 2020 ਤੋਂ ਬਾਅਦ ਕੈਨੇਡਾ ਆਏ ਲੋਕਾਂ 'ਤੇ ਪਿਛਲੀ ਤਰੀਕ ਤੋਂ ਹੀ ਲਾਗੂ ਹੋ ਗਿਆ ਹੈ।

ਸੀਬੀਸੀ ਨਿਊਜ਼ (CBC News) ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਨੇ ਕਰੀਬ 30,000 ਸ਼ਰਣ ਮੰਗਣ ਵਾਲਿਆਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਨੋਟਿਸ' ਭੇਜਣੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਕਿ ਉਨ੍ਹਾਂ ਦੇ ਦਾਅਵੇ ਹੁਣ ਨਿਯਮਾਂ 'ਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਚਿੱਠੀਆਂ ਵਿੱਚ ਲੋਕਾਂ ਨੂੰ ਸਵੈ-ਇੱਛਾ ਨਾਲ ਕੈਨੇਡਾ ਛੱਡਣ ਲਈ ਕਿਹਾ ਗਿਆ ਹੈ, ਨਹੀਂ ਤਾਂ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

'ਦ ਗਲੋਬ ਐਂਡ ਮੇਲ' (The Globe and Mail) ਦੀ ਰਿਪੋਰਟ ਮੁਤਾਬਕ, ਇਨ੍ਹਾਂ ਨੋਟਿਸਾਂ ਕਾਰਨ ਪ੍ਰਭਾਵਿਤ ਲੋਕਾਂ ਵਿੱਚ ਭਾਰੀ ਡਰ ਦਾ ਮਾਹੌਲ ਹੈ। ਇਨ੍ਹਾਂ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ ਪੰਜਾਬੀਆਂ ਦੀ ਹੈ ਜੋ ਪੜ੍ਹਾਈ ਕਰਨ ਲਈ ਸਟੱਡੀ ਪਰਮਿਟ 'ਤੇ ਕੈਨੇਡਾ ਆਏ ਸਨ। ਵੀਜ਼ਾ ਖ਼ਤਮ ਹੋਣ ਜਾਂ ਪੜ੍ਹਾਈ ਤੋਂ ਬਾਅਦ ਕੰਮ ਦੇ ਮੌਕੇ ਨਾ ਮਿਲਣ ਕਾਰਨ ਉਨ੍ਹਾਂ ਨੇ ਉੱਥੇ ਰਹਿਣ ਲਈ ਸ਼ਰਣ (asylum) ਦੀ ਮੰਗ ਕੀਤੀ ਸੀ।



ਇਮੀਗ੍ਰੇਸ਼ਨ ਮੰਤਰੀ ਦੇ ਇੱਕ ਬੁਲਾਰੇ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ ਕਿ ਸਰਕਾਰ ਹੁਣ ਨਵਾਂ ਕਾਨੂੰਨ ਲਾਗੂ ਕਰ ਰਹੀ ਹੈ। ਬੁਲਾਰੇ ਮੁਤਾਬਕ, ਬਿੱਲ ਸੀ-12 ਦੇ ਕਾਨੂੰਨ ਬਣਨ ਤੋਂ ਬਾਅਦ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਲੈਟਰ' (ਸੂਚਨਾ ਪੱਤਰ) ਭੇਜੇ ਜਾ ਰਹੇ ਹਨ, ਜਿਨ੍ਹਾਂ ਦੀਆਂ ਅਰਜ਼ੀਆਂ ਇਸ ਨਵੇਂ ਕਾਨੂੰਨ ਦੇ ਘੇਰੇ ਵਿੱਚ ਆਉਂਦੀਆਂ ਹਨ।

ਜ਼ਿਆਦਾਤਰ ਪੰਜਾਬੀ ਦਾਅਵੇਦਾਰ ਉਹ ਸਾਬਕਾ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਨੇ ਕੈਨੇਡਾ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਰਹਿਣ ਤੋਂ ਬਾਅਦ ਸ਼ਰਣ ਲਈ ਅਰਜ਼ੀ ਦਿੱਤੀ ਸੀ। ਸਟੱਡੀ ਪਰਮਿਟ ਦੇ ਨਿਯਮ ਸਖ਼ਤ ਹੋਣ ਅਤੇ ਪੱਕੇ ਹੋਣ (PR) ਦੇ ਮੌਕੇ ਘਟਣ ਕਰਕੇ, ਬਹੁਤ ਸਾਰੇ ਨੌਜਵਾਨਾਂ ਨੇ ਉੱਥੇ ਰਹਿਣ ਦਾ ਸਮਾਂ ਵਧਾਉਣ ਲਈ ਸ਼ਰਣ ਲੈਣ ਦਾ ਰਾਹ ਅਪਣਾਇਆ ਸੀ।

ਨਵੇਂ ਨਿਯਮਾਂ ਅਨੁਸਾਰ, ਅਯੋਗ ਕਰਾਰ ਦਿੱਤੇ ਗਏ ਲੋਕਾਂ ਨੂੰ ਹੁਣ ਰਿਫਿਊਜੀ ਕੇਸ ਦੀ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ, ਸਗੋਂ ਸਿਰਫ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' (PRRA) ਦੀ ਸਹੂਲਤ ਹੀ ਦਿੱਤੀ ਜਾਵੇਗੀ। ਇਸ ਫੈਸਲੇ ਕਾਰਨ ਇਮੀਗ੍ਰੇਸ਼ਨ ਵਕੀਲਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਕੇਸ ਪੇਸ਼ ਕਰਨ ਦੇ ਮੌਕੇ ਬਹੁਤ ਘਟ ਜਾਣਗੇ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਨੇ ਸਾਫ਼ ਕੀਤਾ ਹੈ ਕਿ ਇਹ ਨੋਟਿਸ ਮੁਲਕ ਵਿੱਚੋਂ ਕੱਢੇ ਜਾਣ ਦੇ ਅੰਤਿਮ ਆਦੇਸ਼ ਨਹੀਂ ਹਨ। ਇਹ ਚਿੱਠੀ ਮਿਲਣ ਵਾਲਿਆਂ ਕੋਲ ਵਾਧੂ ਜਾਣਕਾਰੀ ਦੇਣ ਲਈ ਆਮ ਤੌਰ 'ਤੇ 21 ਦਿਨਾਂ ਦਾ ਸਮਾਂ ਹੁੰਦਾ ਹੈ। ਪਰ ਜੇਕਰ ਕੋਈ ਜਵਾਬ ਨਹੀਂ ਦਿੰਦਾ ਜਾਂ ਦੇਸ਼ ਨਹੀਂ ਛੱਡਦਾ, ਤਾਂ ਉਸ ਨੂੰ ਕੈਨੇਡਾ ਵਿੱਚੋਂ ਬਾਹਰ ਕੱਢਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਇਸ ਖ਼ਬਰ ਨੇ ਬਰੈਂਪਟਨ, ਸਰੀ ਅਤੇ ਕੈਲਗਰੀ ਵਰਗੇ ਸ਼ਹਿਰਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਦੇ ਨਾਲ-ਨਾਲ ਪੰਜਾਬ ਵਿੱਚ ਵੀ ਭਾਰੀ ਚਿੰਤਾ ਪੈਦਾ ਕਰ ਦਿੱਤੀ ਹੈ। ਸਮਾਜਿਕ ਜਥੇਬੰਦੀਆਂ ਨੇ ਪ੍ਰਭਾਵਿਤ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਤੁਰੰਤ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰਾਂ ਜਾਂ ਵਕੀਲਾਂ ਨਾਲ ਗੱਲ ਕਰਨ ਅਤੇ ਆਪਣੇ ਸਾਰੇ ਜ਼ਰੂਰੀ ਦਸਤਾਵੇਜ਼ ਇਕੱਠੇ ਕਰ ਲੈਣ।

# ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਭਵਨ 'ਚ ਮਨਾਇਆ 'ਸਿੱਖ ਵਿਰਾਸਤੀ ਮਹੀਨਾ'



ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ 'ਚ ਸਿੱਖ ਵਿਰਾਸਤੀ ਮਹੀਨਾ ਸਮਾਗਮ ਮੌਕੇ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਡੇਵਿਡ ਈ.ਬੀ.।

ਐਬਟਸਫੋਰਡ : ਕੈਨੇਡਾ 'ਚ ਸਿੱਖਾਂ ਦਾ ਵਿਲੱਖਣ ਇਤਿਹਾਸ ਹੈ ਤੇ 19ਵੀਂ ਸਦੀ ਦੇ ਸ਼ੁਰੂ ਵਿਚ ਬ੍ਰਿਟਿਸ਼ ਕੋਲੰਬੀਆ ਆਏ ਸਿੱਖਾਂ ਨੇ ਸੰਘਰਸ਼ਮਈ ਸਖ਼ਤ ਮਿਹਨਤ ਕਰਕੇ ਆਪਣੇ-ਆਪ ਨੂੰ ਇਥੇ ਸਥਾਪਤ ਕੀਤਾ ਤੇ ਅੱਜ ਹਰ ਖੇਤਰ ਵਿਚ ਸਿੱਖਾਂ ਦਾ ਪੂਰਾ ਬੋਲਬਾਲਾ ਹੈ। ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਤੇ ਸੇਵਾ ਭਾਵਨਾ ਬੇਮਿਸਾਲ ਹੈ ਉਪਰੋਕਤ ਸ਼ਬਦ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈ.ਬੀ. ਨੇ ਵਿਧਾਨ ਸਭਾ ਭਵਨ 'ਚ ਕਰਵਾਏ ਸਿੱਖ ਵਿਰਾਸਤੀ ਮਹੀਨਾ ਸਮਾਗਮ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਹੇ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹਨ। ਇਹ ਪਹਿਲੀ ਵਾਰ ਸੀ ਕਿ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ 'ਚ ਸਿੱਖ ਵਿਰਾਸਤੀ ਮਹੀਨੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਹੋਵੇ। ਇਸ ਮੌਕੇ ਸੂਬਾ ਸਰਕਾਰ ਵਲੋਂ ਸਿੱਖ ਵਿਰਾਸਤੀ ਮਹੀਨੇ ਦਾ ਐਲਾਨਨਾਮਾ ਵੀ ਜਾਰੀ ਕੀਤਾ ਗਿਆ ਅਤੇ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਵਲੋਂ ਲੰਗਰ ਦੀ ਸੇਵਾ ਕੀਤੀ ਗਈ। ਸਮਾਗਮ ਮੌਕੇ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ, ਕੈਬਨਿਟ ਮੰਤਰੀ ਜਗਰੂਪ ਬਰਾੜ, ਰਵੀ ਪਰਮਾਰ, ਜਸਪ੍ਰੀਤ ਕੌਰ ਸੁੰਨੜ, ਸੰਸਦੀ ਸਕੱਤਰ ਸੁਨੀਤਾ ਧੀਰ ਤੇ ਹਰਵਿੰਦਰ ਕੌਰ ਸੰਧੂ ਵੀ ਹਾਜ਼ਰ ਸਨ ਅਤੇ ਕਈ ਗੁਰੂ ਘਰਾਂ ਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ।

# ਜਰਮਨੀ ਦੇ ਗੁਰਦੁਆਰਾ ਸਾਹਿਬ 'ਚ ਹਿੰਸਕ ਝੜਪ, 11 ਲੋਕ ਜ਼ਖ਼ਮੀ



ਮੋਰਸ : ਜਰਮਨੀ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਸ਼ਹਿਰ ਮੋਰਸ ਦੇ ਡੁਇਸਬਰਗ ਖੇਤਰ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿੱਚ ਦੋ ਸਮੂਹਾਂ ਵਿਚਕਾਰ ਹਿੰਸਕ ਝੜਪ ਹੋ ਗਈ। ਇਸ ਝੜਪ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ। ਚਸ਼ਮਦੀਦਾਂ ਅਨੁਸਾਰ ਲੜਾਈ ਇਸ ਹੱਦ ਤੱਕ ਵੱਧ ਗਈ ਕਿ ਚਾਕੂ, ਤਲਵਾਰਾਂ, ਪੇਪਰ ਸਪ੍ਰੇ ਅਤੇ ਇੱਥੋਂ ਤੱਕ ਕਿ ਪਿਸਤੌਲ ਤੱਕ ਦੀ ਵਰਤੋਂ ਵੀ ਕੀਤੀ ਗਈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਲੜਾਈ ਵਿੱਚ ਲਗਭਗ 40 ਲੋਕ ਸ਼ਾਮਲ ਸਨ।

ਜਿਵੇਂ ਹੀ ਗੁਰਦੁਆਰਾ ਸਾਹਿਬ ਵਿੱਚ ਧਾਰਮਿਕ ਪ੍ਰੋਗਰਾਮ ਸ਼ੁਰੂ ਹੋਣ ਵਾਲਾ ਸੀ, ਦੋਵਾਂ ਧਿਰਾਂ ਵਿਚਕਾਰ ਝਗੜਾ ਵਧ ਗਿਆ, ਜਿਸ ਕਾਰਨ ਪਹਿਲਾਂ ਹੱਥੋਪਾਈ ਅਤੇ ਫਿਰ ਇਹ ਭਿਆਨਕ ਲੜਾਈ ਵਿਚ ਤਬਦੀਲ ਹੋ ਗਿਆ। ਸੋਸ਼ਲ ਮੀਡੀਆ 'ਤੇ ਇਸ ਘਟਨਾ ਦੇ ਵੀਡੀਓ ਸਾਹਮਣੇ ਆਏ ਹਨ ਜਿਸ ਵਿੱਚ ਲੋਕ ਇੱਕ ਦੂਜੇ 'ਤੇ ਹਮਲਾ ਕਰਦੇ ਦਿਖਾਈ ਦੇ ਰਹੇ ਹਨ। ਚਸ਼ਮਦੀਦਾਂ ਨੇ ਦੱਸਿਆ ਕਿ ਕੁਝ ਲੋਕਾਂ ਨੇ ਅਚਾਨਕ ਪੇਪਰ ਸਪ੍ਰੇ ਦੀ ਵਰਤੋਂ ਕੀਤੀ, ਜਿਸ ਤੋਂ ਬਾਅਦ ਇੱਕ ਵਿਅਕਤੀ ਨੇ ਪਿਸਤੌਲ ਕੱਢ ਲਈ, ਜਦੋਂ ਕਿ ਦੂਜਿਆਂ ਨੇ ਚਾਕੂ ਅਤੇ ਤਲਵਾਰਾਂ ਵਰਗੇ ਤੇਜ਼ ਹਥਿਆਰ ਵਰਤੇ। ਹਾਲਾਂਕਿ ਪੁਲਿਸ ਨੂੰ ਅਜੇ ਤੱਕ ਕੋਈ ਅਸਲ ਪਿਸਤੌਲ ਬਰਾਮਦ ਨਹੀਂ ਹੋਇਆ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਇੱਕ ਬਲੈਕ-ਫਾਇਰਿੰਗ ਪਿਸਤੌਲ ਹੋ ਸਕਦਾ ਹੈ (ਜੋ ਅਸਲ ਵਿਚ ਗੋਲੀ ਨਹੀਂ ਚਲਾਉਂਦਾ, ਪਰ ਆਵਾਜ਼ ਅਤੇ ਧਮਾਕਾ ਕਰਦਾ ਹੈ)।

ਸ਼ੁਰੂਆਤੀ ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਵਿਵਾਦ ਗੁਰਦੁਆਰਾ ਸਾਹਿਬ ਦੀਆਂ ਕਮੇਟੀ ਚੋਣਾਂ ਅਤੇ ਫੰਡਿੰਗ ਤੋਂ ਪੈਦਾ ਹੋਇਆ ਸੀ। ਪੁਰਾਣੇ ਅਤੇ ਨਵੇਂ ਪ੍ਰਬੰਧਕਾਂ ਵਿਚਕਾਰ ਲੰਬੇ ਸਮੇਂ ਤੋਂ ਤਣਾਅ ਚੱਲ ਰਿਹਾ ਸੀ, ਦੋਵੇਂ ਧੜੇ ਗੁਰਦੁਆਰਾ ਸਾਹਿਬ ਵਿੱਚ ਨਿਯੰਤਰਣ ਅਤੇ ਫੈਸਲਾ ਲੈਣ ਦੇ ਅਧਿਕਾਰ ਨੂੰ ਲੈ ਕੇ ਟਕਰਾਅ ਕਰ ਰਹੇ ਸਨ। ਇੱਕ ਅੱਧਖੜ ਉਮਰ ਦੇ ਚਸ਼ਮਦੀਦ ਗਵਾਹ ਨੇ ਕਿਹਾ ਕਿ ਹਮਲਾ ਪਹਿਲਾਂ ਤੋਂ ਯੋਜਨਾਬੱਧ ਜਾਪਦਾ ਸੀ। ਘਟਨਾ ਦੀ ਜਾਣਕਾਰੀ ਮਿਲਦੇ ਹੀ ਭਾਰੀ ਪੁਲਿਸ ਫੋਰਸ ਮੌਕੇ 'ਤੇ ਪਹੁੰਚੀ। ਇੱਕ ਵਿਸ਼ੇਸ਼ ਯੂਨਿਟ ਵੀ ਤਾਇਨਾਤ ਕੀਤੀ ਗਈ ਹੈ। ਸਾਰੇ ਜ਼ਖਮੀਆਂ ਦਾ ਮੌਕੇ 'ਤੇ ਇਲਾਜ ਕੀਤਾ ਗਿਆ। ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸਨੇ ਕਿਸ 'ਤੇ ਹਮਲਾ ਕੀਤਾ।

# ਇਟਲੀ 'ਚ 2 ਪੰਜਾਬੀਆਂ ਦੀ ਹੱਤਿਆ ਤੋਂ ਬਾਅਦ ਭਾਈਚਾਰੇ 'ਚ ਰੋਸ

## ਨਗਰ ਕੀਰਤਨ ਤੋਂ ਕੁਝ ਘੰਟੇ ਪਹਿਲਾਂ ਦਿੱਤਾ ਵਾਰਦਾਤ ਨੂੰ ਅੰਜਾਮ





ਬਰੇਸ਼ੀਆ (ਇਟਲੀ) : ਇਟਲੀ ਦੇ ਜ਼ਿਲ੍ਹਾ ਬੈਰਗਾਮੋ ਦੇ ਸ਼ਹਿਰ ਕੋਵੋ ਵਿਖੇ ਸਥਿਤ ਗੁਰਦੁਆਰਾ ਸਾਹਿਬ ਮਾਤਾ ਸਾਹਿਬ ਕੌਰ ਜੀ ਦੇ ਪ੍ਰਵੇਸ਼ ਦੁਆਰ 'ਤੇ ਅਣਪਛਾਤੇ ਹਮਲਾਵਰਾਂ ਵਲੋਂ ਕੀਤੀ ਗਈ ਗੋਲੀਬਾਰੀ 'ਚ 2 ਸਿੱਖ ਆਗੂਆਂ ਦੀ ਮੌਤ ਹੋ ਜਾਣ ਦੇ ਬਾਅਦ ਇਟਲੀ 'ਚ ਸਿੱਖ ਭਾਈਚਾਰੇ 'ਚ ਸੋਗ ਦੀ ਲਹਿਰ ਦੌੜ ਗਈ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਮਾਤਾ ਸਾਹਿਬ ਕੌਰ ਜੀ, ਕੋਵੋ ਦੀ ਪ੍ਰਬੰਧਕ ਕਮੇਟੀ ਵਲੋਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਉਣ ਤੋਂ ਪਹਿਲੀ ਰਾਤ ਤਿਆਰੀ ਕਰਕੇ ਪ੍ਰਬੰਧਕ ਹਟੇ ਹੀ ਸਨ ਤੇ ਸੰਗਤ ਆਪਣੇ ਘਰਾਂ ਨੂੰ ਜਾ ਰਹੀ ਸੀ। ਇਸ ਦੌਰਾਨ ਕੁੱਝ ਅਗਿਆਤ ਹਮਲਾਵਰਾਂ ਨੇ ਗੁਰਦੁਆਰਾ ਸਾਹਿਬ ਦੇ ਪ੍ਰਮੁੱਖ ਦੁਆਰ 'ਤੇ ਖੜ੍ਹੇ ਗੁਰੂ ਘਰ ਦੇ ਪ੍ਰਬੰਧਕ ਰਜਿੰਦਰ ਸਿੰਘ ਰੰਮੀ (40) ਤੇ ਗੁਰਮੀਤ ਸਿੰਘ (48) ਉੱਪਰ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ, ਜਿਸ ਕਾਰਨ ਇਹ ਦੋਵੇਂ ਸਿੰਘ ਗੰਭੀਰ ਜ਼ਖ਼ਮੀ ਹੋ ਗਏ। ਘਟਨਾ ਦੀ ਜਾਣਕਾਰੀ ਮਿਲਦੇ ਹੀ ਇਟਾਲੀਅਨ ਪੁਲਿਸ ਹਰਕਤ 'ਚ ਆ ਗਈ ਪਰ ਉਦੋਂ ਤੱਕ ਹਮਲਾਵਰ ਭੱਜਣ 'ਚ ਕਾਮਯਾਬ ਹੋ ਗਏ। ਜਦੋਂ ਕਿ ਦੋਵਾਂ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ 'ਚ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੁਲਿਸ ਸੀ.ਸੀ.ਟੀ.ਵੀ. ਕੈਮਰਿਆਂ ਤੇ ਹੋਰ ਮੌਕੇ ਦੇ ਚਸ਼ਮਦੀਦ ਗਵਾਹਾਂ ਤੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਇਟਲੀ ਦੇ ਕਿਸੇ ਵੀ ਗੁਰੂ ਘਰ 'ਚ ਵਾਪਰੀ ਇਸ ਤਰ੍ਹਾਂ ਦੀ ਪਹਿਲੀ ਘਟਨਾ ਹੈ।

# ਫਰਜ਼ੀ ਟੈਕਸ ਰਿਟਰਨਾਂ ਭਰਨ ਦੇ ਮਾਮਲੇ ਵਿੱਚ ਭਾਰਤੀ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਮੰਨਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਆਸਟਿਨ, ਟੈਕਸਾਸ ਵਿੱਚ ਫਰਜੀ ਟੈਕਸ ਰਿਟਰਨਾਂ ਭਰਨ ਦੇ ਮਾਮਲੇ ਵਿੱਚ ਇੱਕ ਭਾਰਤੀ ਨੂੰ ਕਾਬੂ ਕੀਤਾ ਹੈ, ਜਿਸ ਨੇ ਸੰਘੀ ਅਦਾਲਤ ਵਿੱਚ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨ ਲਿਆ ਹੈ। ਸ਼ੁਭੱਲਾ ਸੁਰੇਸ਼ ਨੇ ਮੰਨਿਆ ਕਿ ਉਸ ਨੇ ਜਨਵਰੀ 2019 ਤੋਂ ਅਕਤੂਬਰ 2022 ਦਰਮਿਆਨ ਜਦੋਂ ਉਹ ਇਕ ਸਥਾਨਕ ਫਰਮ ਵਿੱਚ ਕੰਮ ਕਰਦਾ ਸੀ,ਫਰਜੀ ਰਿਟਰਨਾਂ ਭਰੀਆਂ। ਇਸਤਗਾਸਾ ਪੱਖ ਅਨੁਸਾਰ ਸੁਰੇਸ਼ ਨੇ ਜਾਣਬੁਝਕੇ ਗੈਰ ਕਾਨੂੰਨੀ ਢੰਗ ਨਾਲ ਆਪਣੇ ਗਾਹਕਾਂ ਦਾ ਟੈਕਸ ਘਟਾਉਣ ਲਈ ਰਿਟਰਨਾਂ ਵਿੱਚ ਫਰਜੀ ਖਰਚੇ ਸ਼ਾਮਿਲ ਕੀਤੇ। ਅਦਾਲਤੀ ਦਸਤਾਵੇਜਾਂ ਅਨੁਸਾਰ ਸੁਰੇਸ਼ ਨੇ ਅਮਰੀਕੀ ਖਜ਼ਾਨੇ ਨੂੰ ਲੱਖਾਂ ਡਾਲਰਾਂ ਦਾ ਨੁਕਸਾਨ ਪਹੁੰਚਾਇਆ। ਇਕ ਅਨੁਮਾਨ ਅਨੁਸਾਰ ਇਹ ਨੁਕਸਾਨ ਸਾਢੇ ਪੰਜ ਲੱਖ ਡਾਲਰ ਤੱਕ ਹੋ ਸਕਦਾ ਹੈ। ਸੁਰੇਸ਼ ਚੌਥਾ ਵਿਅਕਤੀ ਹੈ ਜਿਸ ਨੇ ਟੈਕਸ ਫਰਾਡ ਸਕੀਮ ਤਹਿਤ ਆਪਣਾ ਗੁਨਾਹ ਮੰਨਿਆ ਹੈ ਇਸ ਤੋਂ ਪਹਿਲਾਂ ਮੈਥੀਊਜ ਚਾਕੋ, ਅਨੀਸ਼ ਪਿਲਾਈ ਤੇ ਮੋਮ ਕੁੰਡੂ ਨਾਮੀ ਵਿਅਕਤੀ ਵੀ ਫਰਜੀ ਟੈਕਸ ਰਿਟਰਨਾਂ ਭਰਨ ਦੇ ਦੋਸ਼ਾਂ ਨੂੰ ਮੰਨ ਚੁੱਕੇ ਹਨ। ਅਦਾਲਤ ਨੇ ਇਨਾਂ ਨੂੰ ਸਜਾ ਸੁਣਾਉਣ ਬਾਰੇ ਅਜੇ ਤਰੀਕ ਤੈਅ ਨਹੀਂ ਕੀਤੀ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਅਖ਼ਬਾਰਾਂ ਵਿਚ ਇਸ ਤਰ੍ਹਾਂ ਦੇ ਵਾਕਿਆਤ ਜਦੋਂ ਅਜੇ ਖੋਤ ਕਿਤਾਬਤ ਹੋ ਰਹੀ ਹੈ ਪ੍ਰਗਟ ਨਾ ਕੀਤੇ ਜਾਂਦੇ ਤਾਂ ਕਿ ਸਿੱਖੀ ਦਾ ਪ੍ਰਚਾਰ ਜਿਨ੍ਹਾਂ ਲੋਕਾਂ ਨੂੰ ਅਸਹਿ ਹੋ ਰਿਹਾ ਹੈ, ਉਨ੍ਹਾਂ ਦੇ ਹੱਥ ਮਜ਼ਬੂਤ ਨਾ ਹੋ ਸਕਦੇ। ਹੁਣ ਮਾਮਲਾ ਪਬਲਿਕ ਵਿਚ ਆ ਗਿਆ ਹੈ ਤੇ ਲਗਭਗ ਸਾਰੇ ਹੀ ਸਿੱਖ ਅਖ਼ਬਾਰ ਇਸ ਤੇ ਰਾਹਜ਼ਨੀ ਕਰ ਚੁੱਕੇ ਹਨ।

ਅਸੀਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੇ ਸਿੱਖ ਪ੍ਰਚਾਰ ਮਿਸ਼ਨ ਦੇ ਮੁਖੀਆਂ ਨੂੰ ਸਲਾਹ ਦੇਵਾਂਗੇ ਕਿ ਉਨ੍ਹਾਂ ਨੂੰ ਦੂਰ ਦ੍ਰਿਸ਼ਟਤਾ ਤੋਂ ਕੰਮ ਲੈਣਾ ਚਾਹੀਏ, ਉਹ ਹੁਣ ਵੀ ਇਸ ਮਾਮਲੇ ਨੂੰ ਹੱਥ ਵਿਚ ਲੈਣ ਤੇ ਪੰਥ ਦੇ ਸਰ ਕਰਦਿਆਂ ਦਾ ਇਕ ਡੈਪੂਟੇਸ਼ਨ ਬਿਨਾਂ ਕਿਸੇ ਦੇਰ ਦੇ ਦੋਨਾਂ ਤਖ਼ਤਾਂ ਸਾਹਿਬਾਨ ਤੇ ਜਾਏ ਓਥੋਂ ਦੇ ਪ੍ਰਬੰਧਕਾਂ ਨਾਲ ਮਿਲ ਕੇ ਖਿਆਲਾਂ ਦਾ ਵਟਾਂਦਰਾ ਕਰੇ ਤੇ ਇਸ ਸਵਾਲ ਨੂੰ ਜਿਸ ਨੇ ਕਲ ਨੂੰ ਦੁਖਦਾਈ ਬਣਨਾ ਹੈ ਸ਼ੁਰੂ ਵਿਚ ਨਿਪਟਾ ਦੇਵੇ। ਤੇ ਚਹੁੰ ਤਖਤ ਸਾਹਿਬਾਨ ਦੇ 'ਇਤਫ਼ਾਕ' ਦੇ ਇਤਿਹਾਸ ਨੂੰ ਹਰੀ ਕਾਇਮ ਰੱਖੇ।

ਖਾਲਸਾ ਸਮਾਚਾਰ, 14 ਮਈ 1936, ਅੰਕ 27, ਜਿਲਦ 37, ਪੰਨਾ 1-2

ਮਾਸਟਰ ਤਾਰਾ ਸਿੰਘ, ਜੀਵਨ ਸੰਘਰਸ਼ ਤੇ ਉਦੇਸ਼

(ਸੰਪਾਦਕ) ਜਸਵੰਤ ਸਿੰਘ, ਅੰਮ੍ਰਿਤਸਰ, ਅਕਤੂਬਰ 1972

ਅਧਿਆਇ 16, ਪੰਨੇ 173-188

ਦੱਖਣ ਵਿਚ ਦਲਿਤ ਜਾਤੀਆਂ ਦੀ ਹਿੰਦੂ ਧਰਮ ਦੇ ਖ਼ ?ਲਾਫ਼ ਬਗ਼ਾਵਤ ਅਸੀਂ ਮਹਾਤਮਾ ਗਾਂਧੀ ਜੀ ਦੀ ਕੀਤੀ ਇਕ ਹੋਰ ਗ਼ਲਤੀ ਦਾ ਜ਼ਿਕਰ ਕਰਦੇ ਹਾਂ ਅਤੇ ਉਹ ਹੈ ਦਲਿਤ ਜਾਤੀ ਦੇ ਲੋਕਾਂ ਨੂੰ ਸਿੱਖ ਧਰਮ ਵਿਚ ਸ਼ਾਮਲ ਹੋਵਣ ਤੋਂ ਰੋਕਣਾ, ਜਿਸ ਦਾ ਨਤੀਜਾ ਦੱਖਣ ਵਿਚ ਮੌਜੂਦਾ ਦਰਾਵੜ ਕਾਜ਼ਗਾਮ ਲਹਿਰ ਹੈ। ਦਰਾਵੜ ਕਾਗਜਾਮ ਦੀ ਲਹਿਰ ਹਿੰਦੂ ਧਰਮ ਦੇ ਖ਼ਿਲਾਫ਼ ਨਫ਼ਰਤ ਤੇ ਗੁੱਸੇ ਦੀ ਅੱਗ ਪ੍ਰਚੰਡ ਕਰਕੇ ਦੇਸ਼ ਵਾਸਤੇ ਸਖ਼ਤ ਖ਼ਤਰਨਾਕ ਹੋ ਰਹੀ ਹੈ। ਹੁਣ ਅਸੀਂ ਇਸ ਦਾ ਵਿਸਥਾਰ ਦੇਂਦੇ ਹਾਂ।




ਦੱਖਣ ਵਿਚ ਛੂਤ-ਛਾਤ ਬਹੁਤ ਬੁਰੀ ਸ਼ਕਲ ਵਿਚ ਸੀ। ਨੀਚ ਆਖੀਆਂ ਜਾਂਦੀਆਂ ਜਾਤੀਆਂ ਨੂੰ ਸੜਕਾਂ ਉੱਤੇ ਤੁਰਨ ਦੀ ਮਨਾਹੀ ਸੀ ਕਈਆਂ ਨੂੰ ਦਿਨ ਵੇਲੇ ਘਰਾਂ ਤੋਂ ਬਾਹਰ ਨਿਕਲਣ ਦੀ ਭੀ ਖੁੱਲ੍ਹ ਨਹੀਂ ਸੀ ਅਤੇ ਉੱਚ-ਜਾਤਾਂ ਵਾਲੇ ਲੋਕ ਉਨ੍ਹਾਂ ਦੇ ਪਰਛਾਵੇਂ ਤੋਂ ਭੀ ਭਿੱਟ ਮੰਨਦੇ ਸਨ। ਨੀਚ ਆਖੀਆਂ ਜਾਂਦੀਆਂ ਕੌਮਾਂ, ਦਲਿਤ ਜਾਤੀਆਂ, ਦੇ ਲੋਕਾਂ ਨੇ ਸੱਤਿਆਗ੍ਰਹਿ ਸ਼ੁਰੂ ਕੀਤਾ, ਉਹ ਸੜਕਾਂ ਉੱਤੇ ਜਲੂਸ ਕੱਢਣ ਦਾ ਜਤਨ ਕਰਦੇ ਸਨ ਅਤੇ ਉਨ੍ਹਾਂ ਨੂੰ ਰੋਕ ਦਿੱਤਾ ਜਾਂਦਾ ਸੀ। ਇਹ ਸੱਤਿਆਗ੍ਰਹਿ ਦੇਰ ਤੱਕ ਹੁੰਦਾ ਰਿਹਾ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਸੱਤਿਆਗ੍ਰਹੀਆਂ ਦੀ ਮਦਦ ਕੀਤੀ ਸੀ। ਸੱਤਿਆਗ੍ਰਹੀਆਂ ਦੀ ਮਦਦ ਕਰਨ ਲਈ 24 ਮਾਰਚ 1924 ਨੂੰ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ 12 ਅਕਾਲੀ ਸਿੰਘਾਂ ਦਾ ਜਥਾ ਭੇਜਿਆ ਸੀ। ਇਹ ਅਕਾਲੀ ਸਿੰਘਾਂ ਦਾ ਜਥਾ 29 ਮਾਰਚ ਨੂੰ ਮਦਰਾਸ ਪੁੱਜਿਆ ਅਤੇ ਉੱਥੇ ਗਿਆ ਜਿੱਥੇ ਸੱਤਿਆਗ੍ਰਹਿ ਹੋ ਰਿਹਾ ਸੀ ਅਤੇ ਉੱਥੇ ਕਈ ਮਹੀਨੇ ਸੱਤਿਆਗ੍ਰਹੀਆਂ ਵਾਸਤੇ ਮੁਫ਼ਤ ਲੰਗਰ ਜਾਰੀ ਰੱਖਿਆ।

ਇਸ ਤਰ੍ਹਾਂ ਅਖੌਤੀ ਨੀਚ ਜਾਤੀ ਦੇ ਲੋਕਾਂ ਵਿਚ ਜਾਗ੍ਰਿਤੀ ਆਉਣੀ ਸ਼ੁਰੂ ਹੋਈ ਅਤੇ ਉਨ੍ਹਾਂ ਦੇ ਅੰਦਰ ਹਿੰਦੂ ਧਰਮ ਦੇ ਖ਼ਿਲਾਫ਼ ਗ਼ੁੱਸਾ ਵਧਦਾ ਗਿਆ। ਆਖ਼ਿਰ ਦਸ ਬਾਰਾਂ ਸਾਲਾ ਦੀ ਐਜੀਟੇਸ਼ਨ ਮਗਰੋਂ ਇਨ੍ਹਾਂ ਦਲਿਤ ਜਾਤੀਆਂ ਦੇ ਮੁਖੀਆਂ ਨੇ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਛੱਡ ਦੇਣਗੇ ਅਤੇ ਕਿਸੇ ਹੋਰ ਮਜ਼ਬ ਵਿੱਚ ਸ਼ਾਮਲ ਹੋ ਜਾਣਗੇ। ਉਨ੍ਹਾਂ ਵੱਲੋਂ 1936 ਵਿੱਚ ਸੱਦਾ ਮਿਲਣ ਤੇ ਮਾਸਟਰ ਤਾਰਾ ਸਿੰਘ ਜੀ ਉੱਥੇ ਗਏ ਅਤੇ ਅਖੌਤੀ ਨੀਚ ਜਾਤੀਆਂ ਦੀ ਕਾਨਫ਼ਰੰਸ ਹੋਈ। ਮਾਸਟਰ ਜੀ ਨੇ ਉਸ ਕਾਨਫ਼ਰੰਸ ਦੀ ਪ੍ਰਧਾਨ ਕੀਤੀ ਅਤੇ ਉੱਥੇ ਮਾਸਟਰ ਜੀ ਨੇ ਜੋ ਪ੍ਰਧਾਨਗੀ ਭਾਸ਼ਣ ਦਿੱਤਾ ਉਸ ਵਿੱਚ ਜੋ ਆਖਿਆ ਉਸ ਦਾ ਸੰਖੇਪ ਹੇਠਾਂ ਦੇਂਦੇ ਹਾਂ।

**ਮਾਸਟਰ ਤਾਰਾ ਸਿੰਘ ਜੀ ਦੀ ਤਕਰੀਰ (ਮਈ 1936).**

'ਜੋ ਕੁਝ ਮੈਂ ਵੇਖਿਆ ਤੇ ਸੁਣਿਆ ਹੈ, ਉਸ ਦੀ ਬਿਨਾਅ ਤੇ ਮੈਂ ਇਹ ਕਹਿ ਸਕਦਾ ਹਾਂ ਕਿ ਇੱਥੋਂ ਦੀ ਹਾਲਾਤ ਨਾਜ਼ਕ ਹੈ, ਦਲਿਤ ਜਾਤੀਆਂ ਦੇ ਲੋਕ ਅਤੇ ਖ਼ਾਸ ਕਰ ਅਸ਼ੂਆਂ ਕੌਮ ਵਿੱਚ ਜਾਗ੍ਰਿਤੀ ਪੈਦਾ ਹੋ ਗਈ ਹੈ ਅਤੇ ਮੈਂ ਉਨ੍ਹਾਂ ਵਿੱਚੋਂ ਕਈਆਂ ਨੂੰ ਮਿਲਿਆ ਹਾਂ। ਜਿਨ੍ਹਾਂ ਦੇ ਦਿਲਾਂ ਵਿੱਚ ਤਾਂ ਬਦਲਾ ਲੈਣ ਦਾ ਖ਼ਿਆਲ ਪੈਦਾ ਹੋ ਗਿਆ ਹੈ। ਤੁਹਾਡੇ ਇਕ ਦਿਆਨਤਦਾਰ ਤੇ ਸੱਚੇ ਆਗੂ ਨੇ ਇਕ ਦਿਨ ਮੈਨੂੰ ਕਿਹਾ ਕਿ ਉਹ ਕਿਸੇ ਹੋਰ ਧਰਮ ਵਿੱਚ ਕੇਵਲ ਇਸ ਲਈ ਜਾਣਾ ਚਾਹੁੰਦੇ ਹਨ ਕਿ ਉਹ 'ਨੀਚ' ਤੇ ਹੰਕਾਰੀ ਉਹ ਜਾਤੀਆਂ ਤੋਂ ਬਦਲਾ ਲੈ ਸਕਣ।' ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਸ ਦੇ ਜ਼ਿੰਮੇਵਾਰ ਉਹ ਹਨ ਜਿਨ੍ਹਾਂ ਨੇ ਅਜਿਹੀ ਮਾਨਸਿਕ ਅਵਸਥਾ ਨੂੰ ਪੈਦਾ ਕੀਤਾ। ਯਕੀਨੀ ਤੌਰ 'ਤੇ ਇਸ ਮਾਨਸਿਕ ਅਵਸਥਾ ਦਾ ਆਦਮੀ ਖ਼ੁਦਗਰਜ਼ ਨਹੀਂ, ਪਰ ਉਸ ਦੇ ਅੰਦਰ ਜੋ ਘ੍ਰਿਣਾ ਦੀ ਅੱਗ ਪ੍ਰਚੰਡ ਹੈ, ਉਹ ਉਸ ਨੂੰ ਤੇ ਮੇਲ ਰੱਖਣ ਵਾਲਿਆਂ ਨੂੰ ਸਾੜੇ ਦੇਵੇਗੀ ਅਤੇ ਇਸ ਤਰ੍ਹਾਂ ਉਹ ਆਪਣੇ-ਆਪ ਨੂੰ ਤੇ ਨਜ਼ਦੀਕੀਆਂ ਦਾ ਬਹੁਤ ਨੁਕਸਾਨ ਕਰਦਾ ਹੈ, ਖ਼ੁਦਗਰਜ਼ ਨਾਲੋਂ ਭੀ ਵੱਧ ਕੇ ਹਾਨੀਕਾਰਕ ਹੁੰਦਾ ਹੈ।

**(ਚਲਦਾ)**

# ਪੰਜਾਬ ਸਰਕਾਰ ਵਰਲਡ ਹਾਰਟੀ ਸੈਂਟਰ ਈਕੋਸਿਸਟਮ ਦੀ ਤਰਜ਼ 'ਤੇ ਬਾਗਬਾਨੀ ਅਨੁਭਵ ਤੇ ਸਿਖਲਾਈ ਕੇਂਦਰ ਕਰੇਗੀ ਸਥਾਪਤ

## ਮੋਹਾਲੀ 'ਚ ਖੋਜ ਤੇ ਵਿਕਾਸ ਕੇਂਦਰ ਸਥਾਪਿਤ ਕਰਨ ਲਈ ਸੈਮੀਕੰਡਕਟਰ ਦਿੱਗਜ ਐਨ.ਐਕਸ.ਪੀ. ਨੂੰ ਸੱਦਾ

ਚੰਡੀਗੜ੍ਹ : ਇਕ ਰਣਨੀਤਕ ਸਮਝੌਤੇ ਤਹਿਤ ਜੋ ਕਿਸਾਨਾਂ ਦੀ ਤਕਦੀਰ ਬਦਲਣ ਵਿਚ ਅਹਿਮ ਸਿੱਧ ਹੋਵੇਗਾ, ਸੂਬਾ ਸਰਕਾਰ ਵਰਲਡ ਹਾਰਟੀ ਸੈਂਟਰ ਈਕੋਸਿਸਟਮ ਦੀ ਤਰਜ਼ 'ਤੇ ਪੰਜਾਬ 'ਚ ਇਕ ਸਮਰਪਿਤ ਬਾਗਬਾਨੀ ਅਨੁਭਵ ਅਤੇ ਸਿਖਲਾਈ ਕੇਂਦਰ ਸਥਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਕੀਤੇ ਜਾ ਰਹੇ ਸਿਰਤੋੜ ਯਤਨਾਂ ਦਾ ਹਿੱਸਾ ਹੋਵੇਗਾ। ਨੀਦਰਲੈਂਡ 'ਚ ਨਿਵੇਸ਼ ਪ੍ਰੋਤਸਾਹਨ ਆਊਟਰੀਚ ਤਹਿਤ ਆਪਣੇ ਦੌਰੇ ਦੇ ਹਿੱਸੇ ਵਜੋਂ ਮੁੱਖ ਮੰਤਰੀ ਨੇ ਟਿਕਾਊ ਖੇਤੀਬਾੜੀ, ਫੁੱਲਾਂ ਦੀ ਖੇਤੀ ਅਤੇ ਉੱਚ-ਕੁਸ਼ਲਤਾ ਵਾਲੀਆਂ ਖੇਤੀ ਪ੍ਰਣਾਲੀਆਂ 'ਚ ਸਭ ਤੋਂ ਬਿਹਤਰ ਅਭਿਆਸਾਂ ਦਾ ਅਧਿਐਨ ਕਰਨ ਲਈ ਵਰਲਡ ਹਾਰਟੀ ਸੈਂਟਰ (ਡਬਲਯੂ.ਐਚ.ਸੀ.), ਵੈਸਟਲੈਂਡ ਅਤੇ ਵਿਸ਼ਵ ਪ੍ਰਸਿੱਧ ਕੇਯੂਕੇਨਹੌਫ, ਲਿਸੇ ਸਮੇਤ ਪ੍ਰਮੁੱਖ ਬਾਗਬਾਨੀ ਸੰਸਥਾਵਾਂ ਦੇ ਦੌਰੇ ਕੀਤੇ। ਉਨ੍ਹਾਂ ਨੇ ਪੰਜਾਬ 'ਚ ਅਜਿਹਾ ਹੀ ਕੇਂਦਰ ਸਥਾਪਤ ਕਰਨ ਦਾ ਵਿਚਾਰ ਪੇਸ਼ ਕੀਤਾ ਅਤੇ ਕਿਹਾ ਕਿ ਪ੍ਰਸਤਾਵਿਤ ਕੇਂਦਰ ਖੋਜਕਰਤਾਵਾਂ, ਅਕਾਦਮਿਕ ਸੰਸਥਾਵਾਂ, ਉਦਯੋਗ ਅਤੇ ਸਰਕਾਰੀ ਭਾਈਵਾਲਾਂ ਨੂੰ ਇਕਜੁੱਟ ਕਰਕੇ ਰਾਜ ਵਿਚ ਨਵੀਨਤਾ, ਹੁਨਰ ਵਿਕਾਸ ਅਤੇ ਟਿਕਾਊ ਖੇਤੀਬਾੜੀ ਹੱਲਾਂ ਨੂੰ ਅਪਣਾਉਣ 'ਚ ਮਦਦ ਕਰੇਗਾ। ਵਰਲਡ ਹਾਰਟੀ ਸੈਂਟਰ, ਜੋ ਗ੍ਰੀਨਹਾਊਸ ਹਾਰਟੀਕਲਚਰ ਇਨੋਵੇਸ਼ਨ ਲਈ ਇਕ ਗਲੋਬਲ ਹੱਬ ਹੈ, ਵਿਖੇ ਸੀ.ਈ.ਓ. ਪੱਕ ਵੈਨ ਹੋਲਸਟਾਈਨ ਅਤੇ ਮੈਨੇਜਰ ਇੰਟਰਨੈਸ਼ਨਲ ਬਿਜਨਸ ਲੈਨੀ ਡਿਜਕਸੂਰਨ ਵਲੋਂ ਭਗਵੰਤ ਮਾਨ ਦਾ ਨਿੱਘਾ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਲੱਖਣ ਅਨੁਭਵ ਸੀ ਕਿਉਂਕਿ ਉਨ੍ਹਾਂ ਨੂੰ ਨੀਦਰਲੈਂਡ ਦੇ ਗ੍ਰੀਨਹਾਊਸ ਅਤੇ ਨਿਯੰਤਰਿਤ-ਵਾਤਾਵਰਨ ਖੇਤੀ ਦੇ ਵਿਸ਼ਵ ਪ੍ਰਸਿੱਧ ਈਕੋਸਿਸਟਮ ਨਾਲ ਜਾਣੂ ਕਰਵਾਇਆ, ਜਿਥੇ ਤਕਨਾਲੋਜੀ, ਖੋਜ, ਸਿੱਖਿਆ, ਉਦਯੋਗ ਅਤੇ ਸਰਕਾਰ ਦੇ ਸਹਿਯੋਗੀ ਯਤਨਾਂ ਨੇ ਰਵਾਇਤੀ ਖੇਤੀ ਨੂੰ ਉੱਚ-ਉਤਪਾਦਕਤਾ ਵਾਲੀ ਅਤੇ ਟਿਕਾਊ ਖੇਤੀ ਵਿਚ ਬਦਲ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸੂਬੇ ਲਈ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਅਤੇ ਕਿਸਾਨਾਂ ਨੂੰ ਪਾਣੀ ਦੀ ਖਪਤ ਵਾਲੀਆਂ ਫਸਲਾਂ ਦੇ ਚੱਕਰ 'ਚੋਂ ਬਾਹਰ ਕੱਢਣ ਲਈ ਵਧੇਰੇ ਮਦਦਗਾਰ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਨੇ ਜਾਣਕਾਰੀ ਦੀ ਅਦਲਾ-ਬਦਲੀ ਅਤੇ ਤਕਨਾਲੋਜੀ ਭਾਈਵਾਲੀ ਸਮੇਤ ਸਹਿਯੋਗ ਲਈ ਸੰਭਾਵਨਾਵਾਂ ਤਲਾਸ਼ਣ ਅਤੇ ਸਿਧਾਂਤਕ ਤੌਰ 'ਤੇ ਇਸ 'ਤੇ ਸਹਿਮਤੀ ਪ੍ਰਗਟਾਈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਦੌਰਾ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਨੂੰ ਇਕ ਪਸੰਦੀਦਾ ਨਿਵੇਸ਼ ਸਥਾਨ ਵਜੋਂ ਉਤਸ਼ਾਹਿਤ ਕਰਨ 'ਚ ਬਹੁਤ ਮਦਦ ਕਰੇਗਾ।





ਇਸੇ ਦੌਰਾਨ ਪੰਜਾਬ ਨੂੰ ਗਲੋਬਲ ਸੈਮੀਕੰਡਕਟਰ ਅਤੇ ਐਡਵਾਂਸਡ ਇਲੈਕਟ੍ਰਾਨਿਕਸ ਈਕੋਸਿਸਟਮ ਖੇਤਰ 'ਚ ਮੋਹਰੀ ਕਤਾਰ 'ਚ ਖੜ੍ਹਾ ਕਰਨ ਲਈ ਮਹੱਤਵਪੂਰਨ ਯਤਨ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਨੇ ਆਟੋਮੋਟਿਵ ਅਤੇ ਸਕਿਓਰ ਕੁਨੈਕਟੀਵਿਟੀ ਸੈਮੀਕੰਡਕਟਰ ਸਲਿਊਸ਼ਨਜ਼ ਦੇ ਖੇਤਰ 'ਚ ਗਲੋਬਲ ਲੀਡਰ ਅਤੇ ਬਹੁਕੌਮੀ ਤਕਨਾਲੋਜੀ ਮੋਹਰੀ ਕੰਪਨੀ ਐਨ. ਐਕਸ. ਪੀ. ਸੈਮੀਕੰਡਕਟਰਜ਼ ਨੂੰ ਮੋਹਾਲੀ 'ਚ ਇਕ ਖੋਜ ਅਤੇ ਵਿਕਾਸ (ਆਰ ਐਂਡ ਡੀ) ਕੇਂਦਰ ਸਥਾਪਤ ਕਰਨ ਦੀ ਸੰਭਾਵਨਾ ਦੀ ਪੜਚੋਲ ਕਰਨ ਦਾ ਸੱਦਾ ਦਿੱਤਾ ਹੈ। ਐਨ.ਐਕਸ.ਪੀ. ਸੈਮੀਕੰਡਕਟਰਜ਼ ਨੀਦਰਲੈਂਡ ਦੇ ਕਾਰਜਕਾਰੀ ਡਾਇਰੈਕਟਰ ਅਤੇ ਕੰਟਰੀ ਮੈਨੇਜਰ ਮੌਰਿਸ ਗੇਰੇਟਸ ਅਤੇ ਐਨ. ਐਕਸ. ਪੀ. ਸੈਮੀਕੰਡਕਟਰਜ ਦੇ ਪਬਲਿਕ ਪਾਲਿਸੀ ਹੈੱਡ ਡਾ. ਅੰਕਿਤ ਪਾਲ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਐਡਵਾਂਸਡ ਇਲੈਕਟ੍ਰਾਨਿਕਸ, ਸੈਮੀਕੰਡਕਟਰ ਡਿਜ਼ਾਇਨ ਅਤੇ ਨਵੀਨ ਖੋਜ-ਆਧਾਰਿਤ ਈਕੋਸਿਸਟਮ 'ਚ ਸਹਿਯੋਗ ਦੇ ਮੌਕੇ ਲੱਭਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮਜ਼ਬੂਤ ਪ੍ਰਤਿਭਾ ਪੂਲ ਅਤੇ ਉੱਭਰ ਰਹੇ ਇਲੈਕਟ੍ਰਾਨਿਕਸ ਈਕੋਸਿਸਟਮ ਦਾ ਲਾਭ ਉਠਾਉਣ ਲਈ ਮੋਹਾਲੀ ਇਕ ਰਣਨੀਤਿਕ ਸਥਾਨ ਰੱਖਦਾ ਹੈ। ਮੁੱਖ ਮੰਤਰੀ ਨੇ ਐਨ.ਐਕਸ.ਪੀ. ਨੂੰ ਕਾਲਕਟ ਭਵਨ, ਮੋਹਾਲੀ ਵਿਖੇ 'ਸਿਲੀਕਾਨ ਵੈਲੀ' ਵਰਗਾ ਈਕੋਸਿਸਟਮ ਵਿਕਸਤ ਕਰਨ ਦੀਆਂ ਸੂਬਾ ਸਰਕਾਰ ਦੀਆਂ ਯੋਜਨਾਵਾਂ ਤੋਂ ਵੀ ਜਾਣੂ ਕਰਵਾਇਆ, ਜੋ ਰਣਨੀਤਕ ਤੌਰ 'ਤੇ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਆਈ.ਟੀ. ਸਿਟੀ ਨੇੜੇ ਸਥਿਤ ਹੈ। ਉਨ੍ਹਾਂ ਨੇ ਸੂਬੇ 'ਚ ਮੌਜੂਦ ਪ੍ਰਤਿਭਾ ਦੇ ਮਜ਼ਬੂਤ ਈਕੋਸਿਸਟਮ ਦਾ ਵੀ ਜ਼ਿਕਰ ਕੀਤਾ, ਜਿਸ 'ਚ ਆਈ.ਆਈ.ਟੀ. ਰੋਪੜ, ਆਈ. ਐਸ. ਬੀ. ਮੋਹਾਲੀ, ਪਲਾਕਸ਼ਾ ਯੂਨੀਵਰਸਿਟੀ, ਪੰਜਾਬ ਇੰਜੀਨੀਅਰਿੰਗ ਕਾਲਜ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਸ਼ਾਮਿਲ ਹਨ, ਜੋ ਉੱਚ-ਗੁਣਵੱਤਾ ਵਾਲਾ ਖੋਜ ਅਤੇ ਇੰਜੀਨੀਅਰਿੰਗ ਕਾਰਜਬਲ ਤਿਆਰ ਕਰਨ ਲਈ ਸਕਾਰਾਤਕ ਕੰਮ ਕਰ ਸਕਦੀਆਂ ਹਨ। ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਹੋਰ ਵੀ ਮੌਜੂਦ ਸਨ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕਸਰਤ ਕਰਨ ਤੋਂ ਪਹਿਲਾਂ, ਇਹ ਫ਼ੈਸਲਾ ਕਰੋ ਕਿ :**

1. ਤੁਸੀਂ ਕਿਹੜੀ ਕਸਰਤ ਕਰਨ ਦੇ ਚਾਹਵਾਨ ਹੋ, ਉਸਦੀ ਚੋਣ ਕਰੋ, ਜਿਵੇਂ ਪੈਦਲ ਤੁਰਨਾ, ਦੌੜ ਲਗਾਉਣਾ ਜਾਂ ਭਾਰ ਚੁੱਕਣਾ ਆਦਿ।
2. ਬਿਨਾਂ-ਨਾਗਾ ਕਸਰਤ ਬਹੁਤ ਜ਼ਿਆਦਾ ਮਹੱਤਵਪੂਰਨ ਹੈ, ਇਸ ਲਈ ਆਪਣੇ ਆਪ ਨਾਲ ਵਾਇਦਾ ਕਰੋ ਕਿ ਜਦੋਂ ਕਸਰਤ ਸ਼ੁਰੂ ਕਰ ਲਈ ਹੈ ਤਾਂ ਇਸ. ਲਗਾਤਾਰ ਕਰੋਗੇ।
3. ਜੇਕਰ ਤੁਹਾਨੂੰ ਕੋਈ ਦਿਲ ਦੀ ਬਿਮਾਰੀ ਹੈ, ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਕਰੋ ਕਿ ਤੁਸੀਂ ਕਿਸ ਤਰ੍ਹਾਂ ਦੀਆਂ ਕਸਰਤਾਂ ਕਰ ਸਕਦੇ ਹੋ।
4. ਕਸਰਤ ਹੌਲੀ ਹੌਲੀ ਸ਼ੁਰੂ ਕਰੋ ਤਾਂ ਜੋ ਤੁਹਾਡੀਆਂ ਮਾਸਪੇਸ਼ੀਆਂ ਨੂੰ ਗਰਮ ਹੋਣ ਦਾ ਮੌਕਾ ਮਿਲੇ। ਇਸੇ ਤਰ੍ਹਾਂ ਕਸਰਤ ਹੌਲੀ ਹੌਲੀ ਖ਼ਤਮ ਕਰੋ।

ਜੇ ਤੁਹਾਨੂੰ ਗੋਡੇ ਦਾ ਗਠੀਆ ਹੈ ਤਾਂ ਇਸ ਤਰ੍ਹਾਂ ਦੀਆਂ ਕਸਰਤਾਂ ਕਰ ਸਕਦੇ ਹੋ?


1. ਸਾਈਕਲ ਚਲਾਉਣਾ।
2. ਤੈਰਾਕੀ ਕਰਨਾ।
3. ਹੌਲੀ ਪੈਦਲ ਚੱਲਣਾ।

ਡਾਕਟਰ ਨੂੰ ਕਦੋਂ ਦਿਖਾਈਏ?

1. ਕਸਰਤ ਕਰਨ ਸਮੇਂ ਜੇ ਤੁਸੀਂ ਛਾਤੀ ਵਿੱਚ ਦਰਦ ਜਾਂ ਦਬਾਓ ਮਹਿਸੂਸ ਕਰੋ।
2. ਕਸਰਤ ਕਰਨ ਸਮੇਂ ਜੇ ਤੁਹਾਨੂੰ ਚੱਕਰ ਆਉਣ।
3. ਕਸਰਤ ਕਰਨ ਸਮੇਂ ਜੇ ਤੁਹਾਨੂੰ ਸਾਹ ਲੈਣ ਵਿਚ ਤਕਲੀਫ਼ ਹੋਵੇ।

**ਮੋਟਾਪਾ ਤੇ ਸਿਹਤਮੰਦ ਭਾਰ**

ਲੋਕ ਅਲੱਗ ਅਲੱਗ ਸ਼ਕਲਾਂ ਅਤੇ ਆਕਾਰਾਂ ਦੇ ਹੁੰਦੇ ਹਨ। ਸਾਡਾ ਉਦੇਸ਼ ਸਿਹਤਮੰਦ ਭਾਰ ਨੂੰ ਕਾਇਮ ਰੱਖਣਾ




ਹੈ, ਨਾ ਕਿ ਸਿਰਫ਼ ਭਾਰ ਨੂੰ ਘਟਾਉਣਾ।

**ਸਰੀਰ ਦਾ ਭਾਰ ਨਿਰਭਰ ਕਰਦਾ ਹੈ :**

1. ਵਿਰਾਸਤੀ (ਪਰਿਵਾਰਿਕ ਪਿਛੋਕੜ)।
2. ਖਾਣਾ ਜੋ ਤੁਸਲ ਖਾਂਦੇ ਹੋ।
3. ਸਰੀਰਕ ਕੰਮ-ਕਾਜ।

ਸਿਹਤ 'ਤੇ ਧਿਆਨ ਦਿਓ, ਨਾ ਕਿ ਭਾਰ 'ਤੇ :

1. **ਸਿਹਤਮੰਦ ਖਾਣਾ :** ਜ਼ਿਆਦਾ ਨਮਕ ਤੇ ਦ;ਬਜਸਜ ਮਿੱਠੇ ਤੋਂ ਬਚਾਅ ਕਰੋ। ਖਾਣਾ ਘੱਟ ਮਿਕਦਾਰ ਵਿਚ ਖਾਓ, ਜਿਸ ਵਿਚ ਫੈਟ ਘੱਟ ਹੋਵੇ।
2. **ਰੋਜ਼ਾਨਾ ਕਸਰਤ ਕਰਨਾ :** ਕਸਰਤ ਸਾਨੂੰ ਮਜ਼ਬੂਤ ਸਰੀਰ ਦੇ ਨਾਲ ਜ਼ਿਆਦਾ ਊਰਜਾ ਪ੍ਰਦਾਨ ਕਰਦੀ ਹੈ, ਅਤੇ ਭਾਰ ਨੂੰ ਕੰਟਰੋਲ ਕਰਨ ਵਿੱਚ ਸਹਾਈ ਹੁੰਦੀ ਹੈ।

ਮੋਟਾਪਾ ਬਿਮਾਰੀਆਂ ਦਾ ਖ਼ਤਰਾ ਵਧਾਉਂਦਾ ਹੈ, ਜਿਵੇਂ :

1. ਦਿਲ ਦੀ ਬਿਮਾਰੀ।
2. ਸ਼ੂਗਰ ਰੋਗ।
3. ਲਕਵਾ ਜਾਂ ਅਧਰੰਗ।
4. ਜਿਗਰ ਦੀਆਂ ਬਿਮਾਰੀਆਂ।

**ਕਸਰਤ ਕਰਨ ਦੇ ਨੁਕਤੇ :**

1. ਜੋ ਕਸਰਤ ਤੁਸਲ ਕਰਨਾ ਚਾਹੁੰਦੇ ਹੋ, ਉਸਦਾ ਚੁਣਾਓ ਕਰੋ।
2. ਕਸਰਤ ਹਰ ਰੋਜ਼ ਜਾਂ ਹਰ ਦੂਸਰੇ ਦਿਨ ਜ਼ਰੂਰ ਕਰੋ।
3. ਕਿੰਨੀ ਕਸਰਤ ਕੀਤੀ ਗਈ ਹੈ, ਇਸਦੇ ਨਾਲੋਂ ਰੋਜ਼ਾਨਾ ਕਸਰਤ ਕਰਨਾ ਵੱਧ ਜ਼ਰੂਰੀ ਹੈ।
4. ਆਪਣੀ ਕਸਰਤ ਨੂੰ ਰੋਜ਼ਾਨਾ ਮਾਣਨ ਦੀ ਕੋਸ਼ਿਸ਼ ਕਰੋ।
5. ਹਫ਼ਤੇ ਵਿੱਚ ਚਾਰ-ਪੰਜ ਵਾਰੀ ਤਕਰੀਬਨ 30 ਮਿੰਟ ਲਈ ਕਸਰਤ ਜ਼ਰੂਰ ਕਰੋ।

**ਬਿਨਾਂ ਕਸਰਤ ਤੋਂ ਘੱਟ ਖਾਣਾ (ਡਾਈਟਿੰਗ) ਖ਼ਤਰਨਾਕ ਹੈ, ਕਿਉਂਕਿ :**

1. ਸਰੀਰ ਦੀ ਚਰਬੀ ਘਟਦੀ ਹੈ, ਪਰ ਇਸਦੇ ਨਾਲ ਹੀ ਪੱਠੇ ਵੀ ਕਮਜ਼ੋਰ ਹੁੰਦੇ ਹਨ।
2. ਤੁਸੀਂ ਪਤਲੇ ਹੁੰਦੇ ਹੋ, ਪਰ ਇਸਦੇ ਨਾਲ ਹੀ ਕਮਜ਼ੋਰ ਵੀ ਹੁੰਦੇ ਹੋ।

**ਕਦੇ ਵੀ ਖਾਣੇ ਦੇ ਸਮੇਂ ਨੂੰ ਨਾ ਖੁੰਜਾਓ (ਕਦੇ ਭੁੱਖੇ ਨਾ ਰਹੋ) :**

1. ਤੁਸੀਂ ਬਾਅਦ ਵਿੱਚ ਲੋੜ ਤੋਂ ਵੱਧ ਖਾ ਲੈਂਦੇ ਹੋ।
2. ਕਦੇ ਖਾਣ ਅਤੇ ਕਦੇ ਨਾ ਖਾਣ ਨਾਲ ਅਸਲੀਅਤ ਵਿੱਚ ਭਾਰ ਵੱਧ ਜਾਂਦਾ ਹੈ।
3. ਇੱਕੋ ਸਮੇਂ ਜ਼ਿਆਦਾ ਖਾਣਾ ਨਾ ਖਾਓ। ਛੋਟੇ ਹਿੱਸਿਆਂ ਵਿੱਚ ਖਾਓ, ਪਰ ਚੰਗੀ ਤਰ੍ਹਾਂ ਚਬਾ ਕੇ ਖਾਓ।
4. ਕਦੇ ਵੀ ਸਵੇਰ ਦਾ ਖਾਣਾ (ਨਾਸ਼ਤਾ) ਨਾ ਛੱਡੋ।

**ਵੱਖ-ਵੱਖ ਕਿਸਮਾਂ ਦੇ ਖਾਣੇ ਖਾਓ :**

1. ਜ਼ਿਆਦਾ ਫਲ ਅਤੇ ਸਬਜ਼ੀਆਂ ਖਾਓ, ਘੱਟ ਚਰਬੀ ਵਾਲੇ ਖਾਣੇ ਖਾਓ।
2. ਦਿਨ ਵਿੱਚ 8-10 ਗਲਾਸ ਪਾਣੀ ਦੇ ਪੀਓ।

**ਹਮੇਸ਼ਾਂ ਆਸ਼ਾਵਾਦੀ ਰਹੋ :**

1. ਜੇਕਰ ਤੁਸੀਂ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਆਪਣੇ ਆਪ 'ਤੇ ਮਾਣ ਮਹਿਸੂਸ ਕਰੋ।
2. ਆਪਣੇ ਉਦੇਸ਼ਾਂ ਬਾਬਤ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਗੱਲਬਾਤ ਕਰੋ, ਅਤੇ ਉਹਨਾਂ ਨੂੰ ਮਦਦ ਕਰਨ ਲਈ ਕਹੋ।
3. ਜੇਕਰ ਤੁਹਾਡਾ ਭਾਰ ਨਹੀਂ ਘੱਟ ਰਿਹਾ ਤਾਂ ਹੌਂਸਲਾ ਨਾ ਛੱਡੋ, ਸਹਿਣਸ਼ੀਲਤਾ ਨਾਲ ਲਗਾਤਾਰ ਮਿਹਨਤ ਕਰਦੇ ਰਹੋ।
4. ਭਾਰ ਘਟਾਉਣ ਲਈ ਸਹਿਣਸ਼ੀਲਤਾ, ਸਮਾਂ ਅਤੇ ਰੋਜ਼ਾਨਾ ਦੀ ਮਿਹਨਤ ਦੀ ਲੋੜ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।

ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546



ਪੰਜਾਬੀ
ਆਨਲਾਈਨ ਸਕੂਲ
ਦਾਖਲੇ ਲਈ
ਖੁੱਲ੍ਹਾ ਹੈ
2026
ਗੁਰਮੁਖੀ ਅੱਖਰ
QR ਕੋਡ ਸਕੈਨ ਕਰੋ
ਅਤੇ ਫਾਰਮ ਭਰੋ
ਹੁਣੇ
ਦਾਖਲਾ ਲਵੋ
ਪੰਜਾਬੀ ਸਿੱਖੋ
ਗੁਰਬਾਣੀ ਕਲਾਸਾਂ
ਸਾਡੇ ਬਾਰੇ
ਸਾਡਾ ਵਿਸ਼ਵਾਸ ਹੈ ਕਿ ਭਾਸ਼ਾ ਆਪਣੀ ਵਿਰਾਸਤ ਨਾਲ ਜੁੜਨ ਦਾ ਸਭ ਤੋਂ ਮਜ਼ਬੂਤ ਸਾਧਨ ਹੈ।
ਸਾਡਾ ਮਕਸਦ ਇੱਕ ਪਿਆਰ ਭਰਾ ਅਤੇ ਸਹਾਇਕ ਮਾਹੌਲ ਪ੍ਰਦਾਨ ਕਰਨਾ ਹੈ, ਜਿੱਥੇ ਵਿਦਿਆਰਥੀ ਪੰਜਾਬੀ ਬੋਲਣ, ਪੜ੍ਹਣ ਅਤੇ ਲਿਖਣ ਸਿੱਖਣ ਦੇ ਨਾਲ ਨਾਲ ਪੰਜਾਬ ਦੇ ਸਮ੍ਰਿੱਧ ਇਤਿਹਾਸ ਅਤੇ ਮੁੱਲਾਂ ਨੂੰ ਵੀ ਸਮਝ ਸਕਣ।
ਅਸੀਂ ਕੀ ਪ੍ਰਦਾਨ ਕਰਦੇ ਹਾਂ
ਮੂਲ ਪੰਜਾਬੀ ਅਧਿਆਪਕਾਂ ਨਾਲ ਇੱਟਰਐਕਟਿਵ ਲਾਈਵ ਕਲਾਸਾਂ
ਪੰਜਾਬੀ ਪੜ੍ਹਨਾ, ਲਿਖਣਾ ਅਤੇ ਬੋਲਣਾ ਸਿੱਖੋ
ਰੋਜ਼ਾਨਾ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਿੱਖਿਆ
ਮਜ਼ੇਦਾਰ ਵਰਚੁਅਲ ਸਭਿਆਚਾਰਕ ਗਤੀਵਿਧੀਆਂ
ਆਪਣੀ ਮਾਤ ਭਾਸ਼ਾ
ਅਤੇ ਸਭਿਆਚਾਰ ਨੂੰ
ਸਿੱਖੋ ਅਤੇ ਸੰਭਾਲੋ
+1 (510) 828-8352 | +1 (916) 900-6161

# ਪਿਛਲੇ ਸਾਲ ਪਹਿਲਗਾਮ (ਕਸ਼ਮੀਰ) 'ਚ ਦਹਿਸਤਗਰਦਾਂ ਵਲੋਂ ਹਿੰਦੂਆਂ ਦਾ ਨਾਂ ਪੁੱਛ-ਪੁੱਛ ਮਾਰੇ ਗਏ ਮਾਸੂਮ ਲੋਕਾਂ ਦੀ ਯਾਦ 'ਚ ਪੂਰੇ ਭਾਰਤ 'ਚ ਸ਼ਰਧਾਂਜਲੀ













ਪੁਣੇ : ਪਹਿਲਗਾਮ ਦੇ ਅਤਿਵਾਦੀ ਹਮਲੇ ਨੂੰ ਇਕ ਸਾਲ ਹੋ ਗਿਆ। ਬੈਸਰਨ ਦੇ ਖ਼ੂਬਸੂਰਤ ਮੈਦਾਨ ਜੋ ਕਿ ਫੋਟੋਆਂ ਖਿਚਵਾਉਣ ਲਈ ਬਿਲਕੁਲ ਢੁੱਕਵੇਂ ਸਨ, ਕਤਲੇਆਮ ਦੇ ਖ਼ੂਨੀ ਦ੍ਰਿਸ਼ 'ਚ ਬਦਲ ਗਏ। ਇਸ ਹਮਲੇ ਵਿੱਚ 26 ਲੋਕਾਂ ਦੀ ਜਾਨ ਚਲੀ ਗਈ ਜਿਨ੍ਹਾਂ 'ਚ ਪੁਣੇ ਦੀ ਅਸਾਵਰੀ ਜਗਦਲੇ ਦੇ ਪਿਤਾ ਸੰਤੋਸ਼ ਜਗਦਲੇ ਤੇ ਉਨ੍ਹਾਂ ਦੇ ਪਰਮ ਮਿੱਤਰ ਕੌਸਤੁਭ ਗਣਬੋਟੇ ਵੀ ਸ਼ਾਮਲ ਸਨ। ਪਿਛਲੇ ਸਾਲ ਦੀ 22 ਅਪ੍ਰੈਲ ਨੂੰ ਘਟਨਾ ਨੂੰ ਯਾਦ ਕਰਦਿਆਂ ਜਗਦਲੇ ਦੀ ਮਾਂ ਪ੍ਰਗਤੀ ਰੋਣ ਲੱਗਦੀ ਹੈ।

ਭਾਵੁਕ ਹੋਏ ਜਗਦਲੇ ਨੇ ਦੱਸਿਆ, "ਜਦ ਵੀ ਅਸੀਂ ਉਸ ਦਿਨ ਬਾਰੇ ਗੱਲ ਕਰਦੇ ਹਾਂ, ਸਾਨੂੰ ਲੱਗਦਾ ਹੈ ਕਿ ਅਸੀਂ ਫਿਰ ਤੋਂ ਉਸ ਨੂੰ ਅਨੁਭਵ ਕਰ ਰਹੇ ਹਾਂ।" ਪ੍ਰਗਤੀ ਜਗਦਲੇ ਨੇ ਦੱਸਿਆ, "ਅਸੀਂ ਸਾਰੇ ਬਹੁਤ ਖ਼ੁਸ਼ ਸਾਂ, ਜਦ ਗੋਲੀਆਂ ਦੀ ਆਵਾਜ਼ ਕੰਨੀਂ ਪਈ, ਅਸੀਂ ਫੋਟੋਆਂ ਖਿੱਚ ਰਹੇ ਸਾਂ। ਪਲਾਂ ਵਿੱਚ ਹੀ, ਅਤਿਵਾਦੀਆਂ ਨੇ ਮੇਰੇ ਪਤੀ, ਉਨ੍ਹਾਂ ਦੇ ਦੋਸਤ ਕੌਸਤੁਭ ਤੇ ਹੋਰ ਨਿਹੱਥੇ ਸੈਲਾਨੀਆਂ ਨੂੰ ਧਰਮ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਤੇ ਹੱਤਿਆ ਕਰ ਦਿੱਤੀ। ਮੈਂ ਆਪਣੇ ਪਤੀ ਤੇ ਉਨ੍ਹਾਂ ਦੇ ਦੋਸਤ ਨੂੰ ਆਪਣੀਆਂ ਅੱਖਾਂ ਸਾਹਮਣੇ ਮਰਦਿਆਂ ਦੇਖਿਆ। ਇਸ ਘਟਨਾ ਨੇ ਮੇਰੇ ਜ਼ਹਿਨ 'ਤੇ ਬਹੁਤ ਗਹਿਰਾ ਜ਼ਖ਼ਮ ਛੱਡਿਆ ਹੈ ਤੇ ਉਸ ਸਦਮੇ ਨੂੰ ਭੁੱਲਣਾ ਸੌਖਾ ਨਹੀਂ ਹੈ।"

ਅਸਾਵਰੀ ਨੇ ਕਿਹਾ ਕਿ ਉਸ ਦੀ ਮਾਂ ਨੂੰ ਬੇਚੈਨੀ ਰਹਿੰਦੀ ਹੈ, ਨੀਂਦ ਚੰਗੀ ਤਰ੍ਹਾਂ ਨਹੀਂ ਆਉਂਦੀ ਅਤੇ ਡਰ ਵੀ ਬਹੁਤ ਲੱਗਦਾ ਹੈ, ਖ਼ਾਸ ਕਰ ਕੇ ਅਚਾਨਕ ਆਉਣ ਵਾਲੀਆਂ ਉੱਚੀਆਂ ਆਵਾਜ਼ਾਂ ਤੋਂ। ਪਿਛਲੇ ਇਕ ਸਾਲ ਤੋਂ ਕਾਊਂਸਲਿੰਗ ਤੇ ਮੈਡੀਕਲ ਮਦਦ ਦੇ ਬਾਵਜੂਦ ਮਨੋਵਿਗਿਆਨਕ ਫੱਟ ਬਹੁਤ ਗਹਿਰੇ ਹਨ। ਉਨ੍ਹਾਂ ਕਿਹਾ ਕਿ ਲੱਗਦਾ ਨਹੀਂ ਕਿ ਕਿਸੇ ਵੀ ਤਰ੍ਹਾਂ ਦਾ ਇਲਾਜ ਇਨ੍ਹਾਂ ਯਾਦਾਂ ਨੂੰ ਮਿਟਾ ਸਕੇਗਾ, ਇਹ ਸਾਡੇ ਨਾਲ ਹੀ ਰਹਿਣਗੀਆਂ।







# ਪੀੜਤ ਪਰਵਾਰਾਂ ਦੀਆਂ ਅੱਖਾਂ ਨਮ, ਪਰ ਅਤਿਵਾਦ ਵਿਰੁਧ ਦੇਸ਼ ਦੇ ਇਰਾਦੇ ਚਟਾਨ ਵਾਂਗ ਮਜ਼ਬੂਤ

ਪਹਿਲਗਾਮ/ਸ੍ਰੀਨਗਰ: ਪਿਛਲੇ ਸਾਲ ਪਹਿਲਗਾਮ ਦੇ ਬੈਸਾਰਨ ਮੈਦਾਨ ਵਿਚ ਲਸ਼ਕਰ-ਏ-ਤੋਇਬਾ ਦੇ ਅਤਿਵਾਦੀਆਂ ਵਲੋਂ ਕੀਤੇ ਗਏ ਵਹਿਸ਼ੀ ਹਮਲੇ ਦੀ ਪਹਿਲੀ ਬਰਸੀ ਮੌਕੇ ਬੁਧਵਾਰ ਨੂੰ ਪੂਰਾ ਦੇਸ਼ ਭਾਵੁਕ ਨਜ਼ਰ ਆਇਆ। 22 ਅਪ੍ਰੈਲ 2025 ਨੂੰ ਹੋਏ ਇਸ ਖ਼ੂਨੀ ਕਾਂਡ ਵਿਚ 25 ਸੈਲਾਨੀਆਂ ਅਤੇ ਇਕ ਸਥਾਨਕ ਘੋੜੇ ਵਾਲੇ ਦੀ ਜਾਨ ਚਲੀ ਗਈ ਸੀ। ਬੁਧਵਾਰ ਨੂੰ 26 ਪਰਵਾਰਾਂ ਨੇ ਅਪਣੇ ਵਿਛੜੇ ਜੀਆਂ ਨੂੰ ਯਾਦ ਕੀਤਾ, ਜਦਕਿ ਦੇਸ਼ ਦੀ ਸਿਆਸੀ ਲੀਡਰਸ਼ਿਪ ਨੇ ਇਕ ਸੁਰ ਵਿਚ ਐਲਾਨ ਕੀਤਾ ਕਿ ਭਾਰਤ ਅਤਿਵਾਦ ਅੱਗੇ ਕਦੇ ਨਹੀਂ ਝੁਕੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਪਹਲਗਾਮ ਹਮਲੇ ਵਿਚ ਮਾਰੇ ਗਏ ਬੇਗੁਨਾਹ ਲੋਕਾਂ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ। ਦੇਸ਼ ਇਕਜੁੱਟ ਹੈ ਅਤੇ ਅਤਿਵਾਦੀਆਂ ਦੇ ਨੀਚ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ।" ਰਾਸ਼ਟਰਪਤੀ ਦਰੌਪਦੀ ਮੁਰਮੂ ਨੇ ਵੀ ਜ਼ੋਰ ਦਿਤਾ, "ਇਹੋ ਜਿਹੇ ਹਮਲੇ ਸਾਡੀ ਸ਼ਾਂਤੀ ਅਤੇ ਏਕਤਾ ਦੀ ਵਚਨਬੱਧਤਾ ਨੂੰ ਕਦੇ ਡਗਮਗਾ ਨਹੀਂ ਸਕਦੇ।"

ਇਸ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਨੇ 'ਸਿੰਦੂਰ' ਆਪਰੇਸ਼ਨ ਦੇ ਤਹਿਤ ਪਾਕਿਸਤਾਨੀ ਖੇਤਰਾਂ ਵਿਚ ਅਤਿਵਾਦੀ ਢਾਂਚਿਆਂ 'ਤੇ ਕਾਰਵਾਈ ਕੀਤੀ। ਫ਼ੌਜ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ "ਭਾਰਤ ਵਿਰੁਧ ਹਰ ਹਮਲੇ ਦਾ ਜਵਾਬ ਯਕੀਨੀ ਹੈ।"

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ, "ਭਾਰਤ ਕਦੇ ਵੀ ਇਸ ਕਾਇਰਾਨਾ ਹਮਲੇ ਦੇ ਦੋਸ਼ੀਆਂ ਨੂੰ ਮਾਫ਼ ਨਹੀਂ ਕਰੇਗਾ। ਸਰਕਾਰ ਨੂੰ ਵਿਦੇਸ਼ ਨੀਤੀ 'ਤੇ ਵੀ ਜਵਾਬਦੇਹ ਬਣਨਾ ਚਾਹੀਦਾ ਹੈ।"

ਪਰਵਾਰਾਂ ਲਈ ਇਹ ਦਿਨ ਦਰਦ ਭਰੀ ਯਾਦਾਂ ਨਾਲ ਭਰਿਆ ਰਿਹਾ। ਓਡੀਸ਼ਾ ਦੀ ਪਿ ?ਰਯਦਰਸ਼ਿਨੀ ਸਤਪਥੀ ਨੇ ਕਿਹਾ, "ਉਸ ਦਿਨ ਮੇਰੀ ਜ਼ਿੰਦਗੀ ਖ਼ਤਮ ਹੋ ਗਈ ਸੀ। ਸਰਕਾਰ ਨੇ ਮਦਦ ਦਾ ਵਾਅਦਾ ਕੀਤਾ ਸੀ ਪਰ ਬਹੁਤ ਕੁੱਝ ਅਜੇ ਵੀ ਅਧੂਰਾ ਹੈ।" ਕੋਚੀ ਦੀ ਆਰਥੀ ਆਰ. ਮੇਨਨ ਨੇ ਕਿਹਾ, "ਮੈਨੂੰ ਮਾਣ ਹੈ ਕਿ ਭਾਰਤ ਨੇ ਆਤੰਕਵਾਦ ਨੂੰ ਮਜ਼ਬੂਤ ਜਵਾਬ ਦਿਤਾ।"

ਹਰਿਆਣਾ ਦੇ ਰਾਜੇਸ਼ ਨਰਵਾਲ, ਜਿਨ੍ਹਾਂ ਦੇ ਪੁੱਤਰ ਵਿਨਯ ਨਰਵਾਲ ਦੀ ਮੌਤ ਹੋਈ ਸੀ, ਨੇ ਕਿਹਾ, "ਸਾਡੀ ਜ਼ਿੰਦਗੀ ਉਸ ਦਿਨ ਖ਼ਤਮ ਹੋ ਗਈ ਜਦੋਂ ਇਹ ਖ਼ਬਰ ਮਿਲੀ। ਉਹ ਸਿਰਫ਼ 26 ਸਾਲ ਦਾ ਸੀ ਅਤੇ ਅਪਣੀ ਵਿਆਹੀ ਜ਼ਿੰਦਗੀ ਦੀ ਸ਼ੁਰੂਆਤ ਹੀ ਕੀਤੀ ਸੀ।" ਦੂਜੇ ਪਾਸੇ ਇਕ ਸਾਲ ਬਾਅਦ, ਪਹਲਗਾਮ ਵਿਚ ਸੁਰੱਖਿਆ ਕੜੀ ਕੀਤੀ ਗਈ ਹੈ। ਸੈਲਾਨੀਆਂ ਹੌਲੀ-ਹੌਲੀ ਵਾਪਸ ਆ ਰਹੇ ਹਨ। ਵਿਸ਼ਾਲ ਕੇਤਕਰ (ਮਹਾਰਾਸ਼ਟਰ) ਨੇ ਕਿਹਾ, "ਇੱਥੇ ਹੁਣ ਸੁਰੱਖਿਆ ਪ੍ਰਬੰਧ ਬਹੁਤ ਵਧੀਆ ਹਨ। ਪਹਲਗਾਮ ਮੁੜ ਸੁਰੱਖਿਅਤ ਮਹਿਸੂਸ ਹੁੰਦਾ ਹੈ।"

ਨਵੇਂ ਬਣੇ ਸਮਾਰਕ 'ਤੇ ਸੈਲਾਨੀ ਰੁਕ ਕੇ ਸ਼ਰਧਾਂਜਲੀ ਦੇ ਰਹੇ ਹਨ। ਜੈਸ਼੍ਰੀ ਪਟੇਲ (ਗੁਜਰਾਤ) ਨੇ ਕਿਹਾ, "ਕਸ਼ਮੀਰ ਭਾਰਤ ਦਾ ਸਵਿਟਜ਼ਰਲੈਂਡ ਹੈ। ਇੱਥੇ ਆਉਣਾ ਸਾਡਾ ਨੈਤਿਕ ਫ਼ਰਜ਼ ਹੈ।" ਮਲੇਸ਼ੀਆ ਤੋਂ ਆਏ ਮੁਹੰਮਦ ਫ਼ਦਲੀ ਨੇ ਕਿਹਾ, "ਮੈਂ ਇੱਥੇ ਬਾਲੀਵੁੱਡ ਫ਼ਿਲਮਾਂ ਦੇ ਕਾਰਨ ਆਇਆ ਹਾਂ। ਇਹ ਜਗ ?ਹਾ ਅਜੇ ਵੀ ਸੁੰਦਰ ਅਤੇ ਸੁਰੱਖਿਅਤ ਹੈ।" ਪਹਲਗਾਮ ਦੇ ਹੋਟਲ ਉਦਯੋਗਪਤੀ ਆਸਿਫ਼ ਇਕਬਾਲ ਬੁਰਜ਼ਾ ਨੇ ਕਿਹਾ, "ਦੇਸ਼ ਦੇ ਲੋਕਾਂ ਨੇ ਸਾਬਤ ਕੀਤਾ ਹੈ ਕਿ ਆਤੰਕ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ।" ਪੋਨੀ ਐਸੋਸੀਏਸ਼ਨ ਦੇ ਪ੍ਰਧਾਨ ਅਬਦੁਲ ਵਾਹਿਦ ਨੇ ਕਿਹਾ, "ਬੇਗੁਨਾਹਾਂ ਦਾ ਕਤਲ, ਮਨੁੱਖਤਾ ਦਾ ਕਤਲ ਹੈ।" ਹਾਲਾਂਕਿ ਸੈਰ-ਸਪਾਟੇ ਦੀ ਗਤੀਵਿਧੀ ਵਧ ਰਹੀ ਹੈ, ਪਰ ਆਰਥਕ ਮੁੜ-ਬਹਾਲੀ ਅਜੇ ਵੀ ਚੁਨੌਤੀ ਹੈ। ਬਹੁਤ ਸਾਰੇ ਪੋਨੀ ਮਾਲਕ ਅਤੇ ਵਪਾਰੀ, ਜੋ ਪਹਿਲਾਂ ਰੋਜ਼ਾਨਾ 1,800 ਰੁਪਏ ਕਮਾਂਦੇ ਸਨ, ਹੁਣ 200 ਰੁਪਏ ਨਾਲ ਸੰਘਰਸ਼ ਕਰ ਰਹੇ ਹਨ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

'ਹੱਕਾਂ ਦੀ ਗੱਲ ਜੇ ਕਾਨੂੰਨ ਕਰਦਾ ਹੈ, ਤਾਂ ਫਰਜ਼ਾਂ ਦੀ ਪਹਿਰੇਦਾਰੀ ਸਿੱਖੀ ਸਿਧਾਂਤ ਕਰਦੇ ਹਨ।'

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮਨੁੱਖੀ ਅਜ਼ਾਦੀ ਅਤੇ ਸਵੈ-ਮਾਣ 'ਤੇ ਹਮਲਾ ਹੋਇਆ, ਕੁਝ ਮਹਾਨ ਵਿਚਾਰਧਾਰਾਵਾਂ ਨੇ ਮਨੁੱਖਤਾ ਦਾ ਰਾਹ ਰੁਸ਼ਨਾਇਆ। ਭਾਵੇਂ ਉਹ 18ਵੀਂ ਸਦੀ ਦਾ ਅਮਰੀਕੀ ਸੰਵਿਧਾਨ ਹੋਵੇ ਜਾਂ 15ਵੀਂ ਸਦੀ ਤੋਂ ਸ਼ੁਰੂ ਹੋਈ ਸਿੱਖ ਗੁਰੂਆਂ ਦੀ ਇਨਕਲਾਬੀ ਸਿੱਖਿਆ—ਦੋਵਾਂ ਦੇ ਕੇਂਦਰ ਵਿੱਚ ਇੱਕੋ ਹੀ ਸੱਚ ਧੜਕਦਾ ਹੈ: ਮਨੁੱਖੀ ਗਰਿਮਾ ਦੀ ਰਾਖੀ। ਸਵੈ-ਮਾਣ ਕੋਈ ਵਿਰਾਸਤ ਵਿੱਚ ਮਿਲਣ ਵਾਲੀ ਵਸਤੂ ਨਹੀਂ, ਇਹ ਰੂਹ ਵਿੱਚ ਜਗਾਇਆ ਜਾਣ ਵਾਲਾ ਇੱਕ ਜਜ਼ਬਾ ਹੈ; ਅਤੇ ਅਜ਼ਾਦੀ ਕੋਈ ਦਾਨ ਵਿੱਚ ਮਿਲਣ ਵਾਲੀ ਖ਼ੈਰ ਨਹੀਂ, ਇਹ ਸਿਰੜ ਨਾਲ ਜੀਵੀ ਜਾਣ ਵਾਲੀ ਇੱਕ ਜੀਵਨ-ਜੁਗਤ ਹੈ। ਜਿੱਥੇ ਅਮਰੀਕੀ ਸੰਵਿਧਾਨ ਦੀ 'ਦੂਜੀ ਸੋਧ' ਨਾਗਰਿਕ ਨੂੰ ਆਪਣੀ ਸੁਰੱਖਿਆ ਲਈ ਹਥਿਆਰ ਰੱਖਣ ਦਾ ਹੱਕ ਦਿੰਦੀ ਹੈ, ਉੱਥੇ ਦਸਮ ਪਿਤਾ ਨੇ 1699 ਦੀ ਵਿਸਾਖੀ ਨੂੰ 'ਕਿਰਪਾਨ' ਬਖ਼ਸ਼ ਕੇ ਲਿਤਾੜੇ ਹੋਏ ਲੋਕਾਂ ਨੂੰ 'ਸੰਤ-ਸਿਪਾਹੀ' ਦੇ ਰੂਪ ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਤੰਤਰ ਦਾ ਅਧਿਆਤਮਿਕ ਮੁੱਢ ਬੰਨ੍ਹ ਦਿੱਤਾ ਸੀ। ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਦਾ ਇਹ ਖੋਜ-ਭਰਪੂਰ ਲੇਖ ਅਮਰੀਕੀ ਸੰਘੀ ਪ੍ਰਣਾਲੀ (Federalism) ਅਤੇ ਅਨੰਦਪੁਰ ਸਾਹਿਬ ਦੇ ਮਤੇ ਵਰਗੇ ਗੰਭੀਰ ਵਿਸ਼ਿਆਂ ਦੀ ਪੜਚੋਲ ਕਰਦਿਆਂ ਸਾਨੂੰ ਸਾਡੇ ਹੱਕਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕਰਦਾ ਹੈ। ਇਹ ਲੇਖ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਨਹੀਂ, ਸਗੋਂ ਹਰ ਸੁਤੰਤਰ ਰੂਹ ਲਈ ਇੱਕ ਦਾਰਸ਼ਨਿਕ ਲਲਕਾਰ ਹੈ। 'ਅੱਜ ਦੇ ਇਸ ਗੁੰਝਲਦਾਰ ਸਮਾਜਿਕ ਦੌਰ ਵਿੱਚ, ਆਪਣੀਆਂ ਜੜ੍ਹਾਂ ਅਤੇ ਆਪਣੇ ਹੱਕਾਂ ਨੂੰ ਪਛਾਣਨਾ ਸਾਡੀ ਹੋਂਦ ਲਈ ਬੇਹੱਦ ਜ਼ਰੂਰੀ ਹੈ। ਡਾ. ਗ੍ਰੇਵਾਲ ਦੀ ਕਲਮ ਸਾਨੂੰ ਅਹਿਸਾਸ ਕਰਵਾਉਂਦੀ ਹੈ ਕਿ ਇੱਕ 'ਸੱਚਾ ਸਿੱਖ' ਹੋਣਾ ਅਤੇ ਇੱਕ 'ਸੁਚੇਤ ਨਾਗਰਿਕ' ਹੋਣਾ, ਅਸਲ ਵਿੱਚ ਇੱਕੋ ਸੱਚ ਦੇ ਦੋ ਚਮਕਦੇ ਪਹਿਲੂ ਹਨ।' - ਸਤਨਾਮ ਸਿੰਘ ਖ਼ਾਲਸਾ

# ਸੰਵਿਧਾਨਕ ਹੱਕ ਅਤੇ ਸਿੱਖੀ ਸਿਧਾਂਤ ਇੱਕ ਸਾਂਝਾ ਨੀਂਹ ਪੱਥਰ




ਅਮਰੀਕੀ ਸੰਵਿਧਾਨ ਅਤੇ ਸਿੱਖ ਧਰਮ ਦੋਵੇਂ ਸਾਨੂੰ ਇਹ ਸੋਚਣ ਲਈ ਪ੍ਰੇਰਿਤ ਕਰਦੇ ਹਨ ਕਿ ਇੱਕ ਸੱਚਮੁੱਚ ਨਿਆਂਪੂਰਨ ਅਤੇ ਬਰਾਬਰੀ ਵਾਲੀ ਦੁਨੀਆ ਕਿਹੋ ਜਿਹੀ ਹੁੰਦੀ ਹੈ। ਆਪਣੇ ਮੂਲ ਰੂਪ ਵਿੱਚ, ਦੋਵੇਂ ਪਰੰਪਰਾਵਾਂ ਬਰਾਬਰੀ, ਨਿਆਂ, ਆਜ਼ਾਦੀ ਅਤੇ ਮਨੁੱਖੀ ਸਨਮਾਨ 'ਤੇ ਕੇਂਦਰਿਤ ਹਨ। ਜਦੋਂ ਅਸੀਂ ਇਹਨਾਂ ਵਿਸ਼ਵਾਸਾਂ ਦੇ ਆਪਸੀ ਸਾਂਝੇ ਖੇਤਰਾਂ ਨੂੰ ਦੇਖਦੇ ਹਾਂ, ਤਾਂ ਅਸੀਂ ਕੀ ਸਿੱਖ ਸਕਦੇ ਹਾਂ?

ਇੱਕ ਅਜਿਹੇ ਸਮਾਜ ਦੀ ਕਲਪਨਾ ਕਰੋ ਜਿੱਥੇ ਹਰ ਵਿਅਕਤੀ ਸੱਚਮੁੱਚ ਬਰਾਬਰ ਖੜ੍ਹਾ ਹੋਵੇ। ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਦੇਵ ਜੀ ਨੇ ਅਜਿਹੀ ਦੁਨੀਆ ਦਾ ਸੰਕਲਪ ਲਿਆ ਸੀ, ਜਿਸ ਵਿੱਚ ਪੈਰੋਕਾਰਾਂ ਨੂੰ ਜਾਤ-ਪਾਤ, ਧਰਮ, ਲਿੰਗ ਜਾਂ ਰੁਤਬੇ ਦੇ ਆਧਾਰ 'ਤੇ ਵੰਡੀਆਂ ਨੂੰ ਨਕਾਰਨ ਦਾ ਉਪਦੇਸ਼ ਦਿੱਤਾ ਗਿਆ। ਸਿੱਖ ਨਾ ਕੇਵਲ ਬਰਾਬਰ ਅਧਿਕਾਰਾਂ ਦਾ ਜਸ਼ਨ ਮਨਾਉਂਦੇ ਹਨ, ਸਗੋਂ ਸਮਾਜਿਕ ਕਾਰਜਾਂ ਰਾਹੀਂ ਇਨ੍ਹਾਂ ਲਈ ਸਰਗਰਮੀ ਨਾਲ ਲੜਦੇ ਵੀ ਹਨ।

**ਸਾਂਝਾ ਨੁਕਤਾ:** ਦੋਵੇਂ ਹਰ ਵਿਅਕਤੀ ਦੀ ਅੰਦਰੂਨੀ ਗਰਿਮਾ ਅਤੇ ਬਰਾਬਰੀ 'ਤੇ ਜ਼ੋਰ ਦਿੰਦੇ ਹਨ।

**2. ਧਾਰਮਿਕ ਆਜ਼ਾਦੀ**

ਕੀ ਤੁਸੀਂ ਅਜਿਹੀ ਥਾਂ ਰਹਿਣ ਦੀ ਕਲਪਨਾ ਕਰ ਸਕਦੇ ਹੋ ਜਿੱਥੇ ਹਰ ਕੋਈ ਖੁੱਲ੍ਹ ਕੇ ਇਬਾਦਤ ਕਰ ਸਕੇ? ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ (First Amendment) ਇਸ ਅਧਿਕਾਰ ਦੀ ਗਰੰਟੀ ਦਿੰਦੀ ਹੈ, ਜੋ ਵਿਅਕਤੀਆਂ ਨੂੰ ਸਰਕਾਰੀ ਦਖਲਅੰਦਾਜ਼ੀ ਤੋਂ ਬਿਨਾਂ ਆਪਣੇ ਵਿਸ਼ਵਾਸਾਂ ਦਾ ਪਾਲਣ ਕਰਨ ਦੀ ਇਜਾਜ਼ਤ ਦਿੰਦੀ ਹੈ।

ਦੂਜੇ ਦੇ ਪ੍ਰਾਰਥਨਾ ਕਰਨ ਦੇ ਅਧਿਕਾਰ ਲਈ ਸਭ ਕੁਝ ਕੁਰਬਾਨ ਕਰਨ ਦਾ ਕੀ ਅਰਥ ਹੈ? ਸਿੱਖ ਇਤਿਹਾਸ ਵਿੱਚ, ਗੁਰੂ ਤੇਗ ਬਹਾਦਰ ਜੀ ਅਜਿਹੀ ਦਲੇਰੀ ਦੀ ਮਿਸਾਲ ਬਣੇ: ਉਨ੍ਹਾਂ ਨੇ ਦੂਜਿਆਂ—ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ—ਦੇ ਧਾਰਮਿਕ ਅਧਿਕਾਰਾਂ ਦੀ ਰਾਖੀ ਲਈ ਆਪਣੀ ਜਾਨ ਦੇ ਦਿੱਤੀ। ਉਨ੍ਹਾਂ ਦੀ ਸ਼ਹਾਦਤ ਧਾਰਮਿਕ ਆਜ਼ਾਦੀ ਪ੍ਰਤੀ ਸਿੱਖ ਧਰਮ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ।

**ਸਾਂਝਾ ਨੁਕਤਾ:** ਦੋਵੇਂ ਸੁਤੰਤਰ ਰੂਪ ਵਿੱਚ ਪੂਜਾ ਕਰਨ ਦੇ ਅਧਿਕਾਰ ਅਤੇ ਧਾਰਮਿਕ ਵਿਭਿੰਨਤਾ ਦੀ ਰਾਖੀ ਨੂੰ ਪਹਿਲ ਦਿੰਦੇ ਹਨ।

**3. ਨਿਆਂ ਅਤੇ ਕਾਨੂੰਨ ਦਾ ਸ਼ਾਸਨ**

ਅਮਰੀਕੀ ਸੰਵਿਧਾਨ ਇੱਕ ਮਜ਼ਬੂਤ ਕਾਨੂੰਨੀ ਪ੍ਰਣਾਲੀ ਅਤੇ ਕਾਨੂੰਨ ਦੀ ਪ੍ਰਕਿਰਿਆ ਰਾਹੀਂ ਹਰ ਕਿਸੇ ਲਈ ਨਿਆਂ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

ਸਿੱਖਾਂ ਲਈ ਨਿਆਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਸਿੱਖ ਧਰਮ ਜ਼ੁਲਮ ਨੂੰ ਚੁਣੌਤੀ ਦੇਣ ਦਾ ਸੱਦਾ ਹੈ। ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਇਹ ਵਿਰਾਸਤ ਸਮਾਜ ਵਿੱਚ ਨਿਰਪੱਖਤਾ ਲਈ ਯਤਨਾਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।

**ਸਾਂਝਾ ਨੁਕਤਾ:** ਦੋਵੇਂ ਸਮਾਜ ਦੇ ਸਾਰੇ ਮੈਂਬਰਾਂ ਲਈ ਨਿਰਪੱਖ ਵਿਵਹਾਰ ਅਤੇ ਨਿਆਂ 'ਤੇ ਜ਼ੋਰ ਦਿੰਦੇ ਹਨ।

**4. ਆਜ਼ਾਦੀ ਅਤੇ ਜ਼ਿੰਮੇਵਾਰੀ**

ਅਮਰੀਕੀ ਸੰਵਿਧਾਨ ਵਿੱਚ ਬੋਲਣ ਦੀ ਆਜ਼ਾਦੀ, ਪ੍ਰਗਟਾਵੇ ਅਤੇ ਖੁਸ਼ੀ ਦੀ ਭਾਲ ਵਰਗੀਆਂ ਸੁਤੰਤਰਤਾਵਾਂ ਦਰਜ ਹਨ, ਜੋ ਵੋਟ ਪਾਉਣ ਅਤੇ ਜਿਊਰੀ ਸੇਵਾ ਵਰਗੇ ਨਾਗਰਿਕ ਕਰਤੱਵਾਂ ਨਾਲ ਜੁੜੀਆਂ ਹੋਈਆਂ ਹਨ।

ਸਿੱਖ ਸਿੱਖਿਆਵਾਂ ਨੈਤਿਕ ਜ਼ਿੰਮੇਵਾਰੀ ਦੇ ਦਾਇਰੇ ਵਿੱਚ ਨਿੱਜੀ ਆਜ਼ਾਦੀ ਦੀ ਵਕਾਲਤ ਕਰਦੀਆਂ ਹਨ। ਸਿੱਖਾਂ ਨੂੰ ਇਮਾਨਦਾਰ, ਸੱਚਾ ਜੀਵਨ ਜਿਉਣ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ (ਸੇਵਾ) ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਸਾਂਝਾ ਨੁਕਤਾ:** ਦੋਵੇਂ ਨਿੱਜੀ ਆਜ਼ਾਦੀ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਸੰਤੁਲਨ ਨੂੰ ਮਹੱਤਵ ਦਿੰਦੇ ਹਨ।

**5. ਲੋਕਤੰਤਰੀ ਸ਼ਾਸਨ**

ਸੰਵਿਧਾਨ ਇੱਕ ਲੋਕਤੰਤਰੀ ਸਰਕਾਰ ਦੀ ਸਥਾਪਨਾ ਕਰਦਾ ਹੈ ਜਿਸ ਵਿੱਚ ਸ਼ਕਤੀ ਲੋਕਾਂ ਕੋਲ ਹੁੰਦੀ ਹੈ ਅਤੇ ਆਗੂ ਜਨਤਾ ਪ੍ਰਤੀ ਜਵਾਬਦੇਹ ਹੁੰਦੇ ਹਨ।

ਸਿੱਖ ਧਰਮ ਵਿੱਚ, ਸਮੂਹਿਕ ਫੈਸਲੇ ਲੈਣ ਦੀ ਪਰੰਪਰਾ, ਜਾਂ ਸਰਬੱਤ ਖਾਲਸਾ, ਵੀ ਲੋਕਤੰਤਰੀ ਹੈ। ਸਿੱਖ ਸੰਗਤਾਂ ਆਪਸੀ ਸਹਿਮਤੀ ਨਾਲ ਸਮੂਹਿਕ ਫੈਸਲੇ ਲੈਂਦੀਆਂ ਹਨ।

**ਸਾਂਝਾ ਨੁਕਤਾ:** ਦੋਵੇਂ ਭਾਗੀਦਾਰੀ ਸ਼ਾਸਨ ਅਤੇ ਜਵਾਬਦੇਹੀ 'ਤੇ ਜ਼ੋਰ ਦਿੰਦੇ ਹਨ।

**6. ਮਨੁੱਖੀ ਅਧਿਕਾਰ ਅਤੇ ਜਨਤਕ ਭਲਾਈ**

ਅਮਰੀਕੀ ਸੰਵਿਧਾਨ 'ਬਿੱਲ ਆਫ ਰਾਈਟਸ' ਰਾਹੀਂ ਜੀਵਨ, ਆਜ਼ਾਦੀ ਅਤੇ ਸੰਪਤੀ ਦੀ ਰੱਖਿਆ ਕਰਦਾ ਹੈ। ਸਿੱਖ ਗੁਰੂਆਂ ਨੇ ਔਰਤਾਂ ਅਤੇ ਪਛੜੇ ਹੋਏ ਸਮੂਹਾਂ ਸਮੇਤ ਸਾਰਿਆਂ ਦੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ।

ਸੰਵਿਧਾਨ ਦੀ ਪ੍ਰਸਤਾਵਨਾ 'ਆਮ ਭਲਾਈ' (General Welfare) ਨੂੰ ਉਤਸ਼ਾਹਿਤ ਕਰਨ ਦਾ ਜ਼ਿਕਰ ਕਰਦੀ ਹੈ, ਜੋ ਸਿੱਖ ਧਰਮ ਦੇ ਸਰਬੱਤ ਦੇ ਭਲੇ ਦੇ ਸੰਕਲਪ ਨਾਲ ਮੇਲ ਖਾਂਦੀ ਹੈ। ਨਿਸ਼ਕਾਮ ਸੇਵਾ ਰਾਹੀਂ ਲੋੜਵੰਦਾਂ ਦੀ ਮਦਦ ਕਰਨਾ ਦੋਵਾਂ ਪ੍ਰਣਾਲੀਆਂ ਵਿੱਚ ਸਮਾਜ ਦੀ ਤੰਦਰੁਸਤੀ ਲਈ ਮਹੱਤਵਪੂਰਨ ਹੈ।

**ਇਤਿਹਾਸਕ ਮੀਲ ਪੱਥਰ**

| **ਤਾਰੀਖ** | **ਘਟਨਾ** |
|---|---|
| 1469 | : ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼। |
| 1604 | : ਪੰਜਵੇਂ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕੀਤਾ। |
| 4 ਜੁਲਾਈ, 1776 | : ਅਮਰੀਕਾ ਦੀ ਆਜ਼ਾਦੀ ਦਾ ਐਲਾਨਨਾਮਾ ਲਿਖਿਆ ਗਿਆ। |
| 4 ਮਾਰਚ, 1789 | : ਅਮਰੀਕੀ ਸੰਵਿਧਾਨ ਨੂੰ ਅਪਣਾਇਆ ਗਿਆ। |

**Export to Sheets**

**ਹਥਿਆਰ ਰੱਖਣ ਦਾ ਅਧਿਕਾਰ (Right to Bear Arms)**

ਅਮਰੀਕੀ ਸੰਵਿਧਾਨ ਦੀ ਦੂਜੀ ਸੋਧ ਨਾਗਰਿਕਾਂ ਨੂੰ ਹਥਿਆਰ ਰੱਖਣ ਦਾ ਅਧਿਕਾਰ ਦਿੰਦੀ ਹੈ:

'ਇੱਕ ਆਜ਼ਾਦ ਰਾਜ ਦੀ ਸੁਰੱਖਿਆ ਲਈ ਇੱਕ ਚੰਗੀ ਤਰ੍ਹਾਂ ਨਿਯਮਤ ਮਿਲੀਸ਼ੀਆ ਦੀ ਲੋੜ ਹੋਣ ਕਰਕੇ, ਲੋਕਾਂ ਦੇ ਹਥਿਆਰ ਰੱਖਣ ਅਤੇ ਚੁੱਕਣ ਦੇ ਅਧਿਕਾਰ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ।'

**ਸਿੱਖ ਧਰਮ ਅਤੇ ਸ਼ਸਤਰ:**

ਸਿੱਖ ਧਰਮ ਵਿੱਚ ਸਵੈ-ਰੱਖਿਆ ਅਤੇ ਕਮਜ਼ੋਰਾਂ ਦੀ ਰੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖਾਲਸਾ ਸਾਜਨਾ ਕਰਕੇ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦਾ ਹੁਕਮ ਦਿੱਤਾ, ਜੋ ਪੰਜ ਕਕਾਰਾਂ ਵਿੱਚੋਂ ਇੱਕ ਹੈ। ਕਿਰਪਾਨ ਨਿਆਂ ਅਤੇ ਸਵੈ-ਰੱਖਿਆ ਦਾ ਪ੍ਰਤੀਕ ਹੈ।

**ਸਮਾਨਤਾਵਾਂ:** ਸਵੈ-ਰੱਖਿਆ, ਜ਼ੁਲਮ ਵਿਰੁੱਧ ਵਿਰੋਧ ਦਾ ਇਤਿਹਾਸਕ ਸੰਦਰਭ, ਅਤੇ ਦੂਜਿਆਂ ਦੀ ਰੱਖਿਆ ਦੀ ਜ਼ਿੰਮੇਵਾਰੀ।

**ਸੰਘੀ ਪ੍ਰਣਾਲੀ ਅਤੇ ਅਨੰਦਪੁਰ ਸਾਹਿਬ ਦਾ ਮਤਾ**

ਅਮਰੀਕੀ ਸੰਘੀ ਪ੍ਰਣਾਲੀ (Federalism) ਅਤੇ 1973 ਦੇ ਅਨੰਦਪੁਰ ਸਾਹਿਬ ਮਤੇ ਵਿਚਕਾਰ ਤੁਲਨਾ:

1. **ਅਮਰੀਕੀ ਪ੍ਰਣਾਲੀ:** ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ। ਦਸਵੀਂ ਸੋਧ ਰਾਜਾਂ ਨੂੰ ਖੁਦਮੁਖਤਿਆਰੀ ਦਿੰਦੀ ਹੈ।
2. **ਅਨੰਦਪੁਰ ਸਾਹਿਬ ਮਤਾ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਅਤੇ ਹੋਰ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕੀਤੀ ਗਈ। ਇਸ ਦਾ ਉਦੇਸ਼ ਕੇਂਦਰ ਦੇ ਦਖਲ ਨੂੰ ਸਿਰਫ਼ ਰੱਖਿਆ, ਵਿਦੇਸ਼ੀ ਮਾਮਲੇ, ਮੁਦਰਾ ਅਤੇ ਸੰਚਾਰ ਤੱਕ ਸੀਮਤ ਕਰਨਾ ਸੀ।

**ਤੁਲਨਾ:** ਦੋਵੇਂ ਵਿਕੇਂਦਰੀਕਰਨ (Decentralization) ਅਤੇ ਰਾਜਾਂ ਦੀ ਖੁਦਮੁਖਤਿਆਰੀ ਦੀ ਵਕਾਲਤ ਕਰਦੇ ਹਨ ਤਾਂ ਜੋ ਖੇਤਰੀ ਅਤੇ ਸੱਭਿਆਚਾਰਕ ਪਛਾਣ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

**ਸਿੱਟਾ: ਸਵੈ-ਮਾਣ ਦਾ ਜਾਗਰਣ**

ਥਾਮਸ ਜੇਫਰਸਨ ਨੇ ਲਿਖਿਆ ਕਿ 'ਸਾਰੇ ਮਨੁੱਖ ਬਰਾਬਰ ਪੈਦਾ ਕੀਤੇ ਗਏ ਹਨ', ਪਰ ਇਹ ਉਦੋਂ ਸਾਰਥਕ ਹੋਇਆ ਜਦੋਂ ਆਮ ਲੋਕਾਂ ਨੇ ਇਸ ਦੀ ਰੱਖਿਆ ਕੀਤੀ। ਜਾਰਜ ਵਾਸ਼ਿੰਗਟਨ ਨੇ ਸਾਬਤ ਕੀਤਾ ਕਿ ਯੋਗਤਾ ਜਨਮ ਤੋਂ ਨਹੀਂ, ਕਰਮ ਤੋਂ ਹੁੰਦੀ ਹੈ।

ਇਸੇ ਤਰ੍ਹਾਂ, 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਅਧਿਆਤਮਿਕ ਅਤੇ ਸਮਾਜਿਕ ਕ੍ਰਾਂਤੀ ਲਿਆਂਦੀ। ਉਨ੍ਹਾਂ ਨੇ ਸਮਾਜ ਦੇ ਲਿਤਾੜੇ ਹੋਏ ਲੋਕਾਂ ਨੂੰ ਸੰਤ-ਸਿਪਾਹੀ ਬਣਾ ਦਿੱਤਾ।

ਜਿੱਥੇ ਦੁਨੀਆ ਨੇ ਜਾਤ-ਪਾਤ ਥੋਪੀ, ਗੁਰੂ ਜੀ ਨੇ ਅਧਿਆਤਮਿਕ ਲੋਕਤੰਤਰ ਸਥਾਪਿਤ ਕੀਤਾ। ਜਿੱਥੇ ਡਰ ਦਾ ਰਾਜ ਸੀ, ਉੱਥੇ ਖਾਲਸਾ ਨਿਰਭਉ ਹੋ ਕੇ ਉੱਭਰਿਆ।

ਵਿਸਾਖੀ ਇਹ ਐਲਾਨ ਹੈ ਕਿ ਸਨਮਾਨ ਵਿਰਾਸਤ ਵਿੱਚ ਨਹੀਂ ਮਿਲਦਾ, ਇਹ ਜਗਾਇਆ ਜਾਂਦਾ ਹੈ; ਬਰਾਬਰੀ ਦਾਨ ਵਿੱਚ ਨਹੀਂ ਮਿਲਦੀ, ਇਹ ਜੀਵੀ ਜਾਂਦੀ ਹੈ। ਦੋਵੇਂ ਮਾਰਗ ਸਾਨੂੰ ਇੱਕ ਅਜਿਹੇ ਸਮਾਜ ਵੱਲ ਲੈ ਜਾਂਦੇ ਹਨ ਜਿੱਥੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਇਕੱਠੇ ਚੱਲਦੇ ਹਨ।

# ਸੱਤ ਸਾਲਾ ਤੇਗਬੀਰ ਨੇ ਬਣਾਇਆ ਵਿਸ਼ਵ ਰਿਕਾਰਡ, ਅੰਨਪੂਰਨਾ ਸਰਕਟ ਕੀਤਾ ਫ਼ਤਹਿ

## ਕੜਾਕੇ ਦੀ ਠੰਢ ਤੇ ਘੱਟ ਆਕਸੀਜਨ ’ਚ ਰੋਪੜ ਦੇ ਪਰਬਤਾਰੋਹੀ ਨੇ Thorong La Pass ਕੀਤਾ ਪਾਰ






ਰੂਪਨਗਰ : ਰੋਪੜ ਦੇ ਸੱਤ ਸਾਲਾ ਤੇਗਬੀਰ ਸਿੰਘ ਨੇ ਨੇਪਾਲ ਵਿੱਚ ਅੰਨਪੂਰਨਾ ਸਰਕਟ ਪੂਰਾ ਕਰਕੇ ਅਤੇ 5,416 ਮੀਟਰ ਉੱਚੇ ਥੋਰੋਂਗ ਲਾ ਪਾਸ ਨੂੰ ਪਾਰ ਕਰਕੇ ਰਿਕਾਰਡ ਬਣਾਇਆ ਹੈ। ਸ਼ਿਵਾਲਿਕ ਪਬਲਿਕ ਸਕੂਲ ਦੇ ਤੀਜੀ ਜਮਾਤ ਦੇ ਵਿਦਿਆਰਥੀ ਤੇਗਬੀਰ ਨੇ ਦੁਬਈ ਦੇ ਇਵਾਨ ਕਰੂਸ਼ਕੋਵ ਦਾ ਰਿਕਾਰਡ ਤੋੜਿਆ ਹੈ, ਜਿਸ ਨੇ ਅਪਰੈਲ 2025 ਵਿੱਚ 7 ਸਾਲ 10 ਮਹੀਨੇ ਦੀ ਉਮਰ ਵਿੱਚ ਇਹ ਟਰੈਕ ਪੂਰਾ ਕੀਤਾ ਸੀ। ਤੇਗਬੀਰ ਨੇ ਇਹ ਉਪਲਬਧੀ ਸਿਰਫ਼ 7 ਸਾਲ 6 ਮਹੀਨੇ ਦੀ ਉਮਰ ਵਿੱਚ ਹਾਸਲ ਕੀਤੀ ਹੈ।

ਤੇਗਬੀਰ ਨੇ ਆਪਣਾ ਸਫ਼ਰ 11 ਅਪਰੈਲ ਨੂੰ ਸ਼ੁਰੂ ਕੀਤਾ ਅਤੇ 18 ਅਪਰੈਲ ਦੀ ਸਵੇਰ ਥੋਰੋਂਗ ਲਾ ਪਾਸ ’ਤੇ ਪਹੁੰਚ ਗਿਆ। ਲਗਪਗ -13 ਡਿਗਰੀ ਸੈਲਸੀਅਸ ਦੀ ਠੰਢ ਵਿੱਚ ਸਵੇਰੇ 4 ਵਜੇ ਸ਼ੁਰੂ ਹੋਈ ਆਖ਼ਰੀ ਚੜ੍ਹਾਈ ਦੌਰਾਨ ਉਸ ਨੇ ਆਪਣੇ ਪਿਤਾ ਸੁਖਿੰਦਰ ਦੀਪ ਸਿੰਘ ਅਤੇ ਦੋ ਗਾਈਡਾਂ ਦੇ ਨਾਲ ਲਗਪਗ ਪੰਜ ਘੰਟੇ ਵਿੱਚ ਸਵੇਰੇ 9:25 ਵਜੇ ਚੋਟੀ ’ਤੇ ਫ਼ਤਹਿ ਹਾਸਲ ਕੀਤੀ।

230 ਕਿਲੋਮੀਟਰ ਤੋਂ ਵੱਧ ਲੰਬਾ ਅੰਨਪੂਰਨਾ ਸਰਕਟ ਉਚਾਈ, ਘੱਟ ਆਕਸੀਜਨ ਅਤੇ ਸਬ-ਜ਼ੀਰੋ ਤਾਪਮਾਨ ਕਾਰਨ ਦੁਨੀਆ ਦੇ ਸਭ ਤੋਂ ਮੁਸ਼ਕਲ ਟਰੈਕਾਂ ਵਿੱਚ ਸ਼ੁਮਾਰ ਹੁੰਦਾ ਹੈ। ਟਰੈਕ ਦੌਰਾਨ ਤੇਗਬੀਰ ਨੇ -8 ਡਿਗਰੀ ਸੈਲਸੀਅਸ ਦੇ ਤਾਪਮਾਨ, ਤੇਜ਼ ਹਵਾਵਾਂ ਅਤੇ ਉਚਾਈ ਵਾਲੇ ਇਲਾਕਿਆਂ ਵਿੱਚ ਹਫ਼ਤੇ ਤੋਂ ਵੱਧ ਸਮੇਂ ਤੱਕ ਰਹਿਣ ਵਰਗੇ ਮੁਸ਼ਕਲ ਹਾਲਾਤ ਦਾ ਸਾਹਮਣਾ ਕੀਤਾ।

ਤੇਗਬੀਰ ਨੇ ਆਪਣੀ ਖ਼ੁਸ਼ੀ ਜਤਾਉਂਦਿਆਂ ਕਿਹਾ, ‘ਮੈਂ ਇਸ ਲਈ ਤਿਆਰੀ ਕੀਤੀ ਸੀ। ਮੈਨੂੰ ਪਤਾ ਸੀ ਕਿ ਇਹ ਲੰਬਾ ਤੇ ਮੁਸ਼ਕਲ ਸਫ਼ਰ ਹੈ ਅਤੇ ਆਖ਼ਿਰਕਾਰ ਮੈਂ ਉੱਥੇ ਪਹੁੰਚ ਕੇ ਆਪਣੇ ਪਿਤਾ ਨਾਲ ਤਸਵੀਰ ਖਿੱਚੀ।’ ਉਸ ਨੇ ਕਿਹਾ ਕਿ ਇਹ ਉਸ ਦਾ ਪਹਿਲਾ ਲੰਬਾ ਸਰਕਟ ਟਰੈਕ ਸੀ ਅਤੇ ਸਾਮਾਨ ਭਾਰੀ ਮਹਿਸੂਸ ਹੋ ਰਿਹਾ ਸੀ, ਪਰ ਇਸ ਲਈ ਤੇਗਬੀਰ ਨੇ ਪਹਿਲਾਂ ਦੀ ਤਿਆਰੀ ਕੀਤੀ ਹੋਈ ਸੀ।

ਉਸ ਦੇ ਪਿਤਾ ਸੁਖਿੰਦਰ ਦੀਪ ਸਿੰਘ ਨੇ ਦੱਸਿਆ ਕਿ ਤੇਗਬੀਰ ਨੇ ਇਸ ਲਈ ਤਿਆਰੀ ਲਗਪਗ ਛੇ ਮਹੀਨੇ ਪਹਿਲਾਂ ਕੋਚ ਬਿਕਰਮਜੀਤ ਸਿੰਘ ਘੁੰਮਣ ਦੀ ਰਹਿਨੁਮਾਈ ਹੇਠ ਸ਼ੁਰੂ ਕੀਤੀ ਸੀ। ਇਸ ਵਿੱਚ ਦਿਲ ਦੀ ਤਾਕਤ, ਫੇਫੜਿਆਂ ਦੀ ਸਮਰੱਥਾ, ਸਹਿਣਸ਼ੀਲਤਾ ਵਧਾਉਣ ਅਤੇ ਸਹੀ ਖ਼ੁਰਾਕ ’ਤੇ ਧਿਆਨ ਦਿੱਤਾ।

ਉਨ੍ਹਾਂ ਕਿਹਾ, “ਇਹ ਪਿਛਲੀਆਂ ਚੜ੍ਹਾਈਆਂ ਨਾਲੋਂ ਬਿਲਕੁਲ ਵੱਖਰਾ ਸੀ। ਲੰਬੇ ਫ਼ਾਸਲੇ ਅਤੇ ਘੱਟ ਆਕਸੀਜਨ ਕਾਰਨ ਇਹ ਉਸ ਦੀ ਸਹਿਣਸ਼ੀਲਤਾ ਅਤੇ ਤਾਕਤ ਦੀ ਕਸੌਟੀ ਸੀ।

ਤੇਗਬੀਰ ਦੀ ਮਾਤਾ ਡਾ. ਮਨਪ੍ਰੀਤ ਕੌਰ, ਜੋ ਕਿ ਗਾਇਨਾਕੋਲੋਜਿਸਟ ਹਨ, ਨੇ ਕਿਹਾ ਕਿ ਉਸ ਦੀ ਸਫਲਤਾ ਵਿੱਚ ਸਖ਼ਤ ਖ਼ੁਰਾਕ ਯੋਜਨਾ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ।

ਤੇਗਬੀਰ ਇਸ ਤੋਂ ਪਹਿਲਾਂ ਵੀ ਕਈ ਰਿਕਾਰਡ ਆਪਣੇ ਨਾਮ ਕਰ ਚੁੱਕਾ ਹੈ। ਜੂਨ 2025 ਵਿੱਚ ਉਹ ਮਾਊਂਟ ਐਲਬਰਸ ਫ਼ਤਹਿ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਪਰਬਤਾਰੋਹੀ ਬਣਿਆ ਸੀ, ਜਦਕਿ ਅਗਸਤ 2024 ਵਿੱਚ ਉਹ ਮਾਊਂਟ ਕਿਲਿਮੰਜਾਰੋ ’ਤੇ ਚੜ੍ਹਾਈ ਕਰਨ ਵਾਲਾ ਸਭ ਤੋਂ ਛੋਟੀ ਉਮਰ ਵਾਲਾ ਏਸ਼ੀਆਈ ਬਣਿਆ ਸੀ। ਇਸ ਤੋਂ ਪਹਿਲਾਂ ਉਹ ਅਪਰੈਲ 2024 ਵਿੱਚ ਸਿਰਫ਼ 5 ਸਾਲ 7 ਮਹੀਨੇ ਦੀ ਉਮਰ ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਤੱਕ ਵੀ ਪਹੁੰਚ ਚੁੱਕਾ ਹੈ। ਉਸ ਦੀਆਂ ਉਪਲਬਧੀਆਂ ਦੇ ਮੱਦੇਨਜ਼ਰ 3 ਜੁਲਾਈ 2025 ਨੂੰ ਅਕਾਲ ਤਖ਼ਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਉਸ ਨੂੰ ਸਨਮਾਨਿਤ ਕੀਤਾ ਗਿਆ ਸੀ।

# ਕੈਨੇਡਾ ਵਿਚ ਪੰਜਾਬੀ ਟਰੱਕ ਡਰਾਈਵਰ ਦੀ ਸੜਕ ਹਾਦਸੇ ਵਿਚ ਮੌਤ

## ਖੰਨਾ ਦੇ ਪਿੰਡ ਜਸਪਾਲੋਂ ਨਾਲ ਸਬੰਧਿਤ ਸੀ ਜੁਗਰਾਜ ਸਿੰਘ ਜੋਗੀ

ਖੰਨਾ : ਖੰਨਾ ਤੋਂ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਇਥੇ ਨੇੜਲੇ ਪਿੰਡ ਜਸਪਾਲੋਂ ਦੇ 26 ਸਾਲਾ ਨੌਜਵਾਨ ਦੀ ਕੈਨੇਡਾ ’ਚ ਸੜਕ ਹਾਦਸੇ ਵਿਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜੁਗਰਾਜ ਸਿੰਘ ਜੋਗੀ ਪੁੱਤਰ ਸੁਰਿੰਦਰਪਾਲ ਸਿੰਘ ਵਜੋਂ ਹੋਈ ਹੈ।



ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ 2017 ’ਚ ਕੈਨੇਡਾ ਗਿਆ ਸੀ ਤੇ ਹੁਣ ਉਥੋਂ ਦਾ ਪੀਆਰ ਸੀ। ਬੀਤੇ ਦਿਨੀ ਕੈਨੇਡਾ ’ਚ ਜੁਗਰਾਜ ਦੇ ਟਰਾਲੇ ਦੀ ਦੂਜੇ ਟਰਾਲੇ ਨਾਲ ਭਿਆਨਕ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਜੁਗਰਾਜ ਸਿੰਘ ਜੋਗੀ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸੇ ਵਿਚ ਦੂਜੇ ਟਰਾਲੇ ਵਾਲੇ ਦੋ ਪੰਜਾਬੀ ਨੌਜਵਾਨਾਂ ਦੀ ਵੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਆਪਣੀ ਭੈਣ ਕੋਲ ਵਿਨੀਪੈਗ ਵਿਚ ਰਹਿੰਦਾ ਸੀ ਤੇ ਮਿਹਨਤ ਕਰਦਾ ਸੀ। ਪੁੱਤ ਦੀ ਮੌਤ ਤੋਂ ਬਾਅਦ ਪ੍ਰਵਾਰ ਦਾ ਰੋ-ਰੋ ਬੁਰਾ ਹਾਲ ਹੈ।

### ਬੇਅੰਤ ਸਿੰਘ ਕਤਲ ਕਾਂਡ

# ਸੁਪਰੀਮ ਕੋਰਟ ਨੇ ਕੇਂਦਰ ਨੂੰ ਰਾਜੋਆਣਾ ਦੀ ਪਟੀਸ਼ਨ ’ਤੇ ਦੋ ਹਫਤਿਆਂ ਅੰਦਰ ਹਲ.ਫਨਾਮਾ ਦਾਇਰ ਕਰਨ ਲਈ ਕਿਹਾ

## ਬਲਵੰਤ ਸਿੰਘ ਰਾਜੋਆਣਾ ਨੇ ਰਹਿਮ ਦੀ ਅਪੀਲ ’ਤੇ ਫ਼ੈਸਲੇ ਵਿੱਚ ਦੇਰੀ ਹੋਣ ਕਾਰਨ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ ’ਚ ਬਦਲਣ ਦੀ ਕੀਤੀ ਹੈ ਮੰਗ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ 1995 ਦੇ ਕਤਲ ਕਾਂਡ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ ’ਤੇ ਦੋ ਹਫ਼ਤਿਆਂ ਦੇ ਅੰਦਰ ਹਲਫ਼ਨਾਮਾ ਦਾਇਰ ਕਰੇ। ਰਾਜੋਆਣਾ ਨੇ ਰਹਿਮ ਦੀ ਅਪੀਲ ’ਤੇ ਫੈਸਲੇ ਵਿੱਚ ਦੇਰੀ ਹੋਣ ਕਾਰਨ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਹੈ।





ਰਾਜੋਆਣਾ ਪਿਛਲੇ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ, ਜਿਸ ਵਿੱਚੋਂ 15 ਸਾਲ ਤੋਂ ਵੱਧ ਸਮਾਂ ਉਹ ਮੌਤ ਦੀ ਸਜ਼ਾ ਵਾਲੀ ਸੈੱਲ ਵਿੱਚ ਰਿਹਾ ਹੈ।

ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਵਿਜੇ ਬਿਸ਼ਨੋਈ ਦੇ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੂੰ ਪੁੱਛਿਆ, ‘ਤੁਸੀਂ ਹੁਣ ਤੱਕ ਆਪਣਾ ਜਵਾਬੀ ਹਲਫ਼ਨਾਮਾ ਕਿਉਂ ਦਾਇਰ ਨਹੀਂ ਕੀਤਾ?’ ਵਕੀਲ ਨੇ ਕਿਹਾ ਕਿ ਉਹ ਅਦਾਲਤ ਦੇ ਸਾਹਮਣੇ ਕੁਝ ਦਸਤਾਵੇਜ਼ ਸੀਲਬੰਦ ਲਿਫ਼ਾਫ਼ੇ ਵਿੱਚ ਰੱਖਣਾ ਚਾਹੁੰਦੇ ਹਨ। ਬੈਂਚ ਨੇ ਕਿਹਾ, ‘ਤੁਸੀਂ ਆਪਣਾ ਹਲਫ਼ਨਾਮਾ ਦਾਇਰ ਕਰੋ, ਨਹੀਂ ਤਾਂ ਉਸ (ਰਾਜੋਆਣਾ) ਦੇ ਦੋਸ਼ਾਂ ਦਾ ਖੰਡਨ ਨਹੀਂ ਹੋਵੇਗਾ। ਜੋ ਵੀ ਤੁਸੀਂ ਕਹਿਣਾ ਚਾਹੁੰਦੇ ਹੋ, ਹਲਫ਼ਨਾਮੇ ਰਾਹੀਂ ਕਹੋ।’

ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2012 ਵਿੱਚ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਅਜੇ ਵੀ ਲੰਬਿਤ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 2023 ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੂੰ ਇਸ ’ਤੇ ਫੈਸਲਾ ਲੈਣਾ ਚਾਹੀਦਾ ਹੈ। ਰੋਹਤਗੀ ਨੇ ਪਿਛਲੇ ਸਾਲ 24 ਸਤੰਬਰ ਦੇ ਹੁਕਮਾਂ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਮਾਮਲੇ ਵਿੱਚ ਹੋਰ ਕੋਈ ਮੁਲਤਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਅਦਾਲਤ ਨੇ ਕੇਂਦਰ ਨੂੰ ਦੋ ਹਫ਼ਤਿਆਂ ਦਾ ਸਮਾਂ ਦਿੰਦਿਆਂ ਸਪੱਸ਼ਟ ਕੀਤਾ ਕਿ ਇਸ ਤੋਂ ਬਾਅਦ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਕੇਂਦਰ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ।

**ਮਾਮਲੇ ਦਾ ਪਿਛੋਕੜ:**

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਲੋਕ 31 ਅਗਸਤ 1995 ਨੂੰ ਚੰਡੀਗੜ੍ਹ ਸਿਵਲ ਸਕੱਤਰੇਤ ਦੇ ਬਾਹਰ ਹੋਏ ਧਮਾਕੇ ਵਿੱਚ ਮਾਰੇ ਗਏ ਸਨ। ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਨੇ ਆਪਣੀ ਨਵੀਂ ਪਟੀਸ਼ਨ ਵਿੱਚ ਰਿਹਾਈ ਦੀ ਮੰਗ ਕੀਤੀ ਹੈ ਅਤੇ ਦੱਸਿਆ ਹੈ ਕਿ ਉਹ 28.8 ਸਾਲ ਜੇਲ੍ਹ ਕੱਟ ਚੁੱਕਾ ਹੈ।

# ਵਿਰੋਧੀ ਧਿਰ ਨੇ ਰਾਖਵਾਂਕਰਨ ਬਿੱਲ ਰੋਕ ਕੇ ਔਰਤਾਂ ਦੇ ਸੁਪਨਿਆਂ ਨੂੰ ਕੁਚਲਿਆ : ਪ੍ਰਧਾਨ ਮੰਤਰੀ

## ਬਿੱਲ ਪਾਸ ਨਾ ਹੋਣ ’ਤੇ ਦੇਸ਼ ਦੀਆਂ ਔਰਤਾਂ ਤੋਂ ਮੰਗੀ ਮੁਆਫ਼ੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸ਼ਾਮ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਸਰਕਾਰ ਦੀਆਂ ਸਭ ਤੋਂ ਵਧੀਆ ਕੋਸ਼ਿਸ਼ਾਂ ਦੇ ਬਾਵਜੂਦ ਸੰਸਦ ਵਿਚ ‘ਮਹਿਲਾ ਰਾਖਵਾਂਕਰਨ’ ਬਿੱਲ ਨੂੰ ਪਾਸ ਨਾ ਹੋਣ ਦੇ ਕੇ ਔਰਤਾਂ ਦੇ ਸੁਪਨਿਆਂ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ ਹੈ। ਲੋਕ ਸਭਾ ਵਿਚ ਵਿਧਾਨ ਸਭਾਵਾਂ ’ਚ ਔਰਤਾਂ ਦੇ ਰਾਖਵੇਂਕਰਨ ਨੂੰ ਲਾਗੂ ਕਰਨ ਵਾਲੇ ਬਿੱਲ ਦੇ ਹਾਰਨ ਤੋਂ ਇਕ ਦਿਨ ਬਾਅਦ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਾਂਗਰਸ, ਡੀ.ਐਮ.ਕੇ., ਟੀ.ਐਮ.ਸੀ. ਅਤੇ ਸਮਾਜਵਾਦੀ ਪਾਰਟੀ ਵਰਗੀਆਂ ਪਾਰਟੀਆਂ ਦੀ ਸਵਾਰਥੀ ਰਾਜਨੀਤੀ ਨੇ ਦੇਸ਼ ਦੀਆਂ ਔਰਤਾਂ ਦਾ ਬਹੁਤ ਵੱਡਾ ਨੁਕਸਾਨ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33 ਪ੍ਰਤੀਸ਼ਤ ਰਾਖਵਾਂਕਰਨ ਦੇਣ ਦੇ ਯਤਨਾਂ ਨੂੰ ਨਾਕਾਮ ਕਰ ਦਿੱਤਾ ਹੈ। ਇਸ ਲਈ ਮੈਂ ਦੇਸ਼ ਦੀਆਂ ਸਾਰੀਆਂ ਮਾਵਾਂ ਤੇ ਭੈਣਾਂ ਤੋਂ ਮੁਆਫ਼ੀ ਮੰਗਦਾ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸੰਸਦ ਵਿਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਦਾ ਵਿਰੋਧ ਕਰਨ ਵਾਲੀਆਂ ਵਿਰੋਧੀ ਪਾਰਟੀਆਂ ਔਰਤਾਂ ਦੀ ਸ਼ਕਤੀ ਨੂੰ ਹਲਕੇ ਵਿਚ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਭਾਰਤ ਦਾ ਹਰ ਨਾਗਰਿਕ ਦੇਖ ਰਿਹਾ ਹੈ ਕਿ ਭਾਰਤ ਦੀਆਂ ਔਰਤਾਂ ਦੀ ਤਰੱਕੀ ਨੂੰ ਕਿਵੇਂ ਰੋਕਿਆ ਗਿਆ ਹੈ। ਦੇਸ਼ ਦੀਆਂ ਔਰਤਾਂ ਦੇ ਸੁਪਨਿਆਂ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ ਹੈ ਅਤੇ ਸਾਡੇ ਸਾਰੇ ਯਤਨਾਂ ਦੇ ਬਾਵਜੂਦ ਅਸੀਂ ਸਫਲ ਨਹੀਂ ਹੋ ਸਕੇ ਹਾਂ। ਉਨ੍ਹਾਂ ਕਿਹਾ ਕਿ ਔਰਤਾਂ ਨੇ ਦੇਖਿਆ ਹੈ ਕਿ ਕਿਵੇਂ ਕਾਂਗਰਸ, ਟੀ.ਐਮ.ਸੀ. ਅਤੇ ਡੀ.ਐਮ.ਕੇ. ਵਰਗੀਆਂ ਪਾਰਟੀਆਂ ਨੇ ਔਰਤਾਂ ਦੇ ਸ਼ਕਤੀਕਰਨ ਵਿਰੁੱਧ ਆਪਣੀ ਸਵਾਰਥੀ ਰਾਜਨੀਤੀ ਦਾ ਜਸ਼ਨ ਮਨਾਇਆ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੇ ਔਰਤਾਂ ਦੇ ਰਾਖਵੇਂਕਰਨ ਦਾ ਵਿਰੋਧ ਕਰਕੇ ਪਾਪ ਕੀਤਾ ਹੈ ਅਤੇ ਉਨ੍ਹਾਂ ਨੂੰ ਇਸ ਦੀ ਸਜ਼ਾ ਜ਼ਰੂਰ ਮਿਲੇਗੀ।



ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੇ ਬਿੱਲ ਨੂੰ ਹਰਾ ਕੇ ਸਾਡੇ ਸੰਵਿਧਾਨ ਦਾ ਅਪਮਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬਿੱਲ ਦਾ ਉਦੇਸ਼ ਕਿਸੇ ਤੋਂ ਕੁਝ ਵੀ ਖੋਹੇ ਬਿਨਾਂ ਔਰਤਾਂ ਦੇ ਸ਼ਕਤੀਕਰਨ ਨੂੰ ਖੰਭ ਲਾਉਣਾ ਸੀ ਅਤੇ ਮੈਨੂੰ ਉਮੀਦ ਸੀ ਕਿ ਕਾਂਗਰਸ ਆਪਣੀਆਂ ਪਿਛਲੀਆਂ ਗ਼ਲਤੀਆਂ ਨੂੰ ਸੁਧਾਰੇਗੀ, ਪਰ ਉਨ੍ਹਾਂ ਨੇ ਨਵਾਂ ਇਤਿਹਾਸ ਲਿਖਣ ਦਾ ਮੌਕਾ ਗੁਆ ਦਿੱਤਾ। ਉਨ੍ਹਾਂ ਕਿਹਾ ਕਿ ਇਕ ਪਰਿਵਾਰ ਦੁਆਰਾ ਚਲਾਈਆਂ ਜਾ ਰਹੀਆਂ ਪਾਰਟੀਆਂ ਨਹੀਂ ਚਾਹੁੰਦੀਆਂ ਕਿ ਔਰਤਾਂ ਅੱਗੇ ਵਧਣ ਕਿਉਂਕਿ ਇਸ ਨਾਲ ਉਨ੍ਹਾਂ ਦੀ ਸਵਾਰਥੀ ਰਾਜਨੀਤੀ ਖ਼ਤਮ ਹੋ ਸਕਦੀ ਹੈ। ਉਨ੍ਹਾਂ ਕਾਂਗਰਸ ’ਤੇ ਫੁੱਟ ਪਾਊ ਰਾਜਨੀਤੀ ਵਿਚ ਸ਼ਾਮਿਲ ਹੋਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਾਰਟੀ ਉੱਤਰ-ਦੱਖਣ ਵਿਚ ਵੰਡ ਬਾਰੇ ਝੂਠ ਫੈਲਾ ਰਹੀ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਇਕ ਔਰਤ ਬਾਕੀ ਸਭ ਕੁਝ ਭੁੱਲ ਸਕਦੀ ਹੈ ਪਰ ਉਹ ਕਦੇ ਵੀ ਅਪਮਾਨ ਨਹੀਂ ਭੁੱਲਦੀ।

# ਦੁੱਧ ਦੀ ਗੁਣਵੱਤਾ 'ਤੇ ਸਿਆਸੀ ਘਮਾਸਾਣ: ਚਰਨਜੀਤ ਚੰਨੀ ਖ਼ਿਲਾਫ਼ ਸ਼ਿਕਾਇਤ ਦਰਜ

## ਸਿਆਸੀ ਫਾਇਦੇ ਲਈ ਪੰਜਾਬ ਦੇ ਚਿੱਟੇ ਇਨਕਲਾਬ (ਡੇਅਰੀ ਖੇਤਰ) ਨੂੰ ਬਦਨਾਮ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਹਰਜਿੰਦਰ ਸਿੰਘ ਢਿੱਲੋਂ




ਬਠਿੰਡਾ: ਪੰਜਾਬ ਮਿਲਕ ਡੇਅਰੀ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਢਿੱਲੋਂ ਵੱਲੋਂ ਕਾਂਗਰਸੀ ਲੀਡਰ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਗਿਆ ਹੈ। ਢਿੱਲੋਂ ਨੇ ਚੰਨੀ 'ਤੇ ਦੁੱਧ ਦੀ ਸੁਰੱਖਿਆ ਬਾਰੇ 'ਝੂਠੀ ਅਤੇ ਗੁੰਮਰਾਹਕੁੰਨ' ਵੀਡੀਓ ਅਪਲੋਡ ਕਰਨ ਦੇ ਦੋਸ਼ ਲਾਉਂਦਿਆਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਇਲਜ਼ਾਮ: ਹਰਜਿੰਦਰ ਸਿੰਘ ਢਿੱਲੋਂ ਅਨੁਸਾਰ, ਚੰਨੀ ਦੀ ਵੀਡੀਓ ਡੇਅਰੀ ਸੈਕਟਰ ਦੇ ਅਕਸ ਨੂੰ ਢਾਹ ਲਾ ਰਹੀ ਹੈ।

ਪ੍ਰਭਾਵ: ਡੇਅਰੀ ਯੂਨੀਅਨ ਦਾ ਕਹਿਣਾ ਹੈ ਕਿ ਅਜਿਹੀਆਂ ਅਫਵਾਹਾਂ ਨਾਲ ਦੁੱਧ ਉਤਪਾਦਕਾਂ ਅਤੇ ਖਪਤਕਾਰਾਂ ਵਿੱਚ ਬੇਵਜ੍ਹਾ ਦਹਿਸ਼ਤ ਫੈਲ ਰਹੀ ਹੈ।

ਮੰਗ: ਯੂਨੀਅਨ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਅਤੇ ਤੱਥਾਂ ਦੀ ਜਾਂਚ ਦੀ ਮੰਗ ਕੀਤੀ ਹੈ।

# ਮਹਾਕਾਲ ਦੀ ਸ਼ਰਨ ਵਿੱਚ ਪੰਜਾਬੀ ਗਾਇਕ ਨਿੰਜਾ, 'ਭਸਮ ਆਰਤੀ' 'ਚ ਹੋਏ ਨਤਮਸਤਕ

ਉਜੈਨ (ਮੱਧ ਪ੍ਰਦੇਸ਼): ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਅਮਿਤ ਭੱਲਾ ਉਰਫ਼ ਨਿੰਜਾ ਵਿਸ਼ਵ ਪ੍ਰਸਿੱਧ ਸ੍ਰੀ ਮਹਾਕਾਲੇਸ਼ਵਰ ਮੰਦਰ ਵਿਖੇ ਨਤਮਸਤਕ ਹੋਏ। ਨਿੰਜਾ ਨੇ ਅੰਮ੍ਰਿਤ ਵੇਲੇ ਹੋਣ ਵਾਲੀ ਪਵਿੱਤਰ 'ਭਸਮ ਆਰਤੀ' ਵਿੱਚ ਹਿੱਸਾ ਲਿਆ ਅਤੇ ਬਾਬਾ ਮਹਾਕਾਲ ਦਾ ਆਸ਼ੀਰਵਾਦ ਪ੍ਰਾਪਤ ਕੀਤਾ।




ਰੂਹਾਨੀ ਅਨੁਭਵ ਦੇ ਮੁੱਖ ਅੰਸ਼:

ਬਾਬਾ ਦੀ ਬੁਲਾਹਟ: ਨਿੰਜਾ ਨੇ ਇਸ ਯਾਤਰਾ ਨੂੰ ਇੱਕ ਅਦੁੱਤੀ ਅਤੇ ਰੂਹਾਨੀ ਅਨੁਭਵ ਦੱਸਿਆ। ਉਨ੍ਹਾਂ ਕਿਹਾ ਕਿ ਬਾਬਾ ਦੀ ਮਰਜ਼ੀ ਤੋਂ ਬਿਨਾਂ ਕੋਈ ਇੱਥੇ ਨਹੀਂ ਆ ਸਕਦਾ, ਇਹ ਸਭ ਉਨ੍ਹਾਂ ਦਾ ਸੱਦਾ ਸੀ।

ਸਰਬੱਤ ਦਾ ਭਲਾ: ਗਾਇਕ ਨੇ ਸਾਰਿਆਂ ਲਈ ਦੁਆ ਕਰਦਿਆਂ ਕਿਹਾ ਕਿ ਬਾਬਾ ਮਹਾਕਾਲ ਮਿਹਨਤ ਕਰਨ ਵਾਲੇ ਹਰ ਇਨਸਾਨ 'ਤੇ ਆਪਣੀ ਮਿਹਰ ਬਣਾਈ ਰੱਖਣ।

ਭਗਤੀ ਦਾ ਰੰਗ: ਆਪਣੀ ਸ਼ਰਧਾ ਨੂੰ ਸ਼ਬਦਾਂ ਵਿੱਚ ਪਰੋਂਦਿਆਂ ਉਨ੍ਹਾਂ ਕਿਹਾ— 'ਭਗਤੀ ਦੀ ਭੋਲੇ ਨਾਥ ਨਾਲ ਯਾਰੀ ਮੇਰੀ, ਮਾਰ ਸਕੇ ਨਾ

# ਜਰਮਨੀ ਵਿੱਚ ਦੋ ਪੰਜਾਬੀ ਸਕੀਆਂ ਭੈਣਾਂ ਨੇ ਗੱਡੇ ਝੰਡੇ

## ਫੌਰਨ ਕੌਂਸਲ ਅਤੇ ਸਿਟੀ ਪਾਰਲੀਮੈਂਟ ਦੀਆਂ ਚੋਣਾਂ ਜਿੱਤ ਕੇ ਪੰਜਾਬੀਆਂ ਦਾ ਵਧਾਇਆ ਮਾਣ



ਹੁਸ਼ਿਆਰਪੁਰ: ਜਰਮਨੀ ਵਿੱਚ ਦੋ ਭੈਣਾਂ ਨੇ ਫੌਰਨ ਕੌਂਸਲ ਅਤੇ ਸਿਟੀ ਪਾਰਲੀਮੈਂਟ ਦੀਆਂ ਚੋਣਾਂ ਜਿੱਤ ਕੇ ਪੂਰੀ ਦੁਨੀਆ ਵਿੱਚ ਪੰਜਾਬੀਆਂ ਦਾ ਮਾਣ ਵਧਾਇਆ ਹੈ। ਟਾਂਡਾ ਦੇ ਪਿੰਡ ਰੜਾ ਨਾਲ ਸਬੰਧਤ ਦੋਵੇਂ ਭੈਣਾਂ ਹਰਪ੍ਰੀਤ ਕੌਰ ਅਤੇ ਕੋਮਲਪ੍ਰੀਤ ਕੌਰ ਹਨ।

ਅੱਜ ਪੂਰੀ ਦੁਨੀਆ ਵਿੱਚ ਪੰਜਾਬੀਆਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ। ਪੰਜਾਬੀਆਂ ਨੇ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਆਪਣੀ ਮਿਹਨਤ ਨਾਲ ਭਾਰਤ ਦੇਸ਼ ਅਤੇ ਪੰਜਾਬ ਦਾ ਗੌਰਵ ਵਧਾਇਆ ਹੈ। ਉੱਥੇ ਹੀ ਹੁਸ਼ਿਆਰਪੁਰ ਟਾਂਡਾ ਦੇ ਪਿੰਡ ਰੜਾ ਦੀਆਂ ਦੋ ਭੈਣਾਂ ਹਰਪ੍ਰੀਤ ਕੌਰ ਅਤੇ ਕੋਮਲਪ੍ਰੀਤ ਕੌਰ ਨੇ ਜਰਮਨੀ ਵਿੱਚ ਫੌਰਨ ਕੌਂਸਲ ਅਤੇ ਸਿਟੀ ਪਾਰਲੀਮੈਂਟ ਦੀਆਂ ਚੋਣਾਂ ਜਿੱਤ ਕੇ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਇਸ ਖ਼ਬਰ ਨਾਲ ਦੋਵਾਂ ਭੈਣਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਹਰਪ੍ਰੀਤ ਅਤੇ ਕੋਮਲਪ੍ਰੀਤ ਦੀ ਇਸ ਪ੍ਰਾਪਤੀ 'ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਖ਼ੁਸ਼ੀ ਮਨਾਈ। ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦੋਵਾਂ ਭੈਣਾਂ ਨੇ ਜਰਮਨੀ ਦੇ ਕੇਲਕੇਮ ਸ਼ਹਿਰ ਵਿੱਚ ਇਹ ਚੋਣਾਂ ਜਿੱਤੀਆਂ ਹਨ ਅਤੇ ਦੂਜੀ ਵਾਰ ਜਿੱਤੀਆਂ ਹਨ। ਦੋਵਾਂ ਭੈਣਾਂ ਨੇ ਦੱਸਿਆ ਕਿ ਇਹ ਚੋਣਾਂ ਮਾਰਚ ਮਹੀਨੇ ਵਿੱਚ ਹੋਈਆਂ ਸਨ। ਉਨ੍ਹਾਂ ਦੱਸਿਆ ਕਿ ਉਹ ਉਨ੍ਹਾਂ ਬੱਚਿਆਂ ਦੀ ਮਦਦ ਕਰਦੀਆਂ ਹਨ, ਜੋ ਪੜ੍ਹਾਈ ਕਰਨ ਲਈ ਜਰਮਨੀ ਆਉਂਦੇ ਹਨ। ਜੇਕਰ ਕਿਸੇ ਵੀ ਵਿਦਿਆਰਥੀ ਨੂੰ ਵਿਦੇਸ਼ ਵਿੱਚ ਪੜ੍ਹਾਈ ਨਾਲ ਸਬੰਧਤ ਕੋਈ ਸਮੱਸਿਆ ਆਉਂਦੀ ਹੈ, ਤਾਂ ਉਹ ਉਸ ਦੀ ਪੂਰੀ ਮਦਦ ਕਰਦੀਆਂ ਹਨ।

# ਕੈਨੇਡਾ ਦੀ ਕ੍ਰਿਕਟ ਵਿਚ ਲਾਰੈਂਸ ਗੈਂਗ ਦੀ ਐਂਟਰੀ : ਕਈ ਖਿਡਾਰੀਆਂ ਨੂੰ ਦਿੱਤੀ ਜਾਨੋਂ ਮਾਰਨ ਦੀ ਧਮਕੀ

## ਗੁਰਦਾਸਪੁਰ ਦੇ ਦਿਲਪ੍ਰੀਤ ਬਾਜਵਾ ਨੂੰ ਕੈਪਟਨ ਬਣਾਉਣ ਲਈ ਪਾਇਆ ਦਬਾਅ






ਟੋਰਾਂਟੋ : ਕੈਨੇਡਾ ਦੇ ਕ੍ਰਾਈਮ ਬਿਊਰੋ ਨੇ ਆਪਣੀ ਰਿਪੋਰਟ ਵਿਚ ਲਾਰੈਂਸ ਗੈਂਗ ਬਾਰੇ ਕਈ ਖ਼ੁਲਾਸੇ ਕੀਤੇ ਹਨ। 17 ਅਪ੍ਰੈਲ ਨੂੰ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੈਂਗ ਕੈਨੇਡਾ ਦੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ । ਇਸ ਦਾ ਕਾਰਨ ਪੰਜਾਬੀ ਮੂਲ ਦੇ ਦਿਲਪ੍ਰੀਤ ਬਾਜਵਾ ਨੂੰ ਕੈਪਟਨ ਨਾ ਬਣਾਉਣਾ ਹੈ।

ਲਾਰੈਂਸ ਗੈਂਗ ਚਾਹੁੰਦਾ ਹੈ ਕਿ ਗੁਰਦਾਸਪੁਰ ਦੇ ਰਹਿਣ ਵਾਲੇ ਅਤੇ 2020 ਵਿਚ ਕੈਨੇਡਾ ਦੀ ਕ੍ਰਿਕਟ ਟੀਮ ਵਿਚ ਸ਼ਾਮਲ ਹੋਣ ਵਾਲੇ ਦਿਲਪ੍ਰੀਤ ਨੂੰ ਕੈਪਟਨ ਬਣਾਇਆ ਜਾਵੇ। 323 ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੈਨੇਡੀਅਨ ਨੈਸ਼ਨਲ ਕ੍ਰਿਕਟ ਟੀਮ ਵਿਚ ਸੰਗਠਿਤ ਅਪਰਾਧ, ਧਮਕੀਆਂ, ਭ੍ਰਿਸ਼ਟਾਚਾਰ ਅਤੇ ਮੈਚ-ਫਿਕਸਿੰਗ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੋ ਚੁੱਕੀਆਂ ਹਨ। ਰਿਪੋਰਟ ਦੇ ਅਨੁਸਾਰ ਇਹ ਪੂਰਾ ਵਿਵਾਦ ਜੁਲਾਈ 2025 ਤੋਂ ਸ਼ੁਰੂ ਹੋਇਆ, ਜਦੋਂ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਮ 'ਤੇ ਖਿਡਾਰੀਆਂ ਅਤੇ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ ਦਾ ਸਿਲਸਿਲਾ ਸ਼ੁਰੂ ਹੋਇਆ। ਇਲਜ਼ਾਮ ਹੈ ਕਿ ਗੈਂਗ ਦੇ ਗੁਰਗਿਆਂ ਨੇ ਨੈਸ਼ਨਲ ਟੀਮ ਦੀ ਚੋਣ ਅਤੇ ਕਪਤਾਨੀ ਨੂੰ ਪ੍ਰਭਾਵਿਤ ਕਰਨ ਲਈ ਹਿੰਸਕ ਤਰੀਕਿਆਂ ਦਾ ਸਹਾਰਾ ਲਿਆ, ਜਿਸ ਨਾਲ ਪੂਰੀ ਟੀਮ ਅਤੇ ਬੋਰਡ ਦੇ ਅੰਦਰ ਡਰ ਦਾ ਮਾਹੌਲ ਬਣ ਗਿਆ ਹੈ।

ਧਮਕੀਆਂ ਲਾਰੈਂਸ ਗੈਂਗ ਨਾਲ ਜੁੜੇ ਲੋਕਾਂ ਵੱਲੋਂ ਆ ਰਹੀਆਂ ਹਨ। ਜੁਲਾਈ 2025 ਵਿਚ ਸਰੇ ਦੇ ਇੱਕ ਰੈਸਟੋਰੈਂਟ ਵਿਚ 2 ਖਿਡਾਰੀਆਂ ਨੇ ਖ਼ੁਦ ਨੂੰ ਗੈਂਗ ਦਾ ਗੁਰਗਾ ਦੱਸਦਿਆਂ ਸਟਾਰ ਖਿਡਾਰੀ ਨੂੰ ਧਮਕੀ ਦਿੱਤੀ। ਇਹ ਗੈਂਗ ਭਾਰਤ ਦੀ ਜੇਲ੍ਹ ਤੋਂ ਲਾਰੈਂਸ ਵੱਲੋਂ ਚਲਾਈ ਜਾ ਰਹੀ ਹੈ ਅਤੇ ਕੈਨੇਡਾ ਵਿਚ ਫਾਇਰਿੰਗ ਕਰਵਾਉਂਦੀ ਹੈ ਅਤੇ ਫਿਰੌਤੀ ਮੰਗਦੀ ਹੈ। ਟੀਮ ਨੂੰ ਪਹਿਲੀ ਧਮਕੀ ਉਦੋਂ ਮਿਲੀ ਜਦੋਂ ਜੁਲਾਈ 2025 ਵਿਚ ਪ੍ਰੋਵਿੰਸ਼ੀਅਲ ਟੂਰਨਾਮੈਂਟ ਜਿੱਤਣ ਤੋਂ ਬਾਅਦ 25 ਖਿਡਾਰੀਆਂ ਦੀ ਪਾਰਟੀ ਚੱਲ ਰਹੀ ਸੀ । ਇਸ ਦੌਰਾਨ ਇੱਕ ਸਟਾਰ ਖਿਡਾਰੀ ਨੂੰ ਧਮਕਾਇਆ ਗਿਆ। ਜੁਲਾਈ ਦੇ ਅੰਤ ਵਿਚ ਇੱਕ ਵਾਰ ਫਿਰ ਜਾਨ ਤੋਂ ਮਾਰਨ ਦੀ ਮੈਸੇਜ ਰਾਹੀਂ ਧਮਕੀ ਮਿਲੀ। ਇਸ ਤੋਂ ਬਾਅਦ ਸਾਬਕਾ ਬੋਰਡ ਮੈਂਬਰ ਦੇ ਕੈਲਗਰੀ ਵਿਚਲੇ ਘਰ 'ਤੇ ਗੋਲੀਬਾਰੀ ਹੋਈ।

ਜੁਲਾਈ 2025 ਸਰੇ ਰੈਸਟੋਰੈਂਟ 'ਚ ਦੋ ਖਿਡਾਰੀਆਂ ਨੇ ਖ਼ੁਦ ਨੂੰ ਗੈਂਗ ਦਾ ਗੁਰਗਾ ਦੱਸਦੇ ਹੋਏ ਸਟਾਰ ਖਿਡਾਰੀ ਨੂੰ ਧਮਕੀ ਦੱਤੀ। ਇਹ ਗੈਂਗ ਭਾਰਤ ਦੀ ਜੇਲ੍ਹ ਤੋਂ ਲਾਰੈਂਸ ਵੱਲੋਂ ਚਲਾਇਆ ਜਾ ਰਿਹਾ ਹੈ ਕੈਨੇਡਾ 'ਚ ਫਾਈਰਿੰਗ ਕਰਵਾਉਂਦਾ ਹੈ ਅਤੇ ਫਿਰੌਤੀ ਮੰਗਦਾ ਹੈ। ਟੀਮ ਨੂੰ ਪਹਿਲੀ ਧਮਕੀ ਉਦੋਂ ਮਿਲੀ ਜਦੋਂ ਜੁਲਾਈ 2025 'ਚ ਪ੍ਰੋਵਿੰਸ਼ੀਅਲ ਟੂਰਨਾਮੈਂਟ ਜਿੱਤ ਤੋਂ ਬਾਅਦ 25 ਖਿਡਾਰੀਆਂ ਦੀ ਪਾਰਟੀ ਚੱਲ ਰਹੀ ਸੀ। ਇਸ ਦੌਰਾਨ ਇਕ ਸਟਾਰ ਖਿਡਾਰੀ ਨੂੰ ਧਮਕਾਇਆ ਗਿਆ। ਜੁਲਾਈ ਦੇ ਅੰਤ ਵਿਚ ਸਟਾਰ ਖਿਡਾਰੀ ਨੇ ਕੈਨੇਡੀਅਨ ਚੈਂਪੀਅਨਸ਼ਿਪ ਤੋਂ ਹਟਣ ਦਾ ਫੈਸਲਾ ਲਿਆ। ਈਮੇਲ ਵਿਚ ਲਿਖਿਆ ਹੈ ਕਿ ਧਮਕੀਆਂ ਕਾਰਨ ਮੈਂ ਮਾਨਸਿਕ ਰੂਪ ਤੋਂ ਤਿਆਰ ਜਾਂ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਉਧਰ ਕ੍ਰਿਕਟ ਬੀਸੀ ਵੱਲੋਂ ਬਾਜਵਾ ਨੂੰ ਕੈਪਟਨ ਬਣਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰਹੀਆਂ।

ਇੱਕ ਖਿਡਾਰੀ ਨੇ ਬਾਜਵਾ ਦੀ ਕਪਤਾਨੀ ਦਾ ਵਿਰੋਧ ਕੀਤਾ। ਇਸ ਤੋਂ 30-40 ਮਿੰਟਾਂ ਦੇ ਅੰਦਰ ਉਸ ਨੂੰ ਮੈਸੇਜ ਆਇਆ ਕਿ ਅਸੀਂ ਤੈਨੂੰ ਚੇਤਾਵਨੀ ਦਿੱਤੀ ਸੀ ਕਿ ਬਿਸ਼ਨੋਈ ਗਰੁੱਪ ਨਾਲ ਪੰਗਾ ਨਾ ਲਈ। ਤੂੰ ਬਚੇਗਾ ਨਹੀਂ। ਸਾਨੂੰ ਪਤਾ ਹੈ ਤੂੰ ਕਿੱਥੇ ਰਹਿੰਦਾ ਹੈਂ।

ਜਨਵਰੀ-ਫਰਵਰੀ 2025 ਵਿਚ ਬਾਜਵਾ ਨੂੰ ਚੋਣਕਾਰਾਂ ਨੂੰ ਬਾਈਪਾਸ ਕਰਕੇ ਅਚਾਨਕ ਨੈਸ਼ਨਲ ਕੈਪਟਨ ਬਣਾਇਆ ਗਿਆ। ਟੀ-20 ਵਰਲਡ ਕੱਪ (17 ਫਰਵਰੀ 2026, ਕੈਨੇਡਾ ਵਰਸਿਜ ਨਿਊਜ਼ੀਲੈਂਡ) ਵਿਚ ਬਾਜਵਾ ਦੀ ਪਹਿਲੀ ਗੇਂਦ 'ਤੇ ਹੀ ਨੋ-ਬਾਲ ਸੁੱਟਣ ਤੋਂ ਬਾਅਦ ਆਈ.ਸੀ.ਸੀ. ਏ.ਸੀ.ਯੂ. ਨੇ ਸਪਾਟ-ਫਿਕਸਿੰਗ ਦੇ ਸ਼ੱਕ ਵਿਚ ਜਾਂਚ ਸ਼ੁਰੂ ਕਰ ਦਿੱਤੀ। ਸਾਬਕਾ ਕੋਚ ਖੁਰਰਮ ਚੌਹਾਨ ਨੇ ਬੈਟਿੰਗ ਆਰਡਰ ਫਿਕਸਿੰਗ ਦਾ ਇਲਜ਼ਾਮ ਲਗਾਇਆ। ਉਸ ਕੋਲ ਮੌਜੂਦ ਰਿਕਾਰਡਿੰਗ ਵਿਚ ਬੋਰਡ ਮੈਂਬਰਾਂ ਦਾ ਨਾਮ ਸਾਹਮਣੇ ਆਇਆ। ਜੁਲਾਈ 2025 ਵਿਚ ਚੌਹਾਨ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਸਾਬਕਾ ਬੋਰਡ ਮੈਂਬਰ ਦੇ ਕੈਲਗਰੀ ਘਰ 'ਤੇ ਦੋ ਵਾਰ ਗੋਲੀਬਾਰੀ ਹੋਈ, ਜਿਸ ਤੋਂ ਬਾਅਦ ਉਸਨੇ ਅਸਤੀਫਾ ਦੇ ਦਿੱਤਾ।

# ਤਿੰਨ ਹਫ਼ਤਿਆਂ 'ਚ ਹੀ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ ! ਨੇਪਾਲ ਦੇ ਗ੍ਰਹਿ ਮੰਤਰੀ ਨੇ ਦਿੱਤਾ ਅਸਤੀਫ਼ਾ

ਕਾਠਮੰਡੂ : ਨੇਪਾਲ ਦੀ ਬਾਲੇਨ ਸ਼ਾਹ ਸਰਕਾਰ ਨੇ ਆਪਣਾ ਕੰਮ ਅਜੇ ਸ਼ੁਰੂ ਹੀ ਕੀਤਾ ਹੈ ਜਦੋਂ ਮੰਤਰੀਆਂ ਦੇ ਅਸਤੀਫ਼ੇ ਸ਼ੁਰੂ ਹੋ ਗਏ ਹਨ। ਪਹਿਲੇ ਮਹੀਨੇ ਦੇ ਅੰਦਰ ਹੀ ਮੰਤਰੀ ਮੰਡਲ ਦੇ ਦੋ ਵੱਡੇ ਥੰਮ ਢਹਿ ਗਏ ਹਨ। ਅਨੁਸ਼ਾਸਨਹੀਣਤਾ ਦੇ ਮਾਮਲੇ ਵਿਚ ਕਿਰਤ ਮੰਤਰੀ ਦੀਪਕ ਕੁਮਾਰ ਸ਼ਾਹ ਦੇ ਜਾਣ ਤੋਂ ਬਾਅਦ ਹੁਣ ਗ੍ਰਹਿ ਮੰਤਰੀ ਸੁਦਨ ਗੁਰੂੰਗ ਨੇ ਵੀ ਅਸਤੀਫਾ ਦੇ ਦਿੱਤਾ ਹੈ।

ਗੁਰੂੰਗ 'ਤੇ ਵਿਵਾਦਿਤ ਕਾਰੋਬਾਰੀ ਦੀਪਕ ਭੱਟ ਨਾਲ ਮਿਲੀਭੁਗਤ ਕਰਕੇ ਮਨੀ ਲਾਂਡਰਿੰਗ ਅਤੇ ਸਟਾਕ ਹੇਰਾਫੇਰੀ ਦੇ ਗੰਭੀਰ ਦੋਸ਼ ਲੱਗੇ ਹਨ। ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦਾ ਵਾਅਦਾ ਕਰਦੇ ਹੋਏ ਸੱਤਾ ਵਿੱਚ ਆਈ ਇਸ ਨਵੀਂ ਸਰਕਾਰ ਲਈ ਆਪਣੇ ਹੀ ਮੰਤਰੀਆਂ ਦਾ ਵਿਵਾਦਾਂ ਵਿੱਚ ਫਸਣਾ ਇੱਕ ਮਹੱਤਵਪੂਰਨ ਨੈਤਿਕ ਅਤੇ ਰਾਜਨੀਤਿਕ ਚੁਣੌਤੀ ਪੈਦਾ ਕਰਦਾ ਹੈ। ਇੱਕ ਮਹੀਨੇ ਦੇ ਅੰਦਰ ਦੋ ਮਹੱਤਵਪੂਰਨ ਵਿਭਾਗਾਂ ਤੋਂ ਮੰਤਰੀਆਂ ਦਾ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਦੇ ਅੰਦਰ ਸਭ ਕੁਝ ਠੀਕ ਨਹੀਂ ਹੈ ਅਤੇ ਗੱਠਜੋੜ ਜਾਂ ਪਾਰਟੀ ਦੇ ਅੰਦਰ ਸਖ਼ਤ ਅਨੁਸ਼ਾਸਨ ਦੀ ਲੋੜ ਹੈ।

ਸੁਦਨ ਗੁਰੂੰਗ ਵਿਰੁੱਧ ਦੋਸ਼ ਸਿੱਧੇ ਤੌਰ 'ਤੇ ਉਸਦੀ ਇਮਾਨਦਾਰੀ 'ਤੇ ਸਵਾਲ ਉਠਾਉਂਦੇ ਹਨ। ਉਸ 'ਤੇ ਵਿਵਾਦਪੂਰਨ ਕਾਰੋਬਾਰੀ ਦੀਪਕ ਭੱਟ ਦੀ ਮਲਕੀਅਤ ਵਾਲੀਆਂ ਕੰਪਨੀਆਂ ਵਿੱਚ ਸ਼ੇਅਰ ਖਰੀਦਣ ਦਾ ਦੋਸ਼ ਹੈ, ਜਿਸਨੂੰ ਜੇਲ੍ਹ ਭੇਜਿਆ ਗਿਆ ਹੈ। ਵਿਰੋਧੀ ਧਿਰ ਅਤੇ ਸਿਵਲ ਸੁਸਾਇਟੀ ਦਾ ਕਹਿਣਾ ਹੈ ਕਿ ਇਹ ਮਨੀ ਲਾਂਡਰਿੰਗ ਦਾ ਮਾਮਲਾ ਹੋ ਸਕਦਾ ਹੈ। ਨੇਪਾਲੀ ਕਾਂਗਰਸ ਵਰਗੀਆਂ ਵਿਰੋਧੀ ਪਾਰਟੀਆਂ ਨੇ ਇਸ 'ਤੇ ਸਖ਼ਤ ਰੁਖ਼ ਅਪਣਾਇਆ ਅਤੇ ਸੁਤੰਤਰ ਜਾਂਚ ਦੀ ਮੰਗ ਕੀਤੀ। ਇਸ ਭਾਰੀ ਦਬਾਅ ਹੇਠ ਗੁਰੰਗ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਆਪਣੀ ਸਾਖ ਬਚਾਉਣ ਲਈ ਆਖਰੀ ਉਪਾਅ ਮੰਨਿਆ।



ਆਪਣੇ ਅਸਤੀਫ਼ੇ ਵਿੱਚ, ਸੁਦਨ ਗੁਰੰਗ ਨੇ ਵਾਰ-ਵਾਰ 'ਨੈਤਿਕਤਾ' ਸ਼ਬਦ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਚੰਗੇ ਸ਼ਾਸਨ ਅਤੇ ਜਵਾਬਦੇਹੀ ਦੀ ਮੰਗ ਕਰਦੀ ਹੈ। ਗੁਰੰਗ ਅਨੁਸਾਰ ਜਨਤਕ ਜੀਵਨ ਵਿੱਚ ਇਮਾਨਦਾਰੀ ਜ਼ਰੂਰੀ ਹੈ, ਅਤੇ ਜਨਤਕ ਵਿਸ਼ਵਾਸ ਅਹੁਦੇ ਨਾਲੋਂ ਵੱਧ ਮਹੱਤਵਪੂਰਨ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਇੱਕ ਨਿਰਪੱਖ ਜਾਂਚ ਦਾ ਸਾਹਮਣਾ ਕਰਨਾ ਚਾਹੁੰਦੇ ਹਨ ਅਤੇ ਨਹੀਂ ਚਾਹੁੰਦੇ ਕਿ ਗ੍ਰਹਿ ਮੰਤਰੀ ਦਾ ਅਹੁਦਾ ਕਿਸੇ ਵੀ ਤਰੀਕੇ ਨਾਲ ਜਾਂਚ ਨੂੰ ਪ੍ਰਭਾਵਿਤ ਕਰੇ ਜਾਂ ਹਿੱਤਾਂ ਦਾ ਟਕਰਾਅ ਪੈਦਾ ਕਰੇ।

ਇਹ ਬਾਲੇਨ ਸ਼ਾਹ ਲਈ ਇੱਕ ਲਿਟਮਸ ਟੈਸਟ ਹੈ, ਜੋ ਕਿ ਇੱਕ ਮਜ਼ਬੂਤ ਜਨਤਕ ਸਮਰਥਨ ਨਾਲ ਪ੍ਰਧਾਨ ਮੰਤਰੀ ਬਣਿਆ ਸੀ। ਸਰਕਾਰ ਦੀ ਸ਼ੁਰੂਆਤ ਵਿੱਚ ਹੀ ਅਜਿਹੇ ਵਿਵਾਦਪੂਰਨ ਮੰਤਰੀ ਜਨਤਕ ਵਿਸ਼ਵਾਸ ਨੂੰ ਢਾਹ ਸਕਦੇ ਹਨ। ਇੱਕ ਪਾਸੇ ਕਿਰਤ ਮੰਤਰੀ ਦੀ ਅਨੁਸ਼ਾਸਨਹੀਣਤਾ ਅਤੇ ਦੂਜੇ ਪਾਸੇ ਗ੍ਰਹਿ ਮੰਤਰੀ ਦੇ ਭ੍ਰਿਸ਼ਟਾਚਾਰ ਦੇ ਦੋਸ਼ - ਇਨ੍ਹਾਂ ਦੋਵਾਂ ਘਟਨਾਵਾਂ ਨੇ ਸਰਕਾਰ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ, ਪ੍ਰਧਾਨ ਮੰਤਰੀ ਬਾਲੇਨ ਸ਼ਾਹ ਸਾਹਮਣੇ ਸਾਫ਼-ਸੁਥਰੇ ਅੰਕੜਿਆਂ ਨਾਲ ਆਪਣੇ ਮੰਤਰੀ ਮੰਡਲ ਦਾ ਜਲਦੀ ਪੁਨਰਗਠਨ ਕਰਨ ਦੀ ਚੁਣੌਤੀ ਹੈ।

# ਹੁਣ HSGMC ਕਿਉਂ ਕਰ ਰਹੀ ਬੇਅਦਬੀ ਰੋਕਣ ਲਈ ਦੇਸ਼ ਪੱਧਰ 'ਤੇ ਸਖ਼ਤ ਕਾਨੂੰਨ ਦੀ ਮੰਗ ?

## ਸਾਰੇ ਧਰਮਾਂ ਦੇ ਗ੍ਰੰਥਾਂ ਨੂੰ ਕਾਨੂੰਨ 'ਚ ਸ਼ਾਮਲ ਕਰਨ ਲਈ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਲਿਖੇ ਪੱਤਰ, ਸਖ਼ਤ ਤੋਂ ਸਖ਼ਤ ਸਜ਼ਾ ਦੀ ਅਪੀਲ




ਕੁਰੂਕਸ਼ੇਤਰ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (HSGMC) ਨੇ ਪੂਰੇ ਦੇਸ਼ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਕਮੇਟੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਕਾਨੂੰਨ ਕਿਸੇ ਇੱਕ ਧਰਮ ਤੱਕ ਸੀਮਿਤ ਨਾ ਰਹੇ, ਸਗੋਂ ਇਸ ਕਾਨੂੰਨ ਵਿੱਚ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਸ਼ਾਮਲ ਕੀਤਾ ਜਾਵੇ।

ਇਹ ਮੰਗ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪਾਸ ਕੀਤੇ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026"ਦੇ ਸੰਦਰਭ ਵਿੱਚ ਸਾਹਮਣੇ ਆਈ ਹੈ। ਇਸ ਕਾਨੂੰਨ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਜਾਂ ਅਜਿਹੀ ਸਾਜ਼ਿਸ਼ ਰਚਣ ਵਾਲਿਆਂ ਲਈ 10 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਆਨਲਾਈਨ ਅਪਮਾਨਜਨਕ ਸਮੱਗਰੀ ਪ੍ਰਕਾਸ਼ਿਤ ਕਰਨ ਨੂੰ ਵੀ ਅਪਰਾਧ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ।

**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹਾ ਕਾਨੂੰਨ ਕਿਉਂ ਚਾਹੁੰਦੀ ਹੈ ?**

HSGMC ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਹਰਿਆਣਾ ਅਤੇ ਕੇਂਦਰੀ ਪੱਧਰ 'ਤੇ ਵੀ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਬੇਅਦਬੀ ਦੇ ਮਾਮਲਿਆਂ ਵਿੱਚ ਸ਼ਾਮਲ ਲੋਕਾਂ ਲਈ ਸਖ਼ਤ ਸਜ਼ਾਵਾਂ ਦੀ ਮੰਗ ਕਰਦੇ ਹੋਏ ਕਿਹਾ ਕਿ ਇਹ ਕਾਨੂੰਨ ਸਾਰੇ ਧਰਮਾਂ ਲਈ ਇਕਸਾਰ ਹੋਣਾ ਚਾਹੀਦਾ ਹੈ।

ਕਮੇਟੀ ਦੇ ਮੁਤਾਬਿਕ ਪਿਛਲੇ ਕੁੱਝ ਸਾਲਾਂ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਬੇਅਦਬੀ ਦੀਆਂ ਘਟਨਾਵਾਂ ਵਧੀਆਂ ਹਨ, ਜਿਨ੍ਹਾਂ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਕਈ ਵਾਰ ਕਾਨੂੰਨ-ਵਿਵਸਥਾ 'ਤੇ ਵੀ ਅਸਰ ਪੈਂਦਾ ਹੈ। ਇਸ ਸੰਦਰਭ ਵਿੱਚ, ਕਮੇਟੀ ਮੰਨਦੀ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਪ੍ਰਬੰਧ ਹੋਣੇ ਲਾਜ਼ਮੀ ਹਨ।

ਜਗਦੀਸ਼ ਸਿੰਘ ਝੀਂਡਾ ਨੇ ਆਪਣੇ ਪੱਤਰਾਂ ਵਿੱਚ ਇਹ ਵੀ ਦਰਸਾਇਆ ਕਿ ਪੰਜਾਬ ਸਰਕਾਰ ਦੇ ਇਸ ਕਦਮ ਨੂੰ ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਵੱਲੋਂ ਵਿਆਪਕ ਸਮਰਥਨ ਮਿਲਿਆ ਹੈ। ਉਨ੍ਹਾਂ ਦੇ ਮੁਤਾਬਿਕ, ਹਰਿਆਣਾ ਅਤੇ ਕੇਂਦਰ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਫ਼ੌਰਨ ਕਦਮ ਚੁੱਕਦੇ ਹੋਏ ਅਜਿਹਾ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ।

ਕਮੇਟੀ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਇਸ ਮਾਮਲੇ 'ਤੇ ਚਰਚਾ ਲਈ ਜਲਦੀ ਹੀ ਇੱਕ ਬੈਠਕ ਬੁਲਾਈ ਜਾਵੇਗੀ ਅਤੇ ਇਸ ਲਈ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕੀਤੀ ਜਾਵੇਗੀ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (HSGMC) ਨੇ ਦੇਸ਼ ਭਰ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਇਹ ਮੰਗ ਪੰਜਾਬ ਵਿੱਚ ਪਾਸ ਹੋਏ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026" ਦੇ ਸੰਦਰਭ ਵਿੱਚ ਕੀਤੀ ਗਈ ਹੈ, ਜਿਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਹੈ। ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਹਰਿਆਣਾ ਅਤੇ ਕੇਂਦਰ ਪੱਧਰ 'ਤੇ ਵੀ ਅਜਿਹਾ ਕਾਨੂੰਨ ਲਾਗੂ ਕਰਨ ਦੀ ਅਪੀਲ ਕੀਤੀ ਹੈ। ਕਮੇਟੀ ਅਨੁਸਾਰ, ਵਧਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਕਦਮ ਜ਼ਰੂਰੀ ਹਨ।




ਪ੍ਰਯਾਗਰਾਜ ਵਿੱਚ ਸੜਕ ਦੇ ਕਿਨਾਰੇ ਵਿਦਿਆਰਥੀ ਆਪਣੇ ਆਪ ਨੂੰ ਤੇਜ਼ ਗਰਮੀ ਤੋਂ ਬਚਾਉਂਦੇ ਹਨ।

# ਰਾਜਪਾਲ ਦੀ ਪ੍ਰਵਾਨਗੀ ਨਾਲ ਬੇਅਦਬੀ ਸੰਬੰਧੀ ਕਾਨੂੰਨ ਲਾਗੂ

## ਦੋਸ਼ੀਆਂ ਨੂੰ ਹੋਵੇਗੀ ਉਮਰ ਕੈਦ ਦੀ ਸਜ਼ਾ

ਚੰਡੀਗੜ੍ਹ : ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਨੂੰ ਰੋਕਣ ਲਈ ਕੀਤਾ ਗਿਆ ਇਤਿਹਾਸਕ ਫ਼ੈਸਲਾ ਹੁਣ ਕਾਨੂੰਨੀ ਰੂਪ ਧਾਰ ਚੁੱਕਾ ਹੈ। 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਬਿੱਲ-2026' ਸੋਧ ਬਿੱਲ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਲੋਂ ਦਸਤਖ਼ਤ ਕਰਨ ਉਪਰੰਤ ਇਹ ਕਾਨੂੰਨ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਕਿਹਾ ਕਿ ਇਹ ਕਾਨੂੰਨ ਪੰਜਾਬ ਦੀਆਂ ਧਾਰਮਿਕ ਭਾਵਨਾਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਦੀ ਰੱਖਿਆ ਲਈ ਇਕ ਮਜ਼ਬੂਤ ਕਦਮ ਹੈ। ਨਵੇਂ ਕਾਨੂੰਨ ਵਿਚ ਬੇਅਦਬੀ ਨਾਲ ਜੁੜੇ ਮਾਮਲਿਆਂ ਲਈ ਸਖ਼ਤ ਸਜ਼ਾਵਾਂ ਅਤੇ ਤੇਜ਼ ਨਿਆਂ ਪ੍ਰਕਿਰਿਆ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਮਿਲ ਸਕੇ। ਮੁੱਖ ਮੰਤਰੀ ਨੇ ਸਮੂਹ ਸੰਗਤ ਅਤੇ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਬਿੱਲ-2026' ਸੋਧ ਬਿੱਲ ਨੂੰ ਸਦਨ ਵਿਚ ਪਾਸ ਕੀਤਾ ਗਿਆ ਸੀ ਤੇ ਸਰਕਾਰ ਵਲੋਂ ਇਸ ਬਿੱਲ ਨੂੰ ਤੁਰੰਤ ਮਨਜ਼ੂਰੀ ਲਈ ਰਾਜਪਾਲ ਕੋਲ ਭੇਜਿਆ ਗਿਆ ਸੀ।





Punjab Government Gazette

EXTRAORDINARY

*Published by Authority*

CHANDIGARH, MONDAY, APRIL 20, 2026
(CHAITRA 30, 1948 SAKA)

LEGISLATIVE SUPPLEMENT

| | Contents | Pages |
|---|---|---|
| Part - I | Acts | |
| | The Jaagat Jot Sri Guru Granth Sahib Satkar (Amendment) Act, 2026 (Punjab Act No.7 of 2026) | ..415-419 |
| Part - II | Ordinances | |
| | Nil | |
| Part - III | Delegated Legislation | |
| | Nil | |
| Part - IV | Correction Slips, Republications and Replacements | |
| | Nil | |

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਬਿੱਲ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਬਣਿਆ ਕਾਨੂੰਨ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਹਿਗੁਰੂ ਅਤੇ ਸੰਗਤ ਦਾ ਕੀਤਾ ਧੰਨਵਾਦ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਬਿੱਲ ਹੁਣ ਰਾਜਪਾਲ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਅਧਿਕਾਰਤ ਤੌਰ 'ਤੇ ਕਾਨੂੰਨ ਬਣ ਗਿਆ ਹੈ। ਇਹ ਪਵਿੱਤਰ ਗ੍ਰੰਥ ਦੀ ਮਰਿਆਦਾ ਦੀ ਰਾਖੀ ਲਈ ਇੱਕ ਮਹੱਤਵਪੂਰਨ ਵਿਧਾਨਕ ਕਦਮ ਹੈ।

ਐਕਸ 'ਤੇ ਇੱਕ ਪੋਸਟ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਵਿਧਾਨ ਸਭਾ ਵਿੱਚ ਪਾਸ ਕੀਤੇ ਬਿੱਲ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦਸਤਖਤ ਕਰ ਦਿੱਤੇ ਹਨ। ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ। ਮੈਂ ਵਾਹਿਗੁਰੂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਨਿਮਾਣੇ ਸੇਵਕ ਨੂੰ ਅਜਿਹੀ ਸੇਵਾ ਬਖਸ਼ੀ। ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ।'

ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਕਾਸ ਨੂੰ ਸਾਰਿਆਂ ਲਈ 'ਬੇਹੱਦ ਸ਼ੁਭ ਅਤੇ ਇਤਿਹਾਸਕ ਪਲ' ਕਰਾਰ ਦਿੱਤਾ। ਉਨ੍ਹਾਂ ਕਿਹਾ, 'ਇਹ ਸਾਰਿਆਂ ਲਈ ਬਹੁਤ ਹੀ ਸ਼ੁਭ ਅਤੇ ਇਤਿਹਾਸਕ ਪਲ ਹੈ। ਵਿਸਾਖੀ ਦੇ ਮੌਕੇ 'ਤੇ 13 ਅਪ੍ਰੈਲ ਨੂੰ ਪਾਸ ਕੀਤਾ ਗਿਆ ਬਿੱਲ ਹੁਣ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ, 2026' ਵਜੋਂ ਲਾਗੂ ਹੋ ਗਿਆ ਹੈ। ਮੈਂ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਉਨ੍ਹਾਂ ਸਾਰੇ ਧਰਮਾਂ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਰੱਖਦੇ ਹਨ, ਕਿਉਂਕਿ ਇਹ ਕਾਨੂੰਨ ਕਰੋੜਾਂ ਲੋਕਾਂ ਦੇ ਸਾਂਝੇ ਵਿਸ਼ਵਾਸ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ।'

ਕੈਬਨਿਟ ਮੰਤਰੀ ਬਲਜੀਤ ਕੌਰ ਨੇ ਕਿਹਾ, 'ਇਹ ਇੱਕ ਭਾਗਾਂ ਵਾਲਾ ਅਤੇ ਇਤਿਹਾਸਕ ਦਿਨ ਹੈ। ਇਹ ਕਾਨੂੰਨ ਉਨ੍ਹਾਂ ਲੋਕਾਂ ਵਿਰੁੱਧ ਇੱਕ ਸਖ਼ਤ ਰੋਕ ਵਜੋਂ ਕੰਮ ਕਰੇਗਾ ਜੋ ਸਮਾਜ ਵਿੱਚ ਵੰਡ ਪਾਉਣ ਦੇ ਇਰਾਦੇ ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਮਾਨ ਸਰਕਾਰ ਨੇ ਉਹ ਕਰ ਦਿਖਾਇਆ ਹੈ ਜੋ ਪਿਛਲੀਆਂ ਸਰਕਾਰਾਂ ਪੰਥਕ ਕਦਰਾਂ-ਕੀਮਤਾਂ ਦੇ ਰਾਖੇ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਵੀ ਹਾਸਲ ਕਰਨ ਵਿੱਚ ਅਸਫਲ ਰਹੀਆਂ ਸਨ। ਇਹ ਕਾਨੂੰਨ ਸਖ਼ਤ ਸਜ਼ਾ ਯਕੀਨੀ ਬਣਾਏਗਾ ਅਤੇ ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕ ਕੇ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕਰੇਗਾ।'

ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ, 'ਪੰਜਾਬ ਲਈ ਇਹ ਇੱਕ ਇਤਿਹਾਸਕ ਦਿਨ ਹੈ। ਵਿਧਾਨ ਸਭਾ ਵਿੱਚ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਮਿਲ ਗਈ ਹੈ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਲੇਰੀ ਅਤੇ ਇਮਾਨਦਾਰੀ ਨਾਲ ਇਹ ਬਿੱਲ



ਪੇਸ਼ ਕਰਨ ਦਾ ਸਿਹਰਾ ਦਿੰਦਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਾਨੂੰਨ ਦੀਆਂ ਸਖ਼ਤ ਵਿਵਸਥਾਵਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕ ਦੇਣਗੀਆਂ, ਕਿਉਂਕਿ ਦੋਸ਼ੀ ਹੁਣ ਅਜਿਹੀ ਹਰਕਤ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ।'

ਐਮਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ, 'ਇਹ ਕਾਨੂੰਨ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਦੀ ਦੁਨੀਆ ਭਰ ਦੇ ਸਿੱਖਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਅਜਿਹੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਵਿੱਚ ਡਰ ਪੈਦਾ ਕਰੇਗਾ ਅਤੇ ਇਨਸਾਫ਼ ਯਕੀਨੀ ਬਣਾਏਗਾ। ਮੈਂ ਵਾਹਿਗੁਰੂ ਅਤੇ ਮਾਨ ਸਰਕਾਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਇੱਕ ਮਜ਼ਬੂਤ ਕਾਨੂੰਨੀ ਢਾਂਚੇ ਵਿੱਚ ਬਦਲਿਆ ਹੈ।'


'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਨੂੰ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਦੱਸਦਿਆਂ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ, 'ਇਹ ਦੁਨੀਆ ਭਰ ਦੇ ਸਿੱਖਾਂ ਲਈ ਮਾਣ ਵਾਲਾ ਪਲ ਹੈ। ਇਹ ਕਾਨੂੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਹਤਰ ਸੁਰੱਖਿਆ ਯਕੀਨੀ ਬਣਾਏਗਾ। ਮੈਂ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਨੂੰ ਸੰਭਵ ਬਣਾਉਣ ਲਈ ਮੁੱਖ ਮੰਤਰੀ ਅਤੇ ਰਾਜਪਾਲ ਦਾ ਧੰਨਵਾਦ ਕਰਦਾ ਹਾਂ।'

ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਇਹ ਸਪੱਸ਼ਟ ਸੰਦੇਸ਼ ਜਾਂਦਾ ਹੈ ਕਿ ਕਿਸੇ ਵੀ ਕੀਮਤ 'ਤੇ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਧਾਰਮਿਕ ਸਦਭਾਵਨਾ ਦੀ ਰਾਖੀ ਕਰੇਗਾ ਅਤੇ ਸਾਰੇ ਪਵਿੱਤਰ ਗ੍ਰੰਥਾਂ ਦੀ ਮਰਿਆਦਾ ਨੂੰ ਬਹਾਲ ਰੱਖੇਗਾ। ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਅੱਜ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਬੇਅਦਬੀ ਵਿਰੋਧੀ ਬਿੱਲ 'ਤੇ ਮਾਨਯੋਗ ਰਾਜਪਾਲ ਸਾਹਿਬ ਨੇ ਦਸਤਖਤ ਕਰ ਦਿੱਤੇ ਹਨ, ਜਿਸ ਨਾਲ ਇਹ ਬਿੱਲ ਹੁਣ ਕਾਨੂੰਨ ਦਾ ਰੂਪ ਧਾਰਨ ਕਰ ਗਿਆ ਹੈ। ਦੀਪਕ ਬਾਲੀ ਨੇ ਕਿਹਾ ਕਿ ਇਹ ਪੰਜਾਬ ਲਈ ਇਤਿਹਾਸਿਕ ਦਿਨ ਹੈ ਅਤੇ ਇਹ ਕਾਨੂੰਨ ਸਾਡੀਆਂ ਧਾਰਮਿਕ ਭਾਵਨਾਵਾਂ ਅਤੇ ਗੁਰੂ ਸਾਹਿਬਾਨ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਵੱਡਾ ਬਦਲਾਅ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਵੀ ਤਰੀਕੇ ਨਾਲ ਬੇਅਦਬੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਅਤੇ ਸਰਕਾਰਾਂ ਬਣਾ ਕੇ ਕਿਸੇ ਵੀ ਅਖੌਤੀ ਪੰਥਕ ਪਾਰਟੀ ਨੇ ਇਸ ਤਰ੍ਹਾਂ ਦਾ ਕਾਨੂੰਨ ਕਦੇ ਨਹੀਂ ਘੜਿਆ। ਆਮ ਆਦਮੀ ਪਾਰਟੀ ਨੇ ਇਹ ਸਾਬਿਤ ਕੀਤਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਸ਼ਾਨ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਤੋਂ ਨਹੀਂ ਝਿਜਕਦੀ। ਅੰਤ ਵਿੱਚ ਉਨ੍ਹਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ।

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਨੂੰ ਹਾਈ ਕੋਰਟ ਵਿੱਚ ਚੁਣੌਤੀ

## ਉਮਰ ਕੈਦ ਦੀ ਸਜ਼ਾ ਵਾਲੇ ਨਵੇਂ ਕਾਨੂੰਨ ਨੂੰ ਰੱਦ ਕਰਨ ਦੀ ਮੰਗ




ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦੇਣ ਲਈ ਲਿਆਂਦੇ ਗਏ ਨਵੇਂ ਕਾਨੂੰਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ 43 ਸਾਲਾ ਸਿਮਰਨਜੀਤ ਸਿੰਘ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਵਿੱਚ ਇਸ ਐਕਟ ਨੂੰ ਸੰਵਿਧਾਨਕ ਤੌਰ 'ਤੇ ਗਲਤ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਹਾਲਾਂਕਿ, ਅਦਾਲਤ ਨੇ ਅਜੇ ਇਸ ਮਾਮਲੇ ਦੀ ਸੁਣਵਾਈ ਕਰਨੀ ਹੈ।

ਰਾਸ਼ਟਰਪਤੀ ਦੀ ਸਹਿਮਤੀ ਦਾ ਮੁੱਦਾ ਪਟੀਸ਼ਨਕਰਤਾ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਰਾਹੀਂ ਅਜਿਹੀਆਂ ਅਪਰਾਧਿਕ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ ਜੋ 'ਸਮਵਰਤੀ ਸੂਚੀ' (Concurrent List) ਦੇ ਅਧੀਨ ਆਉਂਦੀਆਂ ਹਨ। ਸੰਵਿਧਾਨ ਦੀ ਧਾਰਾ 254(2) ਅਨੁਸਾਰ, ਜੇਕਰ ਕੋਈ ਸੂਬਾ ਕੇਂਦਰੀ ਕਾਨੂੰਨ (ਭਾਰਤੀ ਨਿਆ ਸੰਹਿਤਾ) ਨਾਲ ਮੇਲ ਨਹੀਂ ਖਾਂਦਾ, ਤਾਂ ਉਸ ਲਈ ਰਾਸ਼ਟਰਪਤੀ ਦੀ ਸਹਿਮਤੀ ਲਾਜ਼ਮੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਪ੍ਰਵਾਨਗੀ (17 ਅਪਰੈਲ 2026) ਤੋਂ ਬਾਅਦ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ, ਜੋ ਕਿ ਕਾਨੂੰਨੀ ਤੌਰ 'ਤੇ ਨੁਕਸਦਾਰ ਹੈ।

ਧਾਰਾ 14 ਅਤੇ ਧਰਮ ਨਿਰਪੱਖਤਾ ਦੀ ਉਲੰਘਣਾ ਪਟੀਸ਼ਨ ਵਿੱਚ ਬਰਾਬਰੀ ਦੇ ਅਧਿਕਾਰ (ਧਾਰਾ 14) ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਇਹ ਕਾਨੂੰਨ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਕਰਦਾ ਹੈ ਅਤੇ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਇਸ ਤੋਂ ਬਾਹਰ ਰੱਖਦਾ ਹੈ। ਪਟੀਸ਼ਨਕਰਤਾ ਅਨੁਸਾਰ ਇਹ 'ਧਰਮ ਨਿਰਪੱਖਤਾ' ਦੇ ਸਿਧਾਂਤ ਦੇ ਖ਼ ?ਲਾਫ਼ ਹੈ ਅਤੇ ਕਾਨੂੰਨ ਦੀ ਨਜ਼ਰ ਵਿੱਚ ਸਾਰਿਆਂ ਨੂੰ ਬਰਾਬਰ ਸਮਝਣ ਦੇ ਟੈਸਟ ਵਿੱਚ ਫੇਲ੍ਹ ਸਾਬਤ ਹੁੰਦਾ ਹੈ। ਸਜ਼ਾ ਅਤੇ ਬੋਲਣ ਦੀ ਆਜ਼ਾਦੀ 'ਤੇ ਸਵਾਲ ਐਕਟ ਦੀ ਧਾਰਾ 5(3) ਤਹਿਤ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਵੀ ਉਮਰ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ। ਪਟੀਸ਼ਨਕਰਤਾ ਨੇ ਇਸ ਨੂੰ 'ਮਨਮਾਨੀ' ਕਰਾਰ ਦਿੰਦਿਆਂ ਕਿਹਾ ਕਿ ਇਸ ਗੁਨਾਹ ਨੂੰ ਕਤਲ ਦੇ ਬਰਾਬਰ ਦੀ ਸਜ਼ਾ ਦੇਣਾ ਜਾਇਜ਼ ਨਹੀਂ ਹੈ। ਇਸ ਤੋਂ ਇਲਾਵਾ, ਬੇਅਦਬੀ ਦੀ ਪਰਿਭਾਸ਼ਾ ਵਿੱਚ 'ਸ਼ਬਦਾਂ, ਸੰਕੇਤਾਂ ਜਾਂ ਇਲੈਕਟ ?ਰਾਨਿਕ ਸਾਧਨਾਂ' ਨੂੰ ਸ਼ਾਮਲ ਕਰਨ 'ਤੇ ਵੀ ਇਤਰਾਜ਼ ਜਤਾਇਆ ਗਿਆ ਹੈ। ਪਟੀਸ਼ਨ ਅਨੁਸਾਰ ਇਹ ਪਰਿਭਾਸ਼ਾ ਇੰਨੀ ਅਸਪਸ਼ਟ ਹੈ ਕਿ ਇਹ ਸੰਵਿਧਾਨ ਦੀ ਧਾਰਾ 19 ਤਹਿਤ ਮਿਲੀ 'ਬੋਲਣ ਦੀ ਆਜ਼ਾਦੀ' 'ਤੇ ਮਾੜਾ ਅਸਰ ਪਾ ਸਕਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ 20 ਅਪਰੈਲ 2026 ਨੂੰ ਇਸ ਸਬੰਧੀ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਹੁਣ ਹਾਈ ਕੋਰਟ ਵੱਲੋਂ ਇਸ ਮਾਮਲੇ ਵਿੱਚ ਲਏ ਜਾਣ ਵਾਲੇ ਫੈਸਲੇ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

2006 Malegaon blast case

# ਬੰਬੇ ਹਾਈਕੋਰਟ ਨੇ 4 ਮੁਲਜ਼ਮਾਂ ਨੂੰ ਕੀਤਾ ਬਰੀ; ਦੋਸ਼ ਕੀਤੇ ਰੱਦ

ਮੁੰਬਈ : ਬੰਬੇ ਹਾਈ ਕੋਰਟ ਨੇ ਬੁੱਧਵਾਰ ਨੂੰ 2006 ਦੇ ਮਾਲੇਗਾਓਂ ਧਮਾਕਾ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ ਅਤੇ ਇੱਕ ਵਿਸ਼ੇਸ਼ ਅਦਾਲਤ ਵੱਲੋਂ ਉਨ੍ਹਾਂ ਵਿਰੁੱਧ ਤੈਅ ਕੀਤੇ ਗਏ ਦੋਸ਼ਾਂ ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ।

ਚੀਫ਼ ਜਸਟਿਸ ਸ਼੍ਰੀ ਚੰਦਰਸ਼ੇਖਰ ਅਤੇ ਜਸਟਿਸ ਸ਼ਿਆਮ ਚਾਂਡਕ ਦੀ ਬੈਂਚ ਨੇ ਚਾਰ ਮੁਲਜ਼ਮਾਂ ਰਾਜੇਂਦਰ ਚੌਧਰੀ, ਧਾਨ ਸਿੰਘ, ਮਨੋਹਰ ਰਾਮ ਸਿੰਘ ਨਰਵਾਰੀਆ ਅਤੇ ਲੋਕੇਸ਼ ਸ਼ਰਮਾ ਵੱਲੋਂ ਵਿਸ਼ੇਸ਼ ਅਦਾਲਤ ਦੇ ਹੁਕਮਾਂ ਵਿਰੁੱਧ ਦਾਖਲ ਕੀਤੀਆਂ ਅਪੀਲਾਂ ਨੂੰ ਪਰਵਾਨ ਕੀਤਾ ਸੀ।

ਇਨ੍ਹਾਂ ਚਾਰਾਂ 'ਤੇ ਕਤਲ, ਅਪਰਾਧਿਕ ਸਾਜ਼ਿਸ਼ ਰਚਣ ਦੀਆਂ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਅਤੇ ਸਖ਼ਤ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (UAPA) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

8 ਸਤੰਬਰ, 2006 ਨੂੰ ਨਾਸਿਕ ਜ਼ਿਲ੍ਹੇ ਦੇ ਮਾਲੇਗਾਓਂ ਕਸਬੇ ਵਿੱਚ ਚਾਰ ਬੰਬ ਧਮਾਕੇ ਹੋਏ ਸਨ। ਇਨ੍ਹਾਂ ਵਿੱਚੋਂ ਤਿੰਨ ਧਮਾਕੇ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਹਮੀਦੀਆ ਮਸਜਿਦ ਅਤੇ ਬੜਾ ਕਬਰਸਤਾਨ ਦੇ ਅੰਦਰ ਹੋਏ, ਜਦਕਿ ਚੌਥਾ ਧਮਾਕਾ ਮੁਸ਼ਾਵਰਤ ਚੌਕ ਵਿੱਚ ਹੋਇਆ ਸੀ। ਇਨ੍ਹਾਂ ਧਮਾਕਿਆਂ ਵਿੱਚ 31 ਲੋਕ ਮਾਰੇ ਗਏ ਸਨ ਅਤੇ 312 ਲੋਕ ਜ਼ਖਮੀ ਹੋਏ ਸਨ।

ਸ਼ੁਰੂ ਵਿੱਚ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਸੂਬੇ ਦੇ ਅਤਿਵਾਦ ਵਿਰੋਧੀ ਦਸਤੇ (ATS) ਨੇ ਇਸ ਸਬੰਧ ਵਿੱਚ ਨੌਂ ਮੁਸਲਿਮ ਵਿਅਕਤੀਆਂ ਨੂੰ



ਗ੍ਰਿਫਤਾਰ ਕੀਤਾ ਸੀ। ਬਾਅਦ ਵਿੱਚ ਜਦੋਂ ਰਾਸ਼ਟਰੀ ਜਾਂਚ ਏਜੰਸੀ (NIA) ਨੇ ਇਹ ਮਾਮਲਾ ਆਪਣੇ ਹੱਥ ਵਿੱਚ ਲਿਆ ਤਾਂ ਉਸ ਨੇ ਇਨ੍ਹਾਂ ਧਮਾਕਿਆਂ ਪਿੱਛੇ ਸੱਜੇ-ਪੱਖੀ ਕੱਟੜਪੰਥੀਆਂ ਦਾ ਹੱਥ ਦੱਸਿਆ ਤੇ ਇਸ ਦੇ ਆਧਾਰ 'ਤੇ ਇਨ੍ਹਾਂ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਨੌਂ ਮੁਸਲਿਮ ਵਿਅਕਤੀਆਂ ਨੂੰ ਇੱਕ ਵਿਸ਼ੇਸ਼ ਅਦਾਲਤ ਵੱਲੋਂ ਮਾਮਲੇ ਵਿੱਚੋਂ ਬਰੀ ਕਰ ਦਿੱਤਾ ਗਿਆ ਸੀ। ਪਿਛਲੇ ਸਾਲ ਸਤੰਬਰ ਵਿੱਚ, ਇੱਕ ਵਿਸ਼ੇਸ਼ ਅਦਾਲਤ ਨੇ ਚਾਰਾਂ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕੀਤੇ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਅਦਾਲਤ ਦੇ ਹੁਕਮਾਂ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ।

ਇਸ ਸਾਲ ਜਨਵਰੀ ਵਿੱਚ, ਹਾਈ ਕੋਰਟ ਨੇ ਪਟੀਸ਼ਨਾਂ ਨੂੰ ਸੁਣਵਾਈ ਲਈ ਪਰਵਾਨ ਕਰਦਿਆਂ ਕਿਹਾ ਸੀ ਕਿ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਲੋੜ ਜਾਪਦੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਕੇਸ ਦਾ ਫ਼ੈਸਲਾ ਆਉਣ ਤੱਕ ਹੇਠਲੀ ਅਦਾਲਤ (ਟਰਾਇਲ ਕੋਰਟ) ਦੀ ਅੱਗੇ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ।

ਹਾਈ ਕੋਰਟ ਵਿੱਚ ਆਪਣੀ ਪਟੀਸ਼ਨ ਵਿੱਚ ਚਾਰਾਂ ਮੁਲਜ਼ਮਾਂ ਨੇ ਦਾਅਵਾ ਕੀਤਾ ਸੀ ਕਿ ਐੱਨ ਆਈ ਏ ਉਨ੍ਹਾਂ ਵਿਰੁੱਧ ਕੋਈ ਵੀ ਸਬੂਤ ਪੇਸ਼ ਕਰਨ ਵਿੱਚ ਅਸਫ਼ਲ ਰਹੀ ਹੈ।

# ਅਮਰੀਕਾ ਤੋਂ ਮੋਹ ਭੰਗ ! 40% ਭਾਰਤੀ ਛੱਡਣਾ ਚਾਹੁੰਦੇ ਨੇ US, ਸਰਵੇਖਣ 'ਚ ਹੋਇਆ ਖੁਲਾਸਾ

ਨਵੀਂ ਦਿੱਲੀ : ਕਦੇ 'ਅਮਰੀਕਨ ਡਰੀਮ' (ਅਮਰੀਕੀ ਸੁਪਨਾ) ਦੇਖ ਕੇ ਸੱਤ ਸਮੁੰਦਰ ਪਾਰ ਜਾਣ ਵਾਲੇ ਭਾਰਤੀਆਂ ਦਾ ਹੁਣ ਅਮਰੀਕਾ ਤੋਂ ਮੋਹ ਭੰਗ ਹੁੰਦਾ ਨਜ਼ਰ ਆ ਰਿਹਾ ਹੈ। 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦੇ ਸਾਲ 2026 ਦੇ ਇੱਕ ਤਾਜ਼ਾ ਸਰਵੇਖਣ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ, ਜਿਸ ਅਨੁਸਾਰ 10 ਵਿੱਚੋਂ 4 ਭਾਰਤੀ-ਅਮਰੀਕੀ (ਲਗਭਗ 40%) ਹੁਣ ਅਮਰੀਕਾ ਛੱਡਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

ਸਰਵੇਖਣ ਮੁਤਾਬਕ ਅਮਰੀਕਾ ਛੱਡਣ ਦੀ ਸੋਚ ਰੱਖਣ ਵਾਲੇ 58% ਲੋਕਾਂ ਨੇ ਸਭ ਤੋਂ ਵੱਡਾ ਕਾਰਨ ਉੱਥੋਂ ਦੇ 'ਸਿਆਸੀ ਮਾਹੌਲ' ਨੂੰ ਦੱਸਿਆ ਹੈ। ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵਧੇ ਧਰੁਵੀਕਰਨ ਅਤੇ ਭੇਦਭਾਵ ਨੇ ਭਾਰਤੀਆਂ ਵਿੱਚ ਬੇਚੈਨੀ ਪੈਦਾ ਕੀਤੀ ਹੈ। ਲਗਭਗ 71% ਭਾਰਤੀ-ਅਮਰੀਕੀ ਮੌਜੂਦਾ ਕੰਮਕਾਜ ਤੋਂ ਅਸੰਤੁਸ਼ਟ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਸਮਾਜਿਕ ਸਾਂਝ ਵਿੱਚ ਕਮੀ ਆਈ ਹੈ।

ਭਾਰਤੀਆਂ ਦੇ ਮੋਹ ਭੰਗ ਹੋਣ ਦਾ ਇੱਕ ਹੋਰ ਮੁੱਖ ਕਾਰਨ ਅਮਰੀਕਾ ਦਾ 'ਟੁੱਟਿਆ ਹੋਇਆ ਇਮੀਗ੍ਰੇਸ਼ਨ ਸਿਸਟਮ' ਹੈ। ਰਿਪੋਰਟ ਅਨੁਸਾਰ, ਭਾਰਤੀ ਪੇਸ਼ੇਵਰਾਂ ਲਈ ਗ੍ਰੀਨ ਕਾਰਡ ਦਾ ਇੰਤਜ਼ਾਰ ਹੁਣ 30 ਤੋਂ 70 ਸਾਲ ਤੱਕ ਪਹੁੰਚ ਗਿਆ ਹੈ। ਐਚ-1ਬੀ (H-1B) ਵੀਜ਼ਾ ਦੀ ਅਨਿਸ਼ਚਿਤਤਾ ਕਾਰਨ ਲੱਖਾਂ ਭਾਰਤੀ ਪਰਿਵਾਰ ਉੱਥੇ ਖੁਦ ਨੂੰ ਪੂਰੀ ਤਰ੍ਹਾਂ 'ਸੈਟਲ' ਮਹਿਸੂਸ ਨਹੀਂ ਕਰ ਪਾ ਰਹੇ।

ਅਮਰੀਕਾ ਹੁਣ ਪਹਿਲਾਂ ਵਾਂਗ ਸਸਤਾ ਨਹੀਂ ਰਿਹਾ। ਵਧਦੀ ਮਹਿੰਗਾਈ, ਹੈਲਥਕੇਅਰ ਦੇ ਮੋਟੇ ਬਿੱਲ ਅਤੇ ਘਰਾਂ ਦੇ ਵਧਦੇ ਕਿਰਾਏ ਨੇ ਭਾਰਤੀਆਂ ਦਾ ਬਜਟ ਵਿਗਾੜ ਦਿੱਤਾ ਹੈ। ਅੰਕੜਿਆਂ ਮੁਤਾਬਕ ਅਮਰੀਕਾ ਵਿੱਚ ਇੱਕ ਬੱਚੇ ਨੂੰ 18 ਸਾਲ ਤੱਕ ਪਾਲਣ ਦਾ ਖਰਚਾ ਲਗਭਗ 2.5 ਕਰੋੜ ਰੁਪਏ ($301,970) ਤੱਕ ਪਹੁੰਚ ਗਿਆ ਹੈ।


ਦੂਜੇ ਪਾਸੇ, ਭਾਰਤ ਦੀ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਅਤੇ ਬੈਂਗਲੁਰੂ, ਹੈਦਰਾਬਾਦ ਤੇ ਗੁੜਗਾਓਂ ਵਰਗੇ ਟੈਕ ਹੱਬ ਭਾਰਤੀਆਂ ਨੂੰ ਵਾਪਸ ਖਿੱਚ ਰਹੇ ਹਨ। ਕਈ ਭਾਰਤੀਆਂ ਦਾ ਮੰਨਣਾ ਹੈ ਕਿ ਆਪਣੇ ਦੇਸ਼ ਵਿੱਚ ਪਰਿਵਾਰ ਦੇ ਨਾਲ ਰਹਿ ਕੇ ਬਿਹਤਰ ਲਾਈਫਸਟਾਈਲ ਮਿਲ ਸਕਦਾ ਹੈ। ਹਾਲਾਂਕਿ, ਅਮਰੀਕਾ ਛੱਡਣ ਦੀ ਸੋਚਣ ਵਾਲੇ ਕੁਝ ਲੋਕ ਕੈਨੇਡਾ, ਆਸਟ੍ਰੇਲੀਆ ਜਾਂ ਦੁਬਈ ਵਰਗੇ ਦੇਸ਼ਾਂ ਨੂੰ ਵੀ ਬਦਲ ਵਜੋਂ ਦੇਖ ਰਹੇ ਹਨ।

ਇਹ ਸਰਵੇਖਣ ਵਾਸ਼ਿੰਗਟਨ ਲਈ ਇੱਕ ਚੇਤਾਵਨੀ ਹੈ ਕਿ ਜੇਕਰ ਇਮੀਗ੍ਰੇਸ਼ਨ ਨੀਤੀਆਂ ਵਿੱਚ ਸੁਧਾਰ ਨਾ ਹੋਇਆ, ਤਾਂ ਉਹ ਦੁਨੀਆ ਦੇ ਸਭ ਤੋਂ ਬਿਹਤਰੀਨ ਦਿਮਾਗਾਂ ਨੂੰ ਖੋ ਦੇਵੇਗਾ। ਜ਼ਿਕਰਯੋਗ ਹੈ ਕਿ ਭਾਰਤੀ ਭਾਈਚਾਰਾ ਅਮਰੀਕਾ ਦੀ ਆਬਾਦੀ ਦਾ ਸਿਰਫ਼ 1.5% ਹੋਣ ਦੇ ਬਾਵਜੂਦ ਉੱਥੋਂ ਦੇ ਟੈਕਸਾਂ ਵਿੱਚ 6% ਦਾ ਯੋਗਦਾਨ ਪਾਉਂਦਾ ਹੈ।

# ਭਾਰਤ ਖ਼ਤਮ ਕਰਵਾਏਗਾ ਅਮਰੀਕਾ-ਇਰਾਨ ਦੀ ਜੰਗ : ਰਾਜਨਾਥ ਸਿੰਘ

ਨਵੀਂ ਦਿੱਲੀ : ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਤਿੰਨ ਦਿਨਾਂ ਦੌਰੇ 'ਤੇ ਜਰਮਨੀ ਪਹੁੰਚੇ ਹੋਏ ਹਨ। ਇਸੇ ਦੌਰਾਨ ਬੁੱਧਵਾਰ ਨੂੰ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ 'ਤੇ ਭਾਰਤ ਦਾ ਰੁਖ਼ ਸਪੱਸ਼ਟ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਾਰਤ ਵਿਸ਼ਵ ਪੱਧਰੀ ਜੰਗਾਂ, ਖਾਸ ਕਰਕੇ ਅਮਰੀਕਾ-ਇਰਾਨ ਸੰਕਟ ਨੂੰ ਸੁਲਝਾਉਣ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਰਾਜਨਾਥ ਸਿੰਘ ਨੇ ਕਿਹਾ, 'ਭਾਰਤ ਨੇ ਕੋਸ਼ਿਸ਼ ਕੀਤੀ ਸੀ, ਪਰ ਹਰ ਚੀਜ਼ ਦਾ ਇੱਕ ਸਮਾਂ ਹੁੰਦਾ ਹੈ। ਹੋ ਸਕਦਾ ਹੈ ਕਿ ਕੱਲ੍ਹ ਹੀ ਉਹ ਸਮਾਂ ਆ ਜਾਵੇ ਜਦੋਂ ਭਾਰਤ ਇਸ ਜੰਗ 'ਚ ਆਪਣੀ ਭੂਮਿਕਾ ਨਿਭਾਏ ਅਤੇ ਜੰਗ ਨੂੰ ਖ਼ਤਮ ਕਰਨ 'ਚ ਸਫ਼ਲਤਾ ਹਾਸਲ ਕਰੇ।' ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਦੇ ਰੂਸ, ਯੂਕ੍ਰੇਨ ਅਤੇ ਅਮਰੀਕੀ ਨੇਤਾਵਾਂ ਨਾਲ ਨਿੱਜੀ ਸੰਪਰਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਭਾਰਤ ਸ਼ਾਂਤੀ ਲਈ ਵਚਨਬੱਧ ਹੈ।



ਉਨ੍ਹਾਂ ਸਟਰੇਟ ਆਫ਼ ਹੋਰਮੁਜ਼ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਜਿੱਥੇ ਹੋਰ ਦੇਸ਼ਾਂ ਦੇ ਜਹਾਜ਼ਾਂ ਨੂੰ ਮੁਸ਼ਕਲਾਂ ਆ ਰਹੀਆਂ ਹਨ, ਉੱਥੇ ਭਾਰਤ ਦੀ ਸੰਤੁਲਿਤ ਨੀਤੀ ਕਾਰਨ ਸਾਡੇ 7-8 ਜਹਾਜ਼ ਸੁਰੱਖਿਅਤ ਨਿਕਲਣ ਵਿੱਚ ਕਾਮਯਾਬ ਹੋਏ ਹਨ। ਉਨ੍ਹਾਂ ਕਿਹਾ, 'ਅਮਰੀਕਾ ਜਾਂ ਇਰਾਨ, ਕੋਈ ਵੀ ਭਾਰਤ ਨੂੰ ਆਪਣਾ ਦੁਸ਼ਮਣ ਨਹੀਂ ਮੰਨਦਾ, ਇਹ ਸਾਡੀ ਕੂਟਨੀਤੀ ਦੀ ਜਿੱਤ ਹੈ।'

# ਪਾਕਿਸਤਾਨ 'ਚ ਹਿੰਦੂ ਕੁੜੀਆਂ 'ਤੇ ਅੱਤਿਆਚਾਰ ! ਇਕ ਹੋਰ ਮਾਮਲਾ ਆਇਆ ਸਾਹਮਣੇ

ਪਾਕਿਸਤਾਨ ਵਿਚ ਘੱਟ ਗਿਣਤੀ ਹਿੰਦੂ ਭਾਈਚਾਰੇ ਦੀਆਂ ਕੁੜੀਆਂ ਬਿਲਕੁੱਲ ਵੀ ਸੁਰੱਖਿਅਤ ਨਹੀਂ ਹਨ। ਨਾਬਾਲਗ ਹਿੰਦੂ ਕੁੜੀਆਂ ਨੂੰ ਅਗਵਾ ਕਰਨ, ਜ਼ਬਰਦਸਤੀ ਇਸਲਾਮ ਕਬੂਲ ਕਰਵਾਉਣ ਅਤੇ ਫਿਰ ਮੁਸਲਿਮ ਸ਼ਖਸ ਨਾਲ ਵਿਆਹ ਕਰਾਉਣ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਤਾਜ਼ਾ ਮਾਮਲਾ ਪਾਕਿਸਤਾਨ ਦੇ ਸਿੰਧ ਸੂਬੇ ਦਾ ਹੀ ਹੈ। ਇੱਥੇ ਇੱਕ ਨਾਬਾਲਗ ਹਿੰਦੂ ਕੁੜੀ ਨੂੰ ਅਗਵਾ ਕਰਕੇ, ਜ਼ਬਰਦਸਤੀ ਧਰਮ ਪਰਿਵਰਤਨ ਕਰਾ ਕੇ ਅਤੇ ਵਿਆਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਘੱਟ ਗਿਣਤੀ ਅਧਿਕਾਰ ਸੰਗਠਨ ਵਾਇਸ ਆਫ ਪਾਕਿਸਤਾਨ ਮਾਈਨੋਰਿਟੀ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਦੇਸ਼ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ, ਸੰਗਠਨ ਨੇ ਕਿਹਾ ਕਿ ਹਿੰਦੂ ਕੁੜੀਆਂ ਨਾਲ ਜੁੜੀਆਂ ਅਜਿਹੀਆਂ ਘਟਨਾਵਾਂ ਜਾਰੀ ਹਨ। ਉਨ੍ਹਾਂ ਨੇ ਪਾਰਦਰਸ਼ੀ ਜਾਂਚ, ਪੀੜਤਾਂ ਲਈ ਸਖ਼ਤ ਸੁਰੱਖਿਆ ਉਪਾਅ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਮੰਗ ਕੀਤੀ।

ਸੰਗਠਨ ਦੇ ਅਨੁਸਾਰ 9ਵੀਂ ਜਮਾਤ ਦੀ ਵਿਦਿਆਰਥਣ ਪੂਜਾ ਨੂੰ ਕਥਿਤ ਤੌਰ 'ਤੇ ਅਗਵਾ ਕਰਕੇ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ ਗਿਆ। ਉਸਦਾ ਨਾਮ ਬਦਲ ਕੇ ਦੁਆ ਫਾਤਿਮਾ ਕਰ ਦਿੱਤਾ ਗਿਆ ਅਤੇ ਉਸਦਾ ਵਿਆਹ ਇਮਰਾਨ ਅਲੀ ਨਾਲ ਕਰਾ ਦਿੱਤਾ ਗਿਆ। ਸੰਗਠਨ ਨੇ ਇਸ ਕਾਰਵਾਈ ਨੂੰ 'ਬੇਰਹਿਮੀ' ਦੱਸਿਆ, ਕਿਹਾ ਕਿ ਇਸਨੇ ਕੁੜੀ ਤੋਂ ਉਸਦੀ ਪਛਾਣ ਖੋਹ ਲਈ ਅਤੇ ਉਸਨੂੰ ਅਜਿਹੀ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ ਜੋ ਉਸਨੇ ਕਦੇ ਨਹੀਂ ਚੁਣੀ।

ਰਿਪੋਰਟ ਦੇ ਅਨੁਸਾਰ,ਪਰਿਵਾਰ ਦੇ ਦੁੱਖ ਨੂੰ ਵੱਖ-ਵੱਖ ਘੱਟ ਗਿਣਤੀ ਸੰਗਠਨਾਂ ਵਿੱਚ ਸਾਂਝਾ ਕੀਤਾ ਗਿਆ ਹੈ, ਜਿਸ ਨਾਲ ਸਿੰਧ ਵਿੱਚ ਹਿੰਦੂ ਕੁੜੀਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਵਧੀਆਂ ਹਨ। ਵਾਇਸ ਆਫ ਪਾਕਿਸਤਾਨ ਮਾਈਨੋਰਿਟੀ ਨੇ ਕਿਹਾ ਕਿ ਜ਼ਬਰਦਸਤੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਪਾਕਿਸਤਾਨ ਵਿੱਚ ਇਕੱਲੀਆਂ ਘਟਨਾਵਾਂ ਨਹੀਂ ਹਨ। ਇਹ ਇੱਕ ਗੰਭੀਰ ਅਤੇ ਸਥਾਈ ਸਮੱਸਿਆ ਹੈ, ਖਾਸ ਕਰਕੇ ਸਿੰਧ ਵਿੱਚ, ਜਿੱਥੇ ਹਿੰਦੂ ਪਰਿਵਾਰ ਆਪਣੀਆਂ ਧੀਆਂ ਦੀ ਸੁਰੱਖਿਆ ਲਈ ਲਗਾਤਾਰ ਡਰ ਵਿੱਚ ਰਹਿੰਦੇ ਹਨ।

ਸੰਗਠਨ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਅਕਸਰ ਵਿਰੋਧੀ ਬਿਆਨ ਸਾਹਮਣੇ ਆਉਂਦੇ ਹਨ, ਜਿਸ ਨਾਲ ਨਿਆਂਇਕ ਪ੍ਰਕਿਰਿਆ ਵਿੱਚ ਰੁਕਾਵਟ ਪੈਂਦੀ ਹੈ। ਅਦਾਲਤਾਂ ਵਿੱਚ, ਕੁੜੀਆਂ 'ਸਵੈ-ਇੱਛਤ ਧਰਮ ਪਰਿਵਰਤਨ' ਦਾ ਦਾਅਵਾ ਕਰਦੀਆਂ ਹਨ, ਜਦੋਂ ਕਿ ਪਰਿਵਾਰ ਅਗਵਾ ਅਤੇ ਜ਼ਬਰਦਸਤੀ ਦਾ ਦੋਸ਼ ਲਗਾਉਂਦੇ ਹਨ। ਹਾਲਾਂਕਿ, ਇਸ ਮਾਮਲੇ ਵਿੱਚ ਪੁਲਿਸ ਜਾਂ ਅਦਾਲਤ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਭਾਈਚਾਰੇ ਦਾ ਸਮਰਥਨ ਕਰਨ ਵਾਲੀਆਂ ਮਾਓਰੀ ਆਗੂਆਂ ਦਾ ਸਨਮਾਨ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਊਜ਼ੀਲੈਂਡ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਵਿੱਚ ਸਿੱਖ ਭਾਈਚਾਰੇ ਦਾ ਸਮਰਥਨ ਕਰਨ ਵਾਲੀਆਂ ਮਾਓਰੀ ਭਾਈਚਾਰੇ ਦੀਆਂ ਆਗੂਆਂ ਦਾ ਸਨਮਾਨ ਕੀਤਾ।

ਇਸ ਦੌਰਾਨ ਉਨ੍ਹਾਂ ਨੇ ਵਿਦੇਸ਼ ਵਿੱਚ ਵਸਦੇ ਸਿੱਖਾਂ ਨੂੰ ਆਪਣੇ ਬੱਚਿਆਂ ਨੂੰ ਗੁਰਮੁਖੀ ਅਤੇ ਧਰਮ ਨਾਲ ਜੋੜ ਕੇ ਰੱਖਣ ਦਾ ਸੰਦੇਸ਼ ਦਿੱਤਾ। ਜਥੇਦਾਰ ਅੱਜ ਕੱਲ੍ਹ ਨਿਊਜ਼ੀਲੈਂਡ ਦੌਰੇ 'ਤੇ ਹਨ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਵੀ ਮੁਲਾਕਾਤ ਕੀਤੀ ਸੀ। ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਟਾਕਾਨੀਨੀ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕਰਦਿਆਂ ਜਥੇਦਾਰ ਗੜਗੱਜ ਨੇ ਸੰਗਤ ਨੂੰ ਸਿੱਖੀ ਸਿਧਾਂਤਾਂ ਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨਿਊਜ਼ੀਲੈਂਡ ਦੀ ਸਿੱਖ ਸੰਗਤ ਨੂੰ ਆਪਣੇ ਬੱਚਿਆਂ ਨੂੰ ਗੁਰਮੁਖੀ ਪੰਜਾਬੀ ਸਿਖਾਉਣ ਅਤੇ ਗੁਰਦੁਆਰਾ ਸਾਹਿਬਾਨ ਨਾਲ ਜੋੜ ਕੇ ਰੱਖਣ ਦਾ ਸੰਦੇਸ਼ ਦਿੱਤਾ। ਉੱਥੇ ਹੀ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਵਿੱਚ ਸਥਾਨਕ ਸਿੱਖ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਆਪਣੇ ਮੂਲ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਆ ਕੇ ਇੱਥੇ ਵੱਸੇ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲਿਆ ਹੈ ਅਤੇ ਗੁਰੂ ਘਰਾਂ ਰਾਹੀਂ ਸਿੱਖ ਸਿਧਾਂਤ ਅਨੁਸਾਰ ਕਾਰਜ ਤੇ ਸੇਵਾਵਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੋਵਿਡ-19 ਵਿੱਚ ਸਿੱਖਾਂ ਨੇ ਇਸ ਦੇਸ਼ ਅੰਦਰ ਮਨੁੱਖਤਾ ਦੀ ਭਲਾਈ ਲਈ ਵੱਡੀਆਂ ਸੇਵਾਵਾਂ ਨਿਭਾਈਆਂ ਜਿਨ੍ਹਾਂ ਨਾਲ ਸਿੱਖ ਦਸਤਾਰ ਅਤੇ ਪਛਾਣ ਦਾ ਮਾਣ ਵਧਿਆ ਹੈ। ਸਮਾਗਮ ਦੌਰਾਨ ਪਿਛਲੇ ਸਮੇਂ ਸਿੱਖ ਭਾਈਚਾਰੇ ਦੇ ਹੱਕ ਵਿੱਚ ਖੜ੍ਹਨ ਵਾਲੀਆਂ ਮਾਓਰੀ ਭਾਈਚਾਰੇ ਨਾਲ ਸਬੰਧਤ ਦੋ ਮਹਿਲਾ ਆਗੂ ਵੀ ਪੁੱਜੀਆਂ। ਨਿਊਜ਼ੀਲੈਂਡ ਦੇ ਤਮਾਕੀ ਮਕਾਰਉ ਤੋਂ ਸੰਸਦ ਮੈਂਬਰ ਓਰੀਨੀ ਕਾਇਪਾਰਾ ਅਤੇ ਨਿਊਜ਼ੀਲੈਂਡ ਮਾਓਰੀ ਕੌਂਸਲ ਦੀ ਚੇਅਰਪਰਸਨ ਐਨ ਕੈਂਡਲ ਨੇ ਵਿਸ਼ੇਸ਼ ਰੂਪ ਵਿੱਚ ਸ਼ਮੂਲੀਅਤ ਕੀਤੀ, ਜਿਨ੍ਹਾਂ ਦਾ ਜਥੇਦਾਰ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਦੋਵਾਂ ਨੂੰ ਗੁਰੂ ਘਰ ਵਿਖੇ ਸਨਮਾਨਿਤ ਵੀ ਕੀਤਾ ਗਿਆ। ਪਿਛਲੇ ਸਮੇਂ ਔਕਲੈਂਡ ਤੇ ਟੌਰੰਗਾ ਵਿੱਚ ਕੁਝ ਸ਼ਰਾਰਤੀ ਵਿਅਕਤੀਆਂ ਵੱਲੋਂ ਮਾਓਰੀ ਰਵਾਇਤ ਹਾਕਾ ਦੀ ਦੁਰਵਰਤੋਂ ਕਰਕੇ ਨਗਰ ਕੀਰਤਨ ਦਾ ਵਿਰੋਧ ਕੀਤੇ ਜਾਣ ਤੋਂ ਬਾਅਦ ਇਨ੍ਹਾਂ ਦੋਵਾਂ ਆਗੂਆਂ ਨੇ ਸਿੱਖਾਂ ਦੇ ਹੱਕ ਵਿੱਚ ਡਟ ਕੇ ਆਵਾਜ਼ ਉਠਾਈ ਸੀ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੱਡੇ ਸੰਘਰਸ਼ ਦੀ ਚਿਤਾਵਨੀ

## ਸੁਖਬੀਰ ਬਾਦਲ ਖ਼ਿਲਾਫ਼ ਸ਼ਿਕਾਇਤ ਦੇਣ ਦਾ ਵੀ ਲਿਆ ਫ਼ੈਸਲਾ




ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਲੰਮੇ ਸਮੇਂ ਤੋਂ ਲਟਕਾਈਆਂ ਜਾ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਤੁਰੰਤ ਕਰਵਾਉਣ ਲਈ ਸਰਕਾਰ ਨੂੰ ਮਜਬੂਰ ਕਰਨ ਵਾਸਤੇ ਜਲਦੀ ਹੀ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਉਹ ਅੰਮ੍ਰਿਤਸਰ ਵਿੱਚ ਪਾਰਟੀ ਦੀ ਕੋਰ ਕਮੇਟੀ, ਵਰਕਿੰਗ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਚੋਣਾਂ ਜਾਣਬੁੱਝ ਕੇ ਟਾਲੀਆਂ ਜਾ ਰਹੀਆਂ ਹਨ ਅਤੇ ਸਿੱਖ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਰਾਹੀਂ ਇੱਕ ਧੜੇ ਦਾ ਕਬਜ਼ਾ ਕਾਇਮ ਰੱਖਿਆ ਜਾ ਰਿਹਾ ਹੈ।

ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਵੱਲੋਂ 2 ਦਸੰਬਰ ਦੇ ਹੁਕਮਨਾਮਿਆਂ ਨੂੰ ਸਾਜ਼ਿਸ਼ ਕਹਿਣ ਦੇ ਬਿਆਨ ਦੀ ਨਿੰਦਾ ਕਰਦਿਆਂ ਇੱਕ ਮਤਾ ਵੀ ਪਾਸ ਕੀਤਾ ਗਿਆ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨਾਲ ਸੰਬੰਧਿਤ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸ਼ਿਕਾਇਤ ਪੱਤਰ ਸੌਂਪਣਗੇ, ਤਾਂ ਜੋ ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲਿਆਂ ਨੂੰ ਸਾਜ਼ਿਸ਼ ਕਹਿਣ ਦੇ ਮਾਮਲੇ 'ਚ ਸਿੱਖ ਪਰੰਪਰਾਵਾਂ ਅਨੁਸਾਰ ਕਾਰਵਾਈ ਕੀਤੀ ਜਾ ਸਕੇ।

ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਚੁੱਪ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਗਿਆ। ਇਸ ਤੋਂ ਇਲਾਵਾ ਭਾਰੀ ਮੀਂਹ ਅਤੇ ਗੜੇਮਾਰੀ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਲਈ ਤੁਰੰਤ ਮੁਆਵਜ਼ੇ ਦੀ ਵੀ ਮੰਗ ਕੀਤੀ ਗਈ। ਮੀਟਿੰਗ ਵਿੱਚ ਕਈ ਸੀਨੀਅਰ ਆਗੂ ਹਾਜ਼ਰ ਸਨ।

# ਰਾਜੋਆਣਾ ਦੀ ਪਟੀਸ਼ਨ ਬਾਰੇ ਫ਼ੈਸਲਾ ਜਥੇਦਾਰ ਹੱਥ: ਧਾਮੀ

## ਪਟੀਸ਼ਨ ਵਾਪਸ ਲੈਣ ਦੇ ਮਾਮਲੇ ਸਬੰਧੀ ਜਥੇਦਾਰ ਨੂੰ ਹੁਕਮ ਦੇਣ ਦੀ ਅਪੀਲ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਪਟੀਸ਼ਨ ਵਾਪਸ ਲੈਣ ਦੇ ਫੈਸਲੇ ਬਾਰੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਆਦੇਸ਼ ਦੇਣ ਦੀ ਅਪੀਲ ਕੀਤੀ ਹੈ। ਇਹ ਫੈਸਲਾ ਅੱਜ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ।

ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਘਟਾਏ ਜਾਣ ਅਤੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਬੰਧੀ ਵਿਚਾਰਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮਾਮਲੇ ਵਿਚਾਰੇ ਗਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਨਾਈ ਰੱਖਿਆ। ਉਨ੍ਹਾਂ ਕਿਹਾ ਕਿ ਹੁਣ ਭਾਈ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਵਾਰ ਵਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੱਜ ਦੀ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧਾਂ ਨੂੰ ਲੈ ਕੇ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਸਬੰਧੀ ਵੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਇਕ ਹੋਰ ਵੱਡਾ ਧੱਕਾ ਹੈ। ਪੰਜਾਬ ਦੇ ਦਰਿਆਈ ਪਾਣੀ ਜਿਨ੍ਹਾਂ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਨੂੰ ਹਥਿਆਉਣ ਲਈ ਕੇਂਦਰ ਗ਼ਲਤ ਤਰੀਕੇ ਅਪਨਾਅ ਰਿਹਾ ਹੈ। ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ।

ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਏ ਜਾਣ ਸਬੰਧੀ ਪ੍ਰੋਗਰਾਮ ਉਲੀਕਣ ਵਾਸਤੇ ਸਬ-ਕਮੇਟੀ ਗਠਨ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਦੀ 29 ਅਪਰੈਲ ਤੋਂ 1 ਮਈ ਤੱਕ ਮਨਾਈ ਜਾ ਰਹੀ ਸ਼ਤਾਬਦੀ ਦੇ ਪ੍ਰੋਗਰਾਮਾਂ ਸਬੰਧੀ ਵਿਚ ਵਿਚਾਰਾਂ ਹੋਈਆਂ।

ਅੰਤ੍ਰਿੰਗ ਕਮੇਟੀ ਨੇ ਸ੍ਰੀ ਆਨੰਦਪੁਰ ਸਾਹਿਬ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਸਮਾਗਮਾਂ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਦੇ ਸ੍ਰੀ ਫ਼ਤਹਿਗੜ੍ਹ ਸਾਹਿਬ ਨਜ਼ਦੀਕ ਹੋਏ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ 1-1 ਲੱਖ ਰੁਪਏ ਸਹਾਇਤਾ ਦੇਣ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰਤਾਰ ਨਗਰ ਲੁਧਿਆਣਾ ਵਿਖੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਮੌਕੇ ਹੋਏ ਹਾਦਸੇ 'ਚ ਜਾਨ ਗਵਾਉਣ ਵਾਲੇ ਮਨਿੰਦਰ ਸਿੰਘ ਦੇ ਪਰਿਵਾਰ ਨੂੰ ਵੀ 1 ਲੱਖ ਰੁਪਏ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

# ਨਵੀਨੀਕਰਨ ਮਗਰੋਂ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦਾ ਉਦਘਾਟਨ

## ਕੰਮ-ਕਾਜ ਦੀ ਬਿਹਤਰੀ ਲਈ ਆਧੁਨਿਕ ਤਕਨਾਲੋਜੀ ਦੀਆਂ ਮਸ਼ੀਨਾਂ ਲਾਈਆਂ: ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੀ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦਾ ਨਵੀਨੀਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਅੱਜ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਹੋਏ ਅਤੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ ?ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਦੀ ਮੁਕੰਮਲ ਸਟੇਸ਼ਨਰੀ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਰਾਹੀਂ ਛਪਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਪ੍ਰਿੰਟਿੰਗ ਦੇ ਕੰਮ-ਕਾਜ ਨੂੰ ਹੋਰ ਬਿਹਤਰ ਬਣਾਉਣ ਲਈ ਆਧੁਨਿਕ ਤਕਨਾਲੋਜੀ ਦੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦੇ ਨਵੀਨੀਕਰਨ ਦੇ ਕਾਰਜਾਂ ਦੀ ਸੇਵਾ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲਿਆਂ ਵੱਲੋਂ ਕਰਵਾਈ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਬਾਬਾ ਸਤਨਾਮ ਸਿੰਘ ਦਾ ਸਨਮਾਨ ਵੀ ਕੀਤਾ।

ਇਸ ਮੌਕੇ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲੇ, ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਓ ਐੱਸ ਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮਨਜੀਤ ਸਿੰਘ ਤਲਵੰਡੀ, ਐਕਸੀਅਨ ਜਤਿੰਦਰਪਾਲ ਸਿੰਘ ਤੇ ਸੁਖਜਿੰਦਰ ਸਿੰਘ, ਇੰਚਾਰਜ ਓਂਕਾਰ ਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ, ਗੋਲਡਨ ਆਫਸੈਟ ਪ੍ਰੈੱਸ ਮੈਨੇਜਰ ਸੰਦੀਪ ਸਿੰਘ, ਇੰਚਾਰਜ ਮਲਕੀਤ ਸਿੰਘ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦੇ ਮੈਨੇਜਰ ਹਰਮਿੰਦਰ ਸਿੰਘ ਮਾਹੀਆ, ਜੇ ਈ ਸ਼ਮਸ਼ੇਰ ਸਿੰਘ ਆਦਿ ਮੌਜੂਦ ਸਨ।

# ਉੱਤਰਾਖੰਡ ਦੇ ਰਾਜਪਾਲ ਗੁਰਮੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ

## ਉੱਤਰਾਖੰਡ ਸਥਿਤ ਸਿੱਖ ਅਸਥਾਨਾਂ ਬਾਰੇ ਹੋਈ ਅਹਿਮ ਵਿਚਾਰ-ਚਰਚਾ



ਅੰਮ੍ਰਿਤਸਰ : ਉੱਤਰਾਖੰਡ ਦੇ ਰਾਜਪਾਲ ਲੈਫ਼ਟੀਨੈਂਟ ਜਨਰਲ (ਸੇਵਾ ਮੁਕਤ) ਗੁਰਮੀਤ ਸਿੰਘ ਅੱਜ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਪਾਲ ਨੂੰ ਸਿਰੋਪਾਓ, ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਆਸਥਾ ਦਾ ਕੇਂਦਰ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਦੀ ਸੰਗਤ ਨਤਮਸਤਕ ਹੁੰਦੀ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਜੰਮਪਲ ਅਤੇ ਉੱਤਰਾਖੰਡ ਦੇ ਰਾਜਪਾਲ ਗੁਰਮੀਤ ਸਿੰਘ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਉੱਤਰਾਖੰਡ ਅੰਦਰ ਸਿੱਖ ਧਰਮ ਨਾਲ ਸਬੰਧਿਤ ਪਾਵਨ ਅਸਥਾਨਾਂ ਸਬੰਧੀ ਵੀ ਰਾਜਪਾਲ ਨਾਲ ਵਿਚਾਰਾਂ ਹੋਈਆਂ, ਜਿਸ ਪ੍ਰਤੀ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਗਿਆ। ਇਸੇ ਦੌਰਾਨ ਰਾਜਪਾਲ ਨੇ ਕਿਹਾ ਕਿ ਗੁਰੂ ਸਾਹਿਬ ਦੇ ਆਸ਼ੀਰਵਾਦ ਸਦਕਾ ਹੀ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਇਹ ਉਹ ਦਰ ਹੈ, ਜਿੱਥੋਂ ਸਮੁੱਚੀ ਮਨੁੱਖਤਾ ਨੂੰ ਏਕਤਾ ਦਾ ਸੰਦੇਸ਼ ਮਿਲਦਾ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਕਰ ਕੇ ਉਹ ਨਵੀਂ ਊਰਜਾ ਮਹਿਸੂਸ ਕਰਦੇ ਹਨ। ਉਨ੍ਹਾਂ ਗੁਰੂ ਚਰਨਾਂ ਵਿਚ ਉੱਤਰਾਖੰਡ ਅਤੇ ਦੇਸ਼ ਭਰ ਦੇ ਲੋਕਾਂ ਲਈ ਅਰਦਾਸ ਕੀਤੀ।

# ਹੁਸ਼ਿਆਰਪੁਰ-ਪਠਾਨਕੋਟ 'ਚ ਪੈਂਦੇ ਵਿਧਾਨ ਸਭਾ ਹਲਕਿਆਂ ਦੇ ਉਮੀਦਵਾਰਾਂ ਸੰਬੰਧੀ ਜਲਦ ਫੈਸਲੇ ਲਏ ਜਾਣਗੇ : ਰਾਹੁਲ ਖੰਨਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਾਲ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਤੇ ਹਿੰਦੁਸਤਾਨ ਸ਼ਕਤੀ ਸੈਨਾ ਵੱਲੋਂ ਆਪਣੇ ਉਮੀਦਵਾਰ ਖੜੇ ਕਰਨ ਅਤੇ ਸਾਰੇ ਜ਼ਿਲ੍ਹਿਆਂ ਵਿਚ ਕੋਰ ਕਮੇਟੀਆਂ ਗਠਿਤ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਅਤੇ ਪਾਰਟੀ ਦੇ ਹੋਰ ਵੱਖ-ਵੱਖ ਉਹਦੇਦਾਰਾਂ ਤੋਂ ਇਲਾਵਾ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਸਕੱਤਰ ਪੰਡਿਤ ਮਿਥਲੇਸ਼ ਗਰਗ ਨੇ ਭਾਗ ਲਿਆ।

ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਹੁਲ ਖੰਨਾ ਨੇ ਦੱਸਿਆ ਕਿ ਸ਼ਿਵ ਸੈਨਾ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੇ ਪੰਜਾਬ ਦੇ ਵੱਖ-ਵੱਖ ਜਿਲਿਆਂ ਦੀਆਂ ਕੋਰ ਕਮੇਟੀਆਂ ਗਠਿਤ ਕਰਨ ਤੋਂ ਇਲਾਵਾ ਜ਼ਿਲ੍ਹਾ ਹੁਸ਼ਿਆਰਪੁਰ-ਪਠਾਨਕੋਟ ਦੀ ਕੋਰ ਕਮੇਟੀ ਦਾ ਰਾਹੁਲ ਖੰਨਾ ਨੂੰ ਇੰਚਾਰਜ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਉਪ ਪ੍ਰਧਾਨ ਰਜਿੰਦਰ ਰਾਣਾ ਤੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਸ਼ਿੰਦੇ ਨੂੰ ਕੋਰ ਕਮੇਟੀ ਮੈਂਬਰ ਨਿਯੁਕਤ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਹਾਈ ਕਮਾਨ ਦੇ ਆਦੇਸ਼ਾਂ ਅਨੁਸਾਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਸਰਵੇਖਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਦੀ ਜਿਸ ਹਲਕੇ ਵਿੱਚ ਪਕੜ ਮਜਬੂਤ ਹੋਵੇਗੀ ਅਤੇ ਉਸਦਾ ਜਮੀਨੀ ਪੱਧਰ ਤੇ ਲੋਕਾਂ ਨਾਲ ਤਾਲਮੇਲ ਹੋਵੇਗਾ ਉਸ ਉਮੀਦਵਾਰ ਦੀ ਚੋਣ ਕਰਕੇ ਹਾਈ ਕਮਾਂਡ ਨੂੰ ਭੇਜੀ ਜਾਵੇਗੀ।

ਰਾਹੁਲ ਖੰਨਾ ਨੇ ਕਿਹਾ ਕਿ ਹਾਜ਼ਰ ਸ਼ਿਵ ਸੈਨਾ ਨੇਤਾਵਾਂ ਨੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਪਾਰਟੀ ਹਾਈ ਕਮਾਂਡ ਸਾਨੂੰ ਜਿਹੜੀਆਂ ਜਿੰਮੇਵਾਰੀਆਂ ਸੌਂਪੇਗੀ ਅਸੀਂ ਸਾਰੇ ਉਨ੍ਹਾਂ ਜਿੰਮੇਵਾਰੀਆਂ ਨੂੰ ਪੂਰੀਆਂ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗੇ।

ਉਨ੍ਹਾਂ ਕਿਹਾ ਕਿ ਬਹੁਤ ਜਲਦ ਹੁਸ਼ਿਆਰਪੁਰ-ਪਠਾਨਕੋਟ ਚ ਪੈਂਦੇ ਵਿਧਾਨ ਸਭਾ ਹਲਕਿਆਂ ਵਿੱਚ ਸਿਲਸਿਲੇਵਾਰ ਮੀਟਿੰਗਾਂ ਦਾ ਆਯੋਜਨ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਸ਼ਿਵ ਸੈਨਾ ਵਰਕਰਾਂ ਦੇ ਹੌਸਲੇ ਬੁਲੰਦ ਕਰਕੇ ਉਨ੍ਹਾਂ ਨੂੰ ਬੂਥੱ ਪੱਧਰ ਤੇ ਜਿੰਮੇਵਾਰੀਆਂ ਸੌਂਪੀਆਂ ਜਾ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੰਦੂਆਂ ਦੇ ਹੱਕਾਂ ਲਈ ਜਿਸ ਤਰ੍ਹਾਂ ਸ਼ਿਵ ਸੈਨਾ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ ਉਸਨੂੰ ਵੇਖਦੇ ਹੋਏ ਪੰਜਾਬ ਦੇ ਸਨਾਤਨੀ ਹਿੰਦੂ ਸ਼ਿਵ ਸੈਨਾ ਨਾਲ ਜੁੜਦੇ ਜਾ ਰਹੇ ਹਨ। ਇਸ ਮੌਕੇ ਤੇ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਪ੍ਰਧਾਨ ਪੁਨੀਤ ਢੀਂਗਰਾ, ਬਲਾਕ ਪ੍ਰਧਾਨ ਗੌਰਵ ਬੇਦੀ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਸੀਨੀਅਰ ਸਿਟੀ ਚੇਅਰਮੈਨ ਹਰਦੀਪ ਸਿੰਘ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ, ਸਰਕਲ ਪ੍ਰਧਾਨ ਪਰਮਜੀਤ ਸਿੰਘ ਅਤੇ ਵਾਈਸ ਚੇਅਰਮੈਨ ਬਬਲੂ ਕੁਮਾਰ ਹਾਜ਼ਰ ਸਨ।

# ਅੰਮ੍ਰਿਤਸਰ ਪੁਲਿਸ ਵੱਲੋਂ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼, 5 ਦੋਸ਼ੀ ਗ੍ਰਿਫ਼ਤਾਰ, 7.050 ਕਿਲੋ ਹੈਰੋਇਨ ਬਰਾਮਦ



ਅੰਮ੍ਰਿਤਸਰ : ਅੰਮ੍ਰਿਤਸਰ ਵਿੱਚ ਇਕ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ ਸਰਹੱਦ ਪਾਰ ਨਸ਼ਾ ਤਸਕਰੀ ਨਾਲ ਜੁੜੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਆਪਰੇਸ਼ਨ ਦੌਰਾਨ ਪੁਲਿਸ ਨੇ 5 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਉਨ੍ਹਾਂ ਦੇ ਕਬਜ਼ੇ ਵਿਚੋਂ 7.050 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ, ਜਿਸਨੂੰ ਵੱਡੀ ਕਾਮਯਾਬੀ ਵਜੋਂ ਦੇਖਿਆ ਜਾ ਰਿਹਾ ਹੈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਇੱਕ ਪਾਕਿਸਤਾਨ ਆਧਾਰਿਤ ਤਸਕਰ ਦੇ ਸੰਪਰਕ ਵਿੱਚ ਸਨ। ਇਹ ਗਿਰੋਹ ਉਸਦੇ ਹੁਕਮਾਂ 'ਤੇ ਕੰਮ ਕਰਦਾ ਹੋਇਆ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਨਸ਼ੇ ਦੀ ਸਪਲਾਈ ਕਰਨ ਵਿੱਚ ਲੱਗਾ ਹੋਇਆ ਸੀ। ਇਸ ਗੱਲ ਨੇ ਇਸ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ ਕਿਉਂਕਿ ਇਹ ਸਰਹੱਦ ਪਾਰ ਨੈੱਟਵਰਕ ਨਾਲ ਜੁੜਿਆ ਹੋਇਆ ਹੈ।

ਇਸ ਮਾਮਲੇ ਵਿੱਚ ਦੋ ਵੱਖ-ਵੱਖ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜੋ ਕਿ NDPS Act ਦੇ ਤਹਿਤ ਪੁਲਿਸ ਥਾਣਾ ਛੇਹਰਟਾ ਅਤੇ ਕੈਂਟੋਨਮੈਂਟ ਅੰਮ੍ਰਿਤਸਰ ਵਿੱਚ ਦਰਜ ਕੀਤੀਆਂ ਗਈਆਂ ਹਨ। ਪੁਲਿਸ ਟੀਮਾਂ ਵੱਲੋਂ ਗਿਰੋਹ ਦੇ ਹੋਰ ਮੈਂਬਰਾਂ ਅਤੇ ਇਸਦੇ ਅੱਗੇ-ਪਿੱਛੇ ਦੇ ਲਿੰਕਾਂ ਦੀ ਪੜਤਾਲ ਕੀਤੀ ਜਾ ਰਹੀ ਹੈ, ਤਾਂ ਜੋ ਪੂਰੇ ਨੈੱਟਵਰਕ ਨੂੰ ਤੋੜਿਆ ਜਾ ਸਕੇ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਨਸ਼ਾ ਤਸਕਰੀ ਖ਼ਿਲਾਫ਼ ਚਲ ਰਹੀ ਮੁਹਿੰਮ ਦਾ ਹਿੱਸਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਸਰਕਾਰ ਅਤੇ ਪੁਲਿਸ ਦੀ ਪਹਿਲੀ ਤਰਜੀਹ ਹੈ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ 'ਸ੍ਰੀ ਸੁਖਮਨੀ ਸਾਹਿਬ' ਜੀ ਦਾ ਪਾਠ ਕਰਵਾਇਆ ਗਿਆ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਚੇਅਰਮੈਨ ਸ੍ਰੀ ਰਜਿੰਦਰ ਸਿੰਘ ਮਾਰਸ਼ਲ ਅਤੇ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਨਵੇਂ ਸ਼ੈਸ਼ਨ (2026-27) ਦੀ ਆਰੰਭਤਾ ਦੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਧੁਰ ਕੀ ਬਾਣੀ ਨੂੰ ਸਰਵਣ ਕੀਤਾ ਅਤੇ ਸੰਗੀਤ ਦੇ ਅਧਿਆਪਕ ਅਸ਼ਵਨੀ ਸੂਫ਼ੀ ਅਤੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਵੀ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।



ਇਸ ਮੌਕੇ 'ਤੇ ਸ. ਕੁਲਵੰਤ ਸਿੰਘ ਮਾਰਸ਼ਲ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਸੁਖਲਿੰਦਰ ਪਾਲ ਸਿੰਘ, ਕਿਰਨਦੀਪ ਕੌਰ, ਦਲਜੀਤ ਕੌਰ, ਰਾਜਦੀਪ ਸੈਣੀ, ਗੁਰਪ੍ਰੀਤ ਕੌਰ, ਨਵਨੀਤ ਕੌਰ, ਸੰਦੀਪ ਕੌਰ, ਇੰਦਰਵੀਰ ਕੌਰ, ਸਿਮਰਪ੍ਰੀਤ, ਅਮਨ ਬੱਧਣ, ਪਰਮਦੀਪ ਕੌਰ, ਬਬੀਤਾ, ਨੀਲਮਾ ਦੇਵੀ, ਅਵਤਾਰ ਕੌਰ, ਮਨਪ੍ਰੀਤ ਕੌਰ, ਸਿਮਰਨ ਸੈਣੀ, ਸ਼ਿਵਾਨੀ ਆਦਿ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਪੰਜਾਬ ਦੀਆਂ ਮੰਡੀਆਂ 'ਚ 28 ਲੱਖ ਮੀਟਰਿਕ ਟਨ ਕਣਕ ਦੀ ਆਮਦ, 24 ਲੱਖ ਮੀਟਰਿਕ ਟਨ ਤੋਂ ਵੱਧ ਦੀ ਖ਼ਰੀਦ : ਲਾਲ ਚੰਦ ਕਟਾਰੂਚੱਕ

## ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਸਮੇਤ ਕੀਤਾ ਟਾਂਡਾ ਮੰਡੀ ਦਾ ਦੌਰਾ



ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦਾਣਾ ਡ਼ੰਡੀ ਟਾਂਡਾ ਵਿਖੇ ਕਣਕ ਦੀ ਖਰੀਦ ਦਾ ਜਾਇਜ਼ਾ ਲੈਂਦੇ ਹੋਏ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਇੱਥੇ ਦਾਣਾ ਮੰਡੀ ਵਿਖੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕਿਹਾ ਕਿ ਸੂਬੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ ਅਤੇ ਹੁਣ ਤੱਕ ਹੋਈ 28 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਦੀ ਆਮਦ 'ਚੋਂ 24 ਲੱਖ ਮੀਟਰਿਕ ਟਨ ਤੋਂ ਵੱਧ ਫਸਲ ਖਰੀਦੀ ਜਾ ਚੁੱਕੀ ਹੈ।

ਦਾਣਾ ਮੰਡੀ ਵਿਖੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਸੰਬੰਧਤ ਅਧਿਕਾਰੀਆਂ ਸਮੇਤ ਪਹੁੰਚੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨੇੜਲੇ ਪਿੰਡ ਬਸਤੀ ਦੇ ਕਿਸਾਨ ਜੈਲਾ ਦੀ ਢੇਰੀ ਦੀ ਖ਼ਰੀਦ ਕਰਵਾਉਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿਚ ਖ਼ਰੀਦ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਜਿਸ ਕਰਕੇ ਕਿਸਾਨਾਂ ਨੂੰ ਫ਼ਸਲ ਵੇਚਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਕਣਕ ਦੀ ਖ਼ਰੀਦ ਬਦਲੇ ਘੱਟੋ-ਘੱਟ ਸਮਰਥਨ ਮੁੱਲ 2585 ਦੇ ਹਿਸਾਬ ਨਾਲ ਹੁਣ ਤੱਕ ਕਿਸਾਨਾਂ ਦੇ ਖਾਤਿਆਂ ਵਿਚ 647 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇਕ-ਇੱਕ ਦਾਣਾ ਚੁੱਕਣ ਲਈ ਵਚਨਬੱਧ ਹੈ ਜਿਸ ਦੇ ਸਿੱਟੇ ਵਜੋਂ ਮੰਡੀਆਂ ਵਿਚ ਨਿਰਵਿਘਨ ਖ਼ਰੀਦ ਜਾਰੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਖਰੀਦ ਦੇ 48 ਘੰਟਿਆਂ ਵਿੱਚ ਕਿਸਾਨਾਂ ਨੂੰ ਬਣਦੀਆਂ ਅਦਾਇਗੀਆਂ ਵੀ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਦੇ ਨਾਲ ਜੀ ਲਿਫਟਿੰਗ ਵੀ ਤੇਜ਼ ਹੋ ਰਹੀ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਖ਼ਰੀਦ ਏਜੰਸੀਆਂ ਦੇ ਨੁਮਾਇੰਦਿਆਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਮੰਡੀਆਂ ਵਿਚ ਬਾਰਦਾਨਾ, ਮੰਡੀ ਲੇਬਰ ਅਤੇ ਢੋਆ-ਢੁਆਈ ਦੇ ਪ੍ਰਬੰਧਾਂ ਦੀ ਗੱਲ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਭਰ ਦੀਆਂ ਮੰਡੀਆਂ ਵਿੱਚ ਸਾਰੇ ਲੋੜੀਂਦੇ ਪ੍ਰਬੰਧ ਅਮਲ ਵਿਚ ਹਨ ਅਤੇ ਕਣਕ ਦੀ ਖਰੀਦ ਸੁਚੱਜੇ ਢੰਗ ਨਾਲ ਜਾਰੀ ਹੈ। ਉਨ੍ਹਾਂ ਨੇ ਕਿਸਾਨਾਂ ਵੱਲੋਂ ਆਪਣੇ ਖ਼ੂਨ-ਪਸੀਨੇ ਅਤੇ ਮਿਹਨਤ ਨਾਲ ਪੈਦਾ ਕੀਤੇ ਇੱਕ-ਇੱਕ ਦਾਣੇ ਨੂੰ ਖਰੀਦਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਕਿਸਾਨਾਂ ਦੀ ਫਸਲ ਘੱਟੋ-ਘੱਟ ਸਮੇਂ ਵਿਚ ਖਰੀਦ ਕੇ ਨਿਰਧਾਰਤ ਸਮੇਂ ਵਿਚ ਉਨ੍ਹਾਂ ਦੇ ਖਾਤਿਆਂ ਵਿਚ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ। ਕੈਬਿਨਟ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਸਗੋਂ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਰਾਹੀਂ ਉਪਲਬਧ ਮਸ਼ੀਨਰੀ ਨਾਲ ਇਸ ਦਾ ਖੇਤਾਂ ਵਿਚ ਹੀ ਪ੍ਰਬੰਧਨ ਕਰਨ।

ਪਿਛਲੇ ਦਿਨੀ ਬੇਮੌਸਮੀ ਬਰਸਾਤ ਕਾਰਨ ਫ਼ਸਲ ਨੂੰ ਹੋਏ ਨੁਕਸਾਨ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਨਿਰਦੇਸ਼ ਦੇ ਦਿੱਤੇ ਸਨ ਅਤੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਜ਼ਿਲਾ ਹੁਸ਼ਿਆਰਪੁਰ ਵਿਚ ਕੁੱਲ 78 ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 65 ਮੰਡੀਆਂ ਪੱਕੀਆਂ ਅਤੇ 13 ਥਾਵਾਂ। ਇਸ ਮੌਕੇ ਐਸ.ਡੀ. ਐਮ. ਲਵਪ੍ਰੀਤ ਸਿੰਘ, ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵਿੰਦਰ ਸਿੰਘ, ਮਾਰਕਿਟ ਕਮੇਟੀ ਸਕੱਤਰ ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਖ਼ੁਰਾਕ ਸਪਲਾਈ ਰਜਨੀਸ਼ ਕੁਮਾਰੀ, ਡੀ. ਐਫ. ਐਸ.ਸੀ. ਪ੍ਰੀਤਕਮਲ ਸੂਦ ਆਦਿ ਵੀ ਮੌਜੂਦ ਸਨ।

# ਪੜ੍ਹੇ-ਲਿਖੇ ਲੋਕਾਂ ਦਾ 'ਡਿਜੀਟਲ ਅਰੈਸਟ' ਦਾ ਸ਼ਿਕਾਰ ਹੋਣਾ ਹੈਰਾਨੀਜਨਕ : ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਇਸ ਗੱਲ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਕਿ ਪੜ੍ਹੇ-ਲਿਖੇ ਲੋਕ 'ਡਿਜੀਟਲ ਅਰੈਸਟ' ਦਾ ਸ਼ਿਕਾਰ ਹੋ ਰਹੇ ਹਨ। ਅਦਾਲਤ ਨੇ ਇਕ ਤਾਜ਼ਾ ਮਾਮਲੇ ਦਾ ਹਵਾਲਾ ਦਿੱਤਾ ਜਿਸ ਵਿਚ ਇਕ ਬਜ਼ੁਰਗ ਔਰਤ ਨੇ ਅਜਿਹੇ ਇਕ ਕੇਸ 'ਚ ਆਪਣੇ ਸੇਵਾਮੁਕਤੀ ਦੇ ਸਾਰੇ ਲਾਭ ਗੁਆ ਦਿੱਤੇ। ਚੀਫ਼ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਪੜ੍ਹੇ-ਲਿਖੇ ਲੋਕ ਇਸ ਤਰ੍ਹਾਂ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਅਟਾਰਨੀ ਜਨਰਲ ਆਰ. ਵੈਂਕਟਰਮਣੀ ਨੇ ਡਿਜੀਟਲ ਗ੍ਰਿਫ਼ਤਾਰੀ ਦੇ ਪੀੜਤਾਂ ਨਾਲ ਸੰਬੰਧਿਤ ਸੂ-ਮੋਟੋ ਕੇਸ ਦਾ ਜ਼ਿਕਰ ਕੀਤਾ। ਅਟਾਰਨੀ ਜਨਰਲ ਨੇ ਕਿਹਾ ਕਿ ਇਕ ਅੰਤਰ-ਵਿਭਾਗੀ ਅੰਦਰੂਨੀ ਮੀਟਿੰਗ ਹੋ ਚੁੱਕੀ ਹੈ ਅਤੇ ਅੰਤਿਮ ਮੀਟਿੰਗ ਜਲਦੀ ਹੋਵੇਗੀ, ਅਸੀਂ ਬਹੁਤ ਤੇਜ਼ੀ ਨਾਲ ਕੰਮ ਕਰ ਰਹੇ ਹਾਂ। ਉਨ੍ਹਾਂ ਨੇ ਬੈਂਚ ਨੂੰ ਇਸ ਕੇਸ ਦੀ ਸੁਣਵਾਈ 12 ਮਈ ਨੂੰ ਕਰਨ ਦੀ ਬੇਨਤੀ ਕੀਤੀ। ਚੀਫ਼ ਜਸਟਿਸ ਨੇ ਇਕ ਬਜ਼ੁਰਗ ਔਰਤ ਦੇ ਕੇਸ ਦਾ ਹਵਾਲਾ ਦਿੱਤਾ ਜਿਸ ਨੂੰ ਉਹ ਆਪਣੀ ਅਧਿਕਾਰਤ ਸਮਰੱਥਾ 'ਚ ਜਾਣਦੇ ਸਨ।



ਜਸਟਿਸ ਕਾਂਤ ਨੇ ਕਿਹਾ ਕਿ ਬਦਕਿਸਮਤੀ ਨਾਲ ਉਸ ਦੇ ਸੇਵਾਮੁਕਤੀ ਦੇ ਸਾਰੇ ਫੰਡਾਂ ਦੀ ਠੱਗੀ ਮਾਰ ਲਈ ਗਈ। ਬੈਂਚ ਨੇ ਅਟਾਰਨੀ ਜਨਰਲ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ 12 ਮਈ ਲਈ ਤੈਅ ਕੀਤੀ ਹੈ।

# ਦੁਨੀਆ ਦੇ 3,100 'ਬੇਕਾਬੂ' ਗਲੇਸ਼ੀਅਰ ਮਚਾ ਸਕਦੇ ਹਨ ਤਬਾਹੀ

## ਵਿਗਿਆਨੀਆਂ ਨੇ ਜਾਰੀ ਕੀਤੀ ਭਿਆਨਕ ਚੇਤਾਵਨੀ



ਵਿਗਿਆਨੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਨੇ 'ਉਭਰਦੇ ਗਲੇਸ਼ੀਅਰਾਂ' ਦੇ ਰੂਪ ਵਿੱਚ ਇੱਕ ਬਹੁਤ ਜ਼ਿਆਦਾ ਤੁਰੰਤ ਅਤੇ ਵਿਨਾਸ਼ਕਾਰੀ ਖ਼ਤਰੇ ਵੱਲ ਇਸ਼ਾਰਾ ਕੀਤਾ ਹੈ। ਇਹ ਗਲੇਸ਼ੀਅਰ, ਸੁਸਤ ਜੁਆਲਾਮੁਖੀ ਵਾਂਗ, ਅਚਾਨਕ ਤੇਜ਼ ਹੋਣ ਅਤੇ ਤਬਾਹੀ ਮਚਾਉਣ ਤੋਂ ਪਹਿਲਾਂ ਸਾਲਾਂ ਤੱਕ ਬਰਫ਼ ਇਕੱਠਾ ਕਰਦੇ ਹਨ। ਪੋਰਟਸਮਾਊਥ ਯੂਨੀਵਰਸਿਟੀ ਦੀ ਅਗਵਾਈ ਵਾਲੀ ਖੋਜ ਨੇ ਦੁਨੀਆ ਭਰ ਵਿੱਚ 3,100 ਅਜਿਹੇ 'ਬੇਕਾਬੂ' ਗਲੇਸ਼ੀਅਰਾਂ ਦੀ ਪਛਾਣ ਕੀਤੀ ਹੈ, ਜੋ ਨਦੀਆਂ ਨੂੰ ਰੋਕ ਕੇ ਅਚਾਨਕ ਹੜ੍ਹ, ਵੱਡੇ ਬਰਫ਼ਬਾਰੀ ਅਤੇ ਵਿਨਾਸ਼ਕਾਰੀ ਹੜ੍ਹਾਂ ਨੂੰ ਸ਼ੁਰੂ ਕਰ ਸਕਦੇ ਹਨ।

ਜਦੋਂ ਕਿ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣ ਅਤੇ ਸੁੰਗੜਨ ਦੀਆਂ ਰਿਪੋਰਟਾਂ ਦੁਨੀਆ ਭਰ ਤੋਂ ਆ ਰਹੀਆਂ ਹਨ, ਵਿਗਿਆਨੀਆਂ ਨੇ ਇੱਕ ਵੱਖਰੀ ਅਤੇ ਬਹੁਤ ਹੀ ਡਰਾਉਣੀ ਚੇਤਾਵਨੀ ਜਾਰੀ ਕੀਤੀ ਹੈ। ਪੋਰਟਸਮਾਊਥ ਯੂਨੀਵਰਸਿਟੀ ਦੀ ਅਗਵਾਈ ਵਿੱਚ ਇੱਕ ਅੰਤਰਰਾਸ਼ਟਰੀ ਅਧਿਐਨ ਨੇ 3,100 'ਉਭਰਦੇ ਗਲੇਸ਼ੀਅਰ' ਦੀ ਪਛਾਣ ਕੀਤੀ ਹੈ, ਜੋ ਸ਼ਾਂਤ ਰਹਿਣ ਦੀ ਬਜਾਏ, ਅਚਾਨਕ ਬੇਹੋਸ਼ ਹੋ ਜਾਂਦੇ ਹਨ। ਇਹ ਗਲੇਸ਼ੀਅਰ ਸਾਲਾਂ ਤੱਕ ਬਰਫ਼ ਇਕੱਠੀ ਕਰਦੇ ਹਨ ਅਤੇ ਫਿਰ ਅਚਾਨਕ ਇਸਨੂੰ ਤੇਜ਼ ਰਫ਼ਤਾਰ ਨਾਲ ਅੱਗੇ ਧੱਕਦੇ ਹਨ। ਉਨ੍ਹਾਂ ਦੀ ਗਤੀ ਇੱਕ ਭਿਆਨਕ ਤਬਾਹੀ ਦਾ ਕਾਰਨ ਬਣ ਸਕਦੀ ਹੈ ਜਿਸਦੀ ਕਲਪਨਾ ਕਰਨਾ ਮੁਸ਼ਕਲ ਹੈ।

**ਇਹ 'ਉਭਰਦੇ ਗਲੇਸ਼ੀਅਰ' ਕੀ ਹਨ?**

ਆਮ ਗਲੇਸ਼ੀਅਰ ਬਹੁਤ ਹੌਲੀ ਹੌਲੀ ਚਲਦੇ ਹਨ, ਪਰ ਉਭਰਦੇ ਗਲੇਸ਼ੀਅਰ ਬਹੁਤ ਵੱਖਰੇ ਢੰਗ ਨਾਲ ਵਿਵਹਾਰ ਕਰਦੇ ਹਨ। ਗਲੇਸ਼ੀਅਰ ਜੋ ਆਮ ਤੌਰ 'ਤੇ ਬਹੁਤ ਸੁਸਤ ਹੁੰਦੇ ਹਨ, ਅਚਾਨਕ ਆਪਣੀ ਗਤੀ ਕਈ ਗੁਣਾ ਵਧਾ ਦਿੰਦੇ ਹਨ।

ਇਸ ਪ੍ਰਕਿਰਿਆ ਦੌਰਾਨ, ਬਰਫ਼ ਦੀ ਇੱਕ ਵੱਡੀ ਮਾਤਰਾ ਗਲੇਸ਼ੀਅਰ ਦੇ ਸਾਹਮਣੇ ਵੱਲ ਵਧਦੀ ਹੈ, ਜਿਸ ਕਾਰਨ ਗਲੇਸ਼ੀਅਰ ਅਚਾਨਕ ਅੱਗੇ ਵਧਦਾ ਹੈ। ਇਹ ਗਲੇਸ਼ੀਅਰ ਦੁਨੀਆ ਦੇ ਕੁੱਲ ਗਲੇਸ਼ੀਅਰਾਂ ਦਾ ਸਿਰਫ 1% ਹਨ, ਪਰ ਇਹ ਕੁੱਲ ਗਲੇਸ਼ੀਅਰ ਖੇਤਰ ਦਾ ਲਗਭਗ ਪੰਜਵਾਂ ਹਿੱਸਾ ਕਵਰ ਕਰਦੇ ਹਨ।

**ਬੇਕਾਬੂ ਗਲੇਸ਼ੀਅਰਾਂ ਦੁਆਰਾ ਪੈਦਾ ਹੋਏ 6 ਵੱਡੇ ਖ਼ਤਰੇ**

ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਇਹ ਗਲੇਸ਼ੀਅਰ ਆਪਣੀਆਂ ਸੀਮਾਵਾਂ ਤੋਂ ਵੱਧ ਜਾਂਦੇ ਹਨ, ਤਾਂ ਇਹ ਛੇ ਤਰ੍ਹਾਂ ਦੀਆਂ ਤਬਾਹੀ ਮਚਾ ਸਕਦੇ ਹਨ।

ਆਪਣੇ ਰਸਤੇ ਵਿੱਚ ਹਰ ਚੀਜ਼ ਦਾ ਵਿਨਾਸ਼: ਇਹ ਅਚਾਨਕ ਅੱਗੇ ਵਧ ਸਕਦੇ ਹਨ ਅਤੇ ਇਮਾਰਤਾਂ, ਸੜਕਾਂ ਅਤੇ ਖੇਤਾਂ ਨੂੰ ਬਰਫ਼ ਹੇਠ ਦੱਬ ਸਕਦੇ ਹਨ।

**ਨਦੀਆਂ ਦਾ ਬੰਦ ਹੋਣਾ:** ਇਹ ਗਲੇਸ਼ੀਅਰ ਫੈਲਦੇ ਹਨ ਅਤੇ ਨਦੀਆਂ ਦੇ ਰਸਤੇ ਨੂੰ ਰੋਕਦੇ ਹਨ, ਜਿਸ ਨਾਲ ਅਸਥਾਈ ਝੀਲਾਂ ਬਣ ਜਾਂਦੀਆਂ ਹਨ। ਜਦੋਂ ਇਹ ਝੀਲਾਂ ਫਟਦੀਆਂ ਹਨ, ਤਾਂ ਇਹ ਹੇਠਲੇ ਖੇਤਰਾਂ ਵਿੱਚ ਵਿਨਾਸ਼ਕਾਰੀ ਹੜ੍ਹਾਂ ਦਾ ਕਾਰਨ ਬਣਦੇ ਹਨ।

**ਵੱਡੇ ਬਰਫ਼ਬਾਰੀ:** ਗਲੇਸ਼ੀਅਰ ਦੇ ਅਚਾਨਕ ਟੁੱਟਣ ਜਾਂ ਖਿਸਕਣ ਨਾਲ ਪਹਾੜਾਂ 'ਤੇ ਬਰਫ਼ ਅਤੇ ਮਲਬੇ ਦਾ ਤੂਫ਼ਾਨ ਆਉਂਦਾ ਹੈ, ਜਿਸ ਨਾਲ ਸਭ ਕੁਝ ਤਬਾਹ ਹੋ ਜਾਂਦਾ ਹੈ।

**ਛੁਪੇ ਹੋਏ ਹੜ੍ਹ:** ਗਲੇਸ਼ੀਅਰ ਦੇ ਹੇਠਾਂ ਸਟੋਰ ਕੀਤੇ ਪਾਣੀ ਦਾ ਅਚਾਨਕ ਛੱਡਣਾ ਬਿਨਾਂ ਕਿਸੇ ਚੇਤਾਵਨੀ ਦੇ ਹੜ੍ਹਾਂ ਦਾ ਕਾਰਨ ਬਣ ਸਕਦਾ ਹੈ।

ਖ਼ਤਰਨਾਕ ਦਰਾਰਾਂ: ਤੇਜ਼ ਰਫ਼ਤਾਰ ਦੇ ਕਾਰਨ, ਗਲੇਸ਼ੀਅਰ ਵਿੱਚ ਡੂੰਘੀਆਂ ਅਤੇ ਚੌੜੀਆਂ ਤਰੇੜਾਂ ਬਣ ਜਾਂਦੀਆਂ ਹਨ, ਜਿਸ ਨਾਲ ਪਰਬਤਾਰੋਹੀਆਂ ਅਤੇ ਸੈਲਾਨੀਆਂ ਲਈ ਉੱਥੇ ਜਾਣਾ ਖ਼ਤਰਨਾਕ ਹੋ ਜਾਂਦਾ ਹੈ।

**ਸਮੁੰਦਰ ਵਿੱਚ ਬਰਫੀਲੇ ਪਹਾੜ:** ਜਦੋਂ ਇਹ ਗਲੇਸ਼ੀਅਰ ਸਮੁੰਦਰ ਵਿੱਚ ਡਿੱਗਦੇ ਹਨ, ਤਾਂ ਇਹ ਵੱਡੀ ਗਿਣਤੀ ਵਿੱਚ ਬਰਫ਼ ਦੇ ਟੁਕੜੇ ਬਣਾਉਂਦੇ ਹਨ, ਜੋ ਜਹਾਜ਼ਾਂ ਲਈ ਵੱਡਾ ਖ਼ਤਰਾ ਪੈਦਾ ਕਰਦੇ ਹਨ।

ਜਲਵਾਯੂ ਪਰਿਵਰਤਨ ਖੇਡ ਨੂੰ ਵਿਗਾੜਦਾ ਹੈ: ਭਵਿੱਖਬਾਣੀ ਹੁਣ ਅਸੰਭਵ ਹੈ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਜਲਵਾਯੂ ਪਰਿਵਰਤਨ ਨੇ ਇਨ੍ਹਾਂ ਗਲੇਸ਼ੀਅਰਾਂ ਦੇ ਵਿਵਹਾਰ ਨੂੰ ਪੂਰੀ ਤਰ੍ਹਾਂ ਅਣਪਛਾਤਾ ਬਣਾ ਦਿੱਤਾ ਹੈ। ਭਾਰੀ ਬਾਰਿਸ਼ ਜਾਂ ਅਤਿ ਦੀ ਗਰਮੀ ਇਨ੍ਹਾਂ ਗਲੇਸ਼ੀਅਰਾਂ ਨੂੰ ਸਮੇਂ ਤੋਂ ਪਹਿਲਾਂ ਉਛਾਲਣ ਲਈ ਪ੍ਰੇਰਿਤ ਕਰ ਸਕਦੀ ਹੈ।

ਵਿਗਿਆਨੀਆਂ ਨੇ 81 ਸਭ ਤੋਂ ਖ਼ਤਰਨਾਕ ਗਲੇਸ਼ੀਅਰਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕਾਰਾਕੋਰਮ ਪਹਾੜਾਂ ਵਿੱਚ ਹਨ। ਆਬਾਦੀ ਅਤੇ ਮਹੱਤਵਪੂਰਨ ਬੁਨਿਆਦੀ ਢਾਂਚਾ ਉਨ੍ਹਾਂ ਦੇ ਹੇਠਾਂ ਮੌਜੂਦ ਹੈ। ਜਦੋਂ ਕਿ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਇਹ ਉਛਾਲ ਵਧ ਰਹੇ ਹਨ, ਉਹ ਆਈਸਲੈਂਡ ਵਰਗੀਆਂ ਥਾਵਾਂ 'ਤੇ ਹੌਲੀ-ਹੌਲੀ ਅਲੋਪ ਹੋ ਰਹੇ ਹਨ।

ਸੈਟੇਲਾਈਟਾਂ ਨਾਲ ਗਲੇਸ਼ੀਅਰਾਂ ਦੀ ਨਿਗਰਾਨੀ ਕਰਨਾ ਮਹੱਤਵਪੂਰਨ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਪੁਰਾਣੇ ਨਿਯਮ ਹੁਣ ਕੰਮ ਨਹੀਂ ਕਰ ਰਹੇ ਹਨ। ਬਦਲਦੇ ਮੌਸਮ ਨੂੰ ਦੇਖਦੇ ਹੋਏ, ਇਨ੍ਹਾਂ 3,100 ਗਲੇਸ਼ੀਅਰਾਂ ਦੀ 24 ਘੰਟੇ ਨਿਗਰਾਨੀ ਕਰਨਾ ਜ਼ਰੂਰੀ ਹੋ ਗਿਆ ਹੈ, ਸੈਟੇਲਾਈਟਾਂ ਅਤੇ ਜ਼ਮੀਨੀ ਪੱਧਰ ਦੋਵਾਂ ਤੋਂ।

# ਅਮਰੀਕਾ-ਆਸਟ੍ਰੇਲੀਆ ਅਤੇ ਮੈਕਸੀਕੋ ਸਮੇਤ 6 ਦੇਸ਼ਾਂ ਦੀਆਂ ਰਿਫਾਇਨਰੀਆਂ ਵਿੱਚ ਲੱਗੀ ਅੱਗ



ਈਰਾਨ ਯੁੱਧ ਦੇ ਵਿਚਕਾਰ ਜਿਵੇਂ ਕਿ ਤੇਲ ਦੀ ਹਾਲਤ ਬਹੁਤ ਗੰਭੀਰ ਹੈ, ਦੁਨੀਆ ਭਰ ਵਿੱਚ ਕੁਝ ਅਜੀਬ ਹੋ ਰਿਹਾ ਹੈ। ਪਿਛਲੇ 45 ਦਿਨਾਂ ਵਿੱਚ, ਛੇ ਦੇਸ਼ਾਂ ਵਿੱਚ ਤੇਲ ਰਿਫਾਇਨਰੀਆਂ ਅਤੇ ਤੇਲ ਪਲਾਂਟਾਂ ਨੂੰ ਅੱਗ ਲੱਗ ਗਈ ਹੈ। ਸੰਯੁਕਤ ਰਾਜ ਅਮਰੀਕਾ, ਆਸਟ੍ਰੇਲੀਆ, ਮੈਕਸੀਕੋ, ਇਕਵਾਡੋਰ ਅਤੇ ਰੂਸ ਵਿੱਚ ਅੱਗ ਲੱਗਣ ਦੀ ਇੱਕ ਲੜੀ ਵਿੱਚ ਰਿਫਾਇਨਰੀਆਂ ਅਤੇ ਤੇਲ ਪਲਾਂਟ ਸੜ ਗਏ ਹਨ। ਇੱਕ ਭਾਰਤੀ ਰਿਫਾਇਨਰੀ ਵਿੱਚ ਵੀ ਇੱਕ ਵੱਡੀ ਅੱਗ ਲੱਗੀ ਹੈ। ਕਾਰਨ ਇਸ ਸਮੇਂ ਜਾਂਚ ਅਧੀਨ ਹੈ। ਹਾਲਾਂਕਿ, ਯੁੱਧ ਖੇਤਰ ਤੋਂ ਬਾਹਰ ਸਥਿਤ ਇਨ੍ਹਾਂ ਮਹੱਤਵਪੂਰਨ ਤੇਲ ਸੰਪਤੀਆਂ ਦਾ ਤੇਜ਼ੀ ਨਾਲ ਸੜਨਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਕੀ ਇਹ ਸਿਰਫ਼ ਇਤਫ਼ਾਕ ਹੈ, ਜਾਂ ਤੇਲ ਸਪਲਾਈ ਵਿੱਚ ਵਿਘਨ ਪਾਉਣ ਦੀ ਇੱਕ ਜਾਣਬੁੱਝ ਕੇ ਕੀਤੀ ਗਈ ਵਿਸ਼ਵਵਿਆਪੀ ਸਾਜ਼ਿਸ਼?

ਅਮਰੀਕਾ-ਈਰਾਨ ਯੁੱਧ ਵਿੱਚ ਤੇਲ ਸਭ ਤੋਂ ਮਹੱਤਵਪੂਰਨ ਹਥਿਆਰ ਬਣ ਗਿਆ ਹੈ। ਅਮਰੀਕਾ ਅਤੇ ਈਰਾਨ ਦੀ ਫੌਜੀ ਸ਼ਕਤੀ ਬੇਮਿਸਾਲ ਹੈ। ਇਹੀ ਕਾਰਨ ਹੈ ਕਿ ਅਮਰੀਕਾ ਨੇ ਵੀ ਕਲਪਨਾ ਨਹੀਂ ਕੀਤੀ ਹੋਵੇਗੀ ਕਿ ਯੁੱਧ ਇੰਨਾ ਲੰਮਾ ਚੱਲੇਗਾ। ਪਰ ਜਦੋਂ ਈਰਾਨ ਨੇ ਹੋਰਮੁਜ਼ ਜਲਡਮਰੂ 'ਤੇ ਕਬਜ਼ਾ ਕਰ ਲਿਆ ਅਤੇ ਖਾੜੀ ਤੇਲ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ, ਤਾਂ ਯੁੱਧ ਦਾ ਮੋੜ ਬਦਲ ਗਿਆ। ਨਤੀਜੇ ਵਜੋਂ, ਕੱਚੇ ਤੇਲ ਦੀਆਂ ਕੀਮਤਾਂ, ਜੋ ਫਰਵਰੀ ਵਿੱਚ ਲਗਭਗ $66 ਪ੍ਰਤੀ ਬੈਰਲ ਸਨ, ਅਪ੍ਰੈਲ ਤੱਕ $100 ਪ੍ਰਤੀ ਬੈਰਲ ਤੋਂ ਵੱਧ ਹੋ ਗਈਆਂ। ਹੁਣ, ਰਿਫਾਇਨਰੀ ਵਿੱਚ ਅੱਗ ਲੱਗਣ ਨਾਲ ਇਸ ਸੰਕਟ ਵਿੱਚ ਹੋਰ ਵਾਧਾ ਹੋ ਗਿਆ ਹੈ।

**ਰਹੱਸਮਈ ਅੱਗ ਲੱਗਣ ਅਤੇ ਸਵਾਲ ਉਠਾਉਣ ਦਾ ਇੱਕ 'ਗਲੋਬਲ ਪੈਟਰਨ'**

ਜਦੋਂ ਕਿ ਇਹਨਾਂ ਘਟਨਾਵਾਂ ਨੂੰ 'ਤਕਨੀਕੀ ਨੁਕਸ' ਜਾਂ 'ਹਾਦਸਿਆਂ' ਵਜੋਂ ਲੇਬਲ ਕੀਤਾ ਜਾ ਰਿਹਾ ਹੈ, ਇਹਨਾਂ ਘਟਨਾਵਾਂ ਨੇ, ਇੱਕ ਤੋਂ ਬਾਅਦ ਇੱਕ, ਇੱਕ ਸਪੱਸ਼ਟ ਪੈਟਰਨ ਦਾ ਖੁਲਾਸਾ ਕੀਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਬਹੁਤ ਸਾਰੇ ਮਾਹਰ ਇਸਨੂੰ ਤੇਲ ਸਪਲਾਈ ਵਿੱਚ ਵਿਘਨ ਪਾਉਣ ਲਈ ਇੱਕ ਜਾਣਬੁੱਝ ਕੇ ਪੈਟਰਨ ਕਹਿ ਰਹੇ ਹਨ। ਮਾਹਰਾਂ ਦਾ ਮੰਨਣਾ ਹੈ ਕਿ ਦੁਸ਼ਮਣ ਦੇਸ਼, ਆਪਣੇ ਲੋਕਾਂ ਦੀ ਵਰਤੋਂ ਕਰਕੇ, ਕਿਸੇ ਦੇਸ਼ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣ ਲਈ ਤੇਲ ਰਿਫਾਇਨਰੀਆਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਰਿਫਾਇਨਰੀਆਂ ਨੂੰ ਸਾੜਨਾ ਇੱਕ ਹਾਈਬ੍ਰਿਡ ਯੁੱਧ ਦਾ ਹਿੱਸਾ ਹੋ ਸਕਦਾ ਹੈ ਜੋ ਤੇਲ ਦੀਆਂ ਕੀਮਤਾਂ ਨੂੰ ਵਧਾਉਣ ਅਤੇ ਵਿਰੋਧੀ ਦੇਸ਼ਾਂ ਦੀ ਆਰਥਿਕਤਾ ਨੂੰ ਪਟੜੀ ਤੋਂ ਉਤਾਰਨ ਲਈ ਤਿਆਰ ਕੀਤਾ ਗਿਆ ਹੈ।

ਇੱਕ ਮਾਹਰ ਨੇ ਲਿਖਿਆ, 'ਇਸ ਯੁੱਧ ਵਿੱਚ, ਇੱਕ ਪੱਖ ਹਰ ਤਰ੍ਹਾਂ ਦੇ ਭੰਡਾਰਾਂ ਨਾਲ ਯੁੱਧ ਲਈ ਤਿਆਰ ਹੋ ਕੇ, ਇੱਕ ਵਿਸ਼ਾਲ ਤੇਲ ਸੰਕਟ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਦੂਜਾ ਪੱਖ ਵਿਰੋਧੀ ਦੀ ਬਾਂਹ ਨੂੰ ਮਜਬੂਰ ਕਰਨ ਲਈ ਭਰਪੂਰ ਤੇਲ ਉਪਲਬਧ ਕਰਵਾਉਣਾ ਚਾਹੁੰਦਾ ਹੈ।' ਰੂਸ ਦਾ ਮਾਮਲਾ ਥੋੜ੍ਹਾ ਵੱਖਰਾ ਹੈ, ਕਿਉਂਕਿ ਇਸਦੇ ਤੇਲ ਪਲਾਂਟਾਂ 'ਤੇ ਯੂਕਰੇਨ ਤੋਂ ਡਰੋਨਾਂ ਦੁਆਰਾ ਸਿੱਧੇ ਤੌਰ 'ਤੇ ਹਮਲਾ ਕੀਤਾ ਗਿਆ ਹੈ, ਪਰ ਦੂਜੇ ਦੇਸ਼ਾਂ ਵਿੱਚ ਰਿਫਾਇਨਰੀਆਂ ਵਿੱਚ ਅੱਗ ਚਿੰਤਾਜਨਕ ਹੈ।

**ਅੱਗ ਕਦੋਂ ਅਤੇ ਕਿੱਥੇ ਲੱਗੀ?**

ਇਕਵਾਡੋਰ (1 ਮਾਰਚ): ਅੱਗ ਦੱਖਣੀ ਅਮਰੀਕੀ ਦੇਸ਼ ਇਕਵਾਡੋਰ ਵਿੱਚ ਸ਼ੁਰੂ ਹੋਈ। ਦੇਸ਼ ਦੀ ਸਭ ਤੋਂ ਵੱਡੀ ਰਿਫਾਇਨਰੀ, ਪੈਟਰੋਏਕੁਆਡੋਰ ਦੀ ਐਸਮੇਰਾਲਡਾਸ ਤੇਲ ਰਿਫਾਇਨਰੀ ਵਿੱਚ ਅੱਗ ਲੱਗਣ ਤੋਂ ਬਾਅਦ ਕੰਮ ਰੋਕਣ ਲਈ ਮਜਬੂਰ ਹੋਣਾ ਪਿਆ। ਇਸ 110,000 ਬੈਰਲ-ਪ੍ਰਤੀ-ਦਿਨ ਪਲਾਂਟ ਦੇ ਚਾਰਜ ਪੰਪ ਨੂੰ ਅੱਗ ਲੱਗ ਗਈ।

ਮੈਕਸੀਕੋ (17 ਮਾਰਚ): ਮੈਕਸੀਕੋ ਦੀ ਨਵੀਂ ਓਲਮੇਕਾ ਤੇਲ ਰਿਫਾਇਨਰੀ ਵਿੱਚ ਇੱਕ ਵੱਡੀ ਅੱਗ ਲੱਗ ਗਈ। ਅੱਗ ਲੱਗਣ ਨਾਲ ਪੰਜ ਲੋਕਾਂ ਦੀ ਦੁਖਦਾਈ ਮੌਤ ਹੋ ਗਈ। ਇਹ ਰਿਫਾਇਨਰੀ, ਜੋ 2024 ਵਿੱਚ ਖੁੱਲ੍ਹਣ ਵਾਲੀ ਸੀ, ਮੈਕਸੀਕੋ ਦੀ ਸਭ ਤੋਂ ਵੱਡੀ ਰਿਫਾਇਨਰੀ ਸਥਾਪਨਾ ਦਾ ਇੱਕ ਮੁੱਖ ਹਿੱਸਾ ਹੈ।

ਸੰਯੁਕਤ ਰਾਜ (23 ਮਾਰਚ ਅਤੇ 10 ਅਪ੍ਰੈਲ): ਸੰਯੁਕਤ ਰਾਜ ਵਿੱਚ ਦੋ ਵੱਡੀਆਂ ਘਟਨਾਵਾਂ ਵਾਪਰੀਆਂ। 23 ਮਾਰਚ ਨੂੰ, ਟੈਕਸਾਸ ਵਿੱਚ ਵੈਲੇਰੋ ਪੋਰਟ ਆਰਥਰ ਐਨਰਜੀ ਵਿਖੇ ਇੱਕ ਹਾਈਡ੍ਰੋਟਰੀਟਰ ਵਿੱਚ ਇੱਕ ਵੱਡਾ ਧਮਾਕਾ ਹੋਇਆ। ਸ਼ੁਰੂ ਵਿੱਚ, ਈਰਾਨ ਦੀ ਸ਼ਮੂਲੀਅਤ ਦੀਆਂ ਅਟਕਲਾਂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਸੀ। ਕੁਝ ਦਿਨਾਂ ਬਾਅਦ, 10 ਅਪ੍ਰੈਲ ਨੂੰ, ਟੈਕਸਾਸ ਵਿੱਚ ਮੈਰਾਥਨ ਦੀ ਐਲ ਪਾਸੋ ਰਿਫਾਇਨਰੀ ਵਿੱਚ ਤਕਨੀਕੀ ਸਮੱਸਿਆਵਾਂ ਕਾਰਨ ਅੱਗ ਲੱਗ ਗਈ।

ਆਸਟ੍ਰੇਲੀਆ (16 ਅਪ੍ਰੈਲ): ਆਸਟ ਰੇਲੀਆ ਦੇ ਮੈਲਬੋਰਨ ਨੇੜੇ ਗੀਲੋਂਗ ਵਿੱਚ ਵੀਵਾ ਦੀ ਕੋਰੀਓ ਤੇਲ ਰਿਫਾਇਨਰੀ ਵਿੱਚ ਭਿਆਨਕ ਅੱਗ ਲੱਗ ਗਈ। ਵਿਕਟੋਰੀਆ ਰਾਜ ਲਈ 50% ਬਾਲਣ ਪੈਦਾ ਕਰਨ ਵਾਲੀ ਇਹ ਰਿਫਾਇਨਰੀ ਇਸ ਘਟਨਾ ਤੋਂ ਬਾਅਦ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

ਮਿਆਂਮਾਰ (20 ਅਪ੍ਰੈਲ): ਇਸੇ ਤਰ੍ਹਾਂ ਦੀ ਇੱਕ ਘਟਨਾ ਵਿੱਚ, ਮਿਆਂਮਾਰ ਦੇ ਸਾਗਿੰਗ ਖੇਤਰ ਵਿੱਚ ਹਮਾਵਥੀ ਨਦੀ ਬੰਦਰਗਾਹ 'ਤੇ ਇੱਕ ਸ਼ਕਤੀਸ਼ਾਲੀ ਧਮਾਕਾ ਹੋਇਆ। ਧਮਾਕੇ ਤੋਂ ਬਾਅਦ, 10 ਬਾਲਣ ਟੈਂਕਰ ਅਤੇ ਜਹਾਜ਼ ਅੱਗ ਦੀਆਂ ਲਪਟਾਂ ਵਿੱਚ ਫਸ ਗਏ। ਅੱਗ ਇੰਨੀ ਭਿਆਨਕ ਸੀ ਕਿ ਐਮਰਜੈਂਸੀ ਟੀਮਾਂ ਕਈ ਦਿਨਾਂ ਤੱਕ ਇਸ 'ਤੇ ਕਾਬੂ ਪਾਉਣ ਵਿੱਚ ਅਸਮਰੱਥ ਰਹੀਆਂ।

ਭਾਰਤ ਦਾ ਮਾਮਲਾ: ਇਸ ਭਾਰਤੀ ਰਿਫਾਇਨਰੀ ਵਿੱਚ ਹੁਣ ਅੱਗ ਲੱਗ ਗਈ ਹੈ। ਸਹੀ ਕਾਰਨ ਅਜੇ ਵੀ ਜਾਂਚ ਅਧੀਨ ਹੈ। ਕੁਝ ਦਿਨ ਪਹਿਲਾਂ, ONGC ਦੇ ਮੁੰਬਈ ਹਾਈ (ਆਫਸ਼ੋਰ ਪਲੇਟਫਾਰਮ) 'ਤੇ ਅੱਗ ਲੱਗ ਗਈ ਸੀ। ਲਗਭਗ 10 ਕਰਮਚਾਰੀ ਥੋੜ੍ਹਾ ਜ਼ਖਮੀ ਹੋ ਗਏ ਸਨ। ਹਾਲਾਂਕਿ, ਅੱਗ 'ਤੇ ਜਲਦੀ ਕਾਬੂ ਪਾ ਲਿਆ ਗਿਆ। ਕੋਈ ਵੱਡਾ ਨੁਕਸਾਨ ਜਾਂ ਲੰਬੇ ਸਮੇਂ ਦਾ ਨੁਕਸਾਨ ਨਹੀਂ ਹੋਇਆ।

**ਜੇਕਰ ਤੇਲ ਦੀ ਸਪਲਾਈ ਵਿੱਚ ਵਿਘਨ ਪੈਂਦਾ ਹੈ ਤਾਂ ਕਿਸ ਨੂੰ ਹੋਵੇਗਾ ਫਾਇਦਾ?**

ਜੇਕਰ ਤੇਲ ਦੀ ਸਪਲਾਈ ਵਿੱਚ ਵਿਘਨ ਪੈਂਦਾ ਹੈ, ਤਾਂ ਉਹ ਦੇਸ਼ ਜੋ ਟਕਰਾਅ ਵਿੱਚ ਫਸੇ ਹੋਏ ਹਨ ਅਤੇ ਕੱਚੇ ਤੇਲ ਦੇ ਵਿਸ਼ਾਲ ਭੰਡਾਰ ਰੱਖਦੇ ਹਨ, ਰਣਨੀਤਕ ਤੌਰ 'ਤੇ ਸਭ ਤੋਂ ਵੱਧ ਲਾਭ ਉਠਾਉਣਗੇ। ਵੈਨੇਜ਼ੁਏਲਾ ਕੋਲ ਦੁਨੀਆ ਦਾ ਸਭ ਤੋਂ ਵੱਡਾ ਸਾਬਤ ਤੇਲ ਭੰਡਾਰ (303.2 ਬਿਲੀਅਨ ਬੈਰਲ) ਹੈ, ਅਤੇ ਰਾਜਨੀਤਿਕ ਉਥਲ-ਪੁਥਲ ਤੋਂ ਬਾਅਦ, ਇਹ ਹੁਣ ਅਮਰੀਕਾ ਦੇ ਪ੍ਰਭਾਵ ਹੇਠ ਹੈ। ਦੂਜੇ ਪਾਸੇ, ਈਰਾਨ ਕੋਲ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਭੰਡਾਰ (208.6 ਬਿਲੀਅਨ ਬੈਰਲ) ਹੈ। ਜਦੋਂ ਰਿਫਾਇੰਡ ਤੇਲ ਦੀ ਵਿਸ਼ਵਵਿਆਪੀ ਸਪਲਾਈ ਵਿੱਚ ਵਿਘਨ ਪੈਂਦਾ ਹੈ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਰਿਫਾਇਨਰੀਆਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ, ਤਾਂ ਕੱਚੇ ਤੇਲ ਬਾਜ਼ਾਰ ਵਿੱਚ ਏਕਾਧਿਕਾਰ ਵਾਲੇ ਦੇਸ਼ਾਂ ਦੀ ਸ਼ਕਤੀ ਤੇਜ਼ੀ ਨਾਲ ਵੱਧ ਜਾਂਦੀ ਹੈ।

# 'ਗੈਂਗਸਟਰਾਂ 'ਤੇ ਵਾਰ' ਦਾ ਵੱਡਾ ਅਸਰ! 3 ਮਹੀਨਿਆਂ 'ਚ ਹਜ਼ਾਰਾਂ ਗ੍ਰਿਫ਼ਤਾਰ

ਚੰਡੀਗੜ੍ਹ : ਪੰਜਾਬ ਵਿੱਚ ਸੰਗਠਿਤ ਅਪਰਾਧ ਦੇ ਖ਼ਿਲਾਫ਼ ਚੱਲ ਰਹੀ ਮੁਹਿੰਮ ਨੇ ਤਿੰਨ ਮਹੀਨਿਆਂ ਵਿੱਚ ਹੀ ਵੱਡੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਗਰਾਨੀ ਹੇਠ ਚਲਾਇਆ ਜਾ ਰਿਹਾ 'ਗੈਂਗਸਟਰਾਂ 'ਤੇ ਵਾਰ' ਅਭਿਆਨ ਹੁਣ ਸੂਬੇ ਭਰ ਵਿੱਚ ਇੱਕ ਵੱਡੀ ਕਾਰਵਾਈ ਵਜੋਂ ਉੱਭਰਿਆ ਹੈ, ਜਿਸ ਨੇ ਅਪਰਾਧੀ ਗਿਰੋਹਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ।

20 ਜਨਵਰੀ ਨੂੰ ਸ਼ੁਰੂ ਹੋਈ ਇਸ ਮੁਹਿੰਮ ਦਾ ਟੀਚਾ ਸਿਰਫ਼ ਗੈਂਗਸਟਰਾਂ ਨੂੰ ਕਾਬੂ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦੇ ਪੂਰੇ ਨੈੱਟਵਰਕ—ਫੰਡਿੰਗ, ਸੰਚਾਰ ਅਤੇ ਲਾਜਿਸਟਿਕਸ—ਨੂੰ ਤੋੜਨਾ ਸੀ। ਹੁਣ ਤਿੰਨ ਮਹੀਨੇ ਬਾਅਦ ਸਾਹਮਣੇ ਆਏ ਅੰਕੜੇ ਦਰਸਾਉਂਦੇ ਹਨ ਕਿ ਇਹ ਮੁਹਿੰਮ ਕਿੰਨੀ ਵੱਡੀ ਪੱਧਰ 'ਤੇ ਚਲਾਈ ਗਈ ਹੈ। ਪੰਜਾਬ ਪੁਲਿਸ ਵੱਲੋਂ ਸੂਬੇ ਭਰ ਵਿੱਚ 62 ਹਜ਼ਾਰ ਤੋਂ ਵੱਧ ਛਾਪੇ ਮਾਰੇ ਗਏ, ਜਿਨ੍ਹਾਂ ਦੌਰਾਨ 22 ਹਜ਼ਾਰ ਤੋਂ ਵੱਧ ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿੱਚ ਗੈਂਗਸਟਰਾਂ ਦੇ ਸਾਥੀਆਂ ਤੋਂ ਲੈ ਕੇ ਲੋੜੀਂਦੇ ਅਪਰਾਧੀ ਤੱਕ ਸ਼ਾਮਲ ਹਨ। ਇਸਦੇ ਨਾਲ ਹੀ 900 ਤੋਂ ਵੱਧ ਭਗੌੜਿਆਂ ਨੂੰ ਵੀ ਕਾਬੂ ਕੀਤਾ ਗਿਆ, ਜੋ ਲੰਮੇ ਸਮੇਂ ਤੋਂ ਪੁਲਿਸ ਨੂੰ ਚਕਮਾ ਦੇ ਰਹੇ ਸਨ।

ਇਸ ਅਭਿਆਨ ਦੀ ਇੱਕ ਖਾਸ ਗੱਲ ਇਹ ਵੀ ਰਹੀ ਕਿ ਸਿਰਫ਼ ਗ੍ਰਿਫ਼ਤਾਰੀਆਂ ਹੀ ਨਹੀਂ, ਸਗੋਂ ਨਿਵਾਰਕ ਕਾਰਵਾਈ 'ਤੇ ਵੀ ਜ਼ੋਰ ਦਿੱਤਾ ਗਿਆ। ਹਜ਼ਾਰਾਂ ਲੋਕਾਂ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ ਵਿੱਚ ਲਿਆ ਗਿਆ ਅਤੇ ਜਾਂਚ ਤੋਂ ਬਾਅਦ ਕਈਆਂ ਨੂੰ ਰਿਹਾਅ ਵੀ ਕੀਤਾ ਗਿਆ, ਜਿਸ ਨਾਲ ਪੁਲਿਸ ਨੇ ਨੈੱਟਵਰਕ ਦੀ ਗਹਿਰਾਈ ਤੱਕ ਪਹੁੰਚ ਬਣਾਈ। ਕਾਰਵਾਈ ਦੌਰਾਨ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਵਿਸਫੋਟਕ ਸਮੱਗਰੀ ਦੀ ਬਰਾਮਦਗੀ ਵੀ ਹੋਈ। ਦਰਜਨਾਂ ਬੰਦੂਕਾਂ, ਸੈਂਕੜਿਆਂ ਕਾਰਤੂਸ ਅਤੇ ਹੋਰ ਖ਼ਤਰਨਾਕ ਸਮਾਨ ਮਿਲਣ ਨਾਲ ਇਹ ਸਪੱਸ਼ਟ ਹੋ ਗਿਆ ਕਿ ਅਪਰਾਧੀ ਗਿਰੋਹ ਕਿੰਨੀ ਤਿਆਰੀ ਨਾਲ ਕੰਮ ਕਰ ਰਹੇ ਸਨ। ਇਸਦੇ ਨਾਲ ਹੀ ਨਸ਼ੇ ਦੇ ਕਾਰੋਬਾਰ 'ਤੇ ਵੀ ਕਰਾਰੀ ਚੋਟ ਮਾਰੀ ਗਈ। ਹੈਰੋਇਨ, ਅਫੀਮ, ਭੁੱਕੀ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵੱਡੀ ਮਾਤਰਾ ਬਰਾਮਦ ਕੀਤੀ ਗਈ, ਜਿਸ ਨਾਲ ਇਸ ਗੈਰਕਾਨੂੰਨੀ ਵਪਾਰ ਨੂੰ ਵੱਡਾ ਝਟਕਾ ਲੱਗਾ ਹੈ। ਨਕਦੀ, ਸੋਨਾ ਅਤੇ ਡਰੱਗ ਮਨੀ ਦੀ ਜ਼ਬਤੀ ਨੇ ਵੀ ਨੈੱਟਵਰਕ ਦੀ ਆਰਥਿਕ ਰੀੜ੍ਹ ਦੀ ਹੱਡੀ ਕਮਜ਼ੋਰ ਕੀਤੀ ਹੈ। ਪੁਲਿਸ ਨੇ ਗੈਂਗਸਟਰਾਂ ਦੇ ਸੰਚਾਰ ਅਤੇ ਆਵਾਜਾਈ ਸਾਧਨਾਂ 'ਤੇ ਵੀ ਵੱਡੀ ਕਾਰਵਾਈ ਕੀਤੀ। ਹਜ਼ਾਰਾਂ ਮੋਬਾਈਲ ਫੋਨ, ਵਾਹਨ ਅਤੇ ਡਰੋਨ ਜ਼ਬਤ ਕਰਕੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕੀਤਾ ਗਿਆ ਹੈ।

ਐਂਟੀ ਗੈਂਗਸਟਰ ਟਾਸਕ ਫੋਰਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮੁਹਿੰਮ ਸਿਰਫ਼ ਸ਼ੁਰੂਆਤ ਹੈ। ਹੁਣ ਪੁਲਿਸ ਕੋਲ ਵੱਡਾ ਡਾਟਾ ਅਤੇ ਤਕਨਾਲੋਜੀ ਹੈ, ਜਿਸ ਨਾਲ ਅਪਰਾਧੀਆਂ ਨੂੰ ਤੇਜ਼ੀ ਨਾਲ ਟਰੈਕ ਕੀਤਾ ਜਾ ਸਕਦਾ ਹੈ। ਇਸਦੇ ਨਾਲ ਹੀ ਲੋਕਾਂ ਦੀ ਭਾਗੀਦਾਰੀ ਵਧਾਉਣ ਲਈ ਹੈਲਪਲਾਈਨ ਵੀ ਸ਼ੁਰੂ ਕੀਤੀ ਗਈ ਹੈ।

ਤਿੰਨ ਮਹੀਨਿਆਂ ਦੀ ਇਸ ਕਾਰਵਾਈ ਨੇ ਇੱਕ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਸੂਬੇ ਵਿੱਚ 'ਗੈਂਗਸਟਰ ਕਲਚਰ' ਲਈ ਜਗ੍ਹਾ ਘੱਟਦੀ ਜਾ ਰਹੀ ਹੈ। ਸਰਕਾਰ ਅਤੇ ਪੁਲਿਸ ਦੇ ਮਿਲੇ-ਜੁਲੇ ਯਤਨਾਂ ਨਾਲ ਹੁਣ ਇਹ ਮੁਹਿੰਮ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਅਪਰਾਧ 'ਤੇ ਹੋਰ ਕਾਬੂ ਪਾਇਆ ਜਾ ਸਕਦਾ ਹੈ।

# ਨਿਊਜ਼ੀਲੈਂਡ ਦੇ ਟਾਕਾਨਿਨੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਹੈਰੀਟੇਜ ਸਕੂਲ ਦਾ ਸਾਲਾਨਾ ਸਮਾਗਮ; ਜਥੇਦਾਰ ਵੱਲੋਂ ਸ਼ਮੂਲੀਅਤ

## ਬੱਚਿਆਂ ਨੂੰ ਗੁਰਮੁਖੀ ਤੇ ਗੁਰਮਤਿ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ: ਗੜਗੱਜ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਊਜ਼ੀਲੈਂਡ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਟਾਕਾਨਿਨੀ ਵਿਖੇ 'ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ' ਦੀ ਦੇਖ-ਰੇਖ ਹੇਠ ਚੱਲ ਰਹੇ ਸਿੱਖ ਹੈਰੀਟੇਜ ਸਕੂਲ (ਪੰਜਾਬੀ ਸਕੂਲ) ਦੇ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਅਕਾਲ ਤਖ਼ਤ ਸਕੱਤਰੇਤ ਵੱਲੋਂ ਜਾਰੀ ਬਿਆਨ ਅਨੁਸਾਰ ਜਥੇਦਾਰ ਨੇ ਵਿਦੇਸ਼ੀ ਧਰਤੀ 'ਤੇ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਕੂਲ ਵਿੱਚ ਨਰਸਰੀ ਤੋਂ ਅੱਠਵੀਂ ਜਮਾਤ ਤੱਕ ਦੇ ਲਗਭਗ ਇੱਕ ਹਜ਼ਾਰ ਬੱਚੇ ਹਰ ਸ਼ਨੀਵਾਰ ਗੁਰਮੁਖੀ ਪੰਜਾਬੀ, ਗੁਰਮਤਿ ਵਿੱਦਿਆ, ਸਿੱਖ ਇਤਿਹਾਸ, ਰਹਿਤ ਮਰਿਆਦਾ, ਨਿਤਨੇਮ ਅਤੇ ਗੁਰਬਾਣੀ ਸੰਥਿਆ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਸਮਾਗਮ ਦੌਰਾਨ ਰਾਗੀ ਜਥਿਆਂ ਨੇ ਕੀਰਤਨ ਰਾਹੀਂ ਸੰਗਤਾਂ ਅਤੇ ਬੱਚਿਆਂ ਨੂੰ ਨਿਹਾਲ ਕੀਤਾ। ਜਥੇਦਾਰ ਨੇ ਖ਼ੁਦ ਬੱਚਿਆਂ ਤੋਂ ਗੁਰਮੁਖੀ ਦੀ ਪੈਂਤੀ ਅੱਖਰੀ ਸੁਣੀ ਅਤੇ ਸਿੱਖ ਇਤਿਹਾਸ ਤੇ ਪੰਜ ਕਕਾਰਾਂ ਬਾਰੇ ਸਵਾਲ-ਜਵਾਬ ਕਰਕੇ ਉਨ੍ਹਾਂ ਦੀ ਜਾਣਕਾਰੀ ਪਰਖੀ। ਅਖੀਰ ਵਿੱਚ ਵੱਖ-ਵੱਖ ਜਮਾਤਾਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਵੰਡੇ ਗਏ।

ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਹਰ ਸਿੱਖ ਮਾਪੇ ਦਾ ਫ਼ਰਜ਼ ਹੈ ਕਿ ਉਹ ਆਪਣੇ ਬੱਚਿਆਂ ਨੂੰ ਗੁਰਮੁਖੀ ਜ਼ਰੂਰ ਸਿਖਾਉਣ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਗੁਰਮੁਖੀ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇਕਰ ਬੱਚੇ ਭਾਸ਼ਾ ਤੋਂ ਜਾਣੂ ਹੋਣਗੇ, ਤਾਂ ਹੀ ਉਹ ਗੁਰਮਤਿ ਸਿਧਾਂਤਾਂ ਨੂੰ ਸਮਝ ਸਕਣਗੇ। ਉਨ੍ਹਾਂ ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਨੂੰ ਟਾਕਾਨਿਨੀ ਗੁਰਦੁਆਰਾ ਸਾਹਿਬ ਦੇ ਮਾਡਲ ਤੋਂ ਸੇਧ ਲੈਣ ਦੀ ਅਪੀਲ ਕੀਤੀ। ਜਥੇਦਾਰ ਨੇ ਉੱਥੇ ਬਣੇ 'ਸਿੱਖ ਸਪੋਰਟਸ ਕੰਪਲੈਕਸ' ਦਾ ਦੌਰਾ ਵੀ ਕੀਤਾ, ਜਿੱਥੇ ਹਾਕੀ, ਫੁੱਟਬਾਲ, ਕਬੱਡੀ ਅਤੇ ਕ੍ਰਿਕਟ ਸਮੇਤ ਕਈ ਖੇਡਾਂ ਦੀਆਂ ਆਧੁਨਿਕ ਸਹੂਲਤਾਂ ਮੌਜੂਦ ਹਨ। ਇਸ ਮੌਕੇ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸਕੂਲ ਬੋਰਡ ਦੇ ਪ੍ਰਧਾਨ ਮਨਦੀਪ ਕੌਰ, ਪ੍ਰਿੰਸੀਪਲ ਜਸਬੀਰ ਕੌਰ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਨਾਨਕਸ਼ਾਹੀ ਕੈਲੰਡਰ ਲਈ ਮਤੇ ਪਾਉਣ ਦਾ ਸੱਦਾ



ਸਮਾਣਾ : ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸਾਬਕਾ ਗ੍ਰੰਥੀ ਦਰਬਾਰ ਸਾਹਿਬ ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਪੰਥ ਦੀ ਇਕ ਰਾਏ ਬਣਾਉਣ ਬਾਰੇ ਗੁਰਦੁਆਰਾ ਯਾਦਗਾਰ ਅਨਾਮ ਸਿੰਘ ਸ਼ਹੀਦਾਂ ਪਿੰਡ ਢੈਂਠਲ ਵਿੱਚ ਵਿਚਾਰ-ਚਰਚਾ ਕਰਵਾਈ ਗਈ। ਇਸ ਦੌਰਾਨ ਕਿਰਪਾਲ ਸਿੰਘ ਬਠਿੰਡਾ, ਸਰਬਜੀਤ ਸਿੰਘ, ਡਾ. ਖੁਸ਼ਹਾਲ ਸਿੰਘ ਚੰਡੀਗੜ੍ਹ ਅਤੇ ਸਾਬਕਾ ਲੋਕ ਸਭਾ ਮੈਂਬਰ ਅਤਿੰਦਰਪਾਲ ਸਿੰਘ ਸਣੇ ਅੱਧੀ ਦਰਜਨ ਸਿੱਖ ਵਿਦਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਲਈ ਨਾਨਕਸ਼ਾਹੀ ਕੈਲੰਡਰ ਬਿਨਾਂ ਦੇਰੀ ਤੋਂ ਲਾਗੂ ਕੀਤਾ ਜਾਵੇ। ਅਤਿੰਦਰਪਾਲ ਸਿੰਘ ਨੇ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਲਾਗੂ ਅਤੇ ਪ੍ਰਵਾਨ ਕਰ ਚੁੱਕੇ ਹਨ, ਪਰ ਬਾਅਦ ਵਿੱਚ ਵਾਪਸ ਲੈ ਲਿਆ ਗਿਆ। ਕੈਲੰਡਰ ਨੂੰ ਵਾਪਸ ਲੈਣ ਸਮੇਂ ਸੰਗਤ ਨੂੰ ਭਰੋਸਾ ਦਿੱਤਾ ਸੀ ਕਿ ਸਰਬ ਸਾਂਝੀ ਰਾਏ ਬਣਾ ਕੇ ਨਾਨਕਸ਼ਾਹੀ ਕੈਲੰਡਰ ਫਿਰ ਲਾਗੂ ਕੀਤਾ ਜਾਵੇਗਾ ਪਰ 10 ਸਾਲ ਬਾਅਦ ਵੀ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਸਾਹਿਬ ਨੇ ਇਸ ਸਬੰਧ ਵਿਚ ਕੁਝ ਨਹੀਂ ਕੀਤਾ। ਉਹ 2023 ਤੋਂ ਲਗਾਤਾਰ ਹਰ ਹਫ਼ਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਨੂੰ ਲਿਖਦੇ ਆ ਰਹੇ ਹਨ ਪਰ ਕਦੇ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਲਾਗੂ ਕਰਵਾਉਣ ਲਈ ਵੱਧ ਤੋਂ ਵੱਧ ਸਮਾਗਮ ਕੀਤੇ ਜਾਣ ਅਤੇ ਗੁਰੂ ਘਰਾਂ ਤੋਂ ਮਤੇ ਪਾਸ ਕੀਤੇ ਜਾਣ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਚੁਣੀ ਹੋਈ ਸੰਸਥਾ ਹੈ। ਸੰਵਾਦ ਵਿਚ ਬੀਬੀ ਮਨਦੀਪ ਕੌਰ ਮੁਹਾਲੀ, ਸੁਰਿੰਦਰ ਸਿੰਘ ਚੰਡੀਗੜ੍ਹ, ਇੰਜ. ਓਂਕਾਰ ਸਿੰਘ, ਸਵਰਨਜੀਤ ਸਿੰਘ, ਮਨਜੀਤ ਸਿੰਘ ਪਟਿਆਲਾ, ਗਿਆਨ ਸਿੰਘ ਤੇ ਭਰਪੂਰ ਸਿੰਘ ਪਟਿਆਲਾ ਆਦਿ ਸਿੱਖ ਸਿੱਖ ਹਸਤੀਆਂ ਨੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਜੰਮੂ, ਚੰਡੀਗੜ੍ਹ, ਤਰਨਤਾਰਨ, ਅੰਮ੍ਰਿਤਸਰ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਕੋਨਿਆਂ 'ਚੋਂ ਅਨੇਕ ਵਿਦਵਾਨ ਹਾਜ਼ਰ ਸਨ।

# ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਸਬੰਧੀ ਕੱਢੀ ਚੇਤਨਾ ਰੈਲੀ, ਦਲਿਤ ਵਰਗ ਹੱਕਾਂ ਪ੍ਰਤੀ ਹੋਣ ਜਾਗ੍ਰਿਤ : ਸੁਰਿੰਦਰ ਜਾਜਾ



ਵਿਸ਼ਾਲ ਚੇਤਨਾ ਰੈਲੀ ਕੱਢਦੇ ਹਜ਼ਾਰਾਂ ਭਾਵਾਧਸ ਵਰਕਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗਰੀਬਾਂ, ਦਲਿਤ ਵਰਗਾਂ ਅਤੇ ਪਿਛੜੀਆਂ ਜਾਤੀਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਤੋਂ ਇਲਾਵਾ ਬਾਬਾ ਸਾਹਿਬ ਜੀ ਦੇ ਬੁੱਤਾਂ ਦੀ ਭੰਨ ਤੋੜ ਕਰਨ ਵਾਲਿਆਂ ਨੂੰ ਅਜੇ ਤੱਕ ਨਕੇਲ ਨਾ ਪਾ ਸਕਣ ਵਾਲੀ ਕੁੰਭਕਰਨੀ ਨੀਂਦੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪਵਿੱਤਰ ਜਨਮ ਦਿਹਾੜੇ ਨੂੰ ਸਮਰਪਿਤ ਭਾਰਤੀਆ ਵਾਲਮੀਕਿ ਧਰਮ ਸਮਾਜ ਦੇ ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਚੇਤਨਾ ਰੈਲੀ ਕੱਢੀ ਗਈ।

ਇਸ ਵਿਸ਼ਾਲ ਮੋਟਰਸਾਈਕਲ ਚੇਤਨਾ ਰੈਲੀ ਵਿੱਚ ਸਾਬਕਾ ਕੇਂਦਰੀ ਮੰਤਰੀ ਭਾਜਪਾ ਨੇਤਾ ਸੋਮ ਪ੍ਰਕਾਸ਼, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਸਮਾਜ ਸੇਵੀ ਸਤਪਾਲ ਸਿੰਘ ਮੁਲਤਾਨੀ, ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ, ਰਾਜੂ ਖੋਸਲਾ, ਗੁੱਡੂ ਮਰਵਾਹਾ, ਸੁਰਜੀਤ ਲਾਲ ਪਾਲ, ਵਿਕਾਸ ਜਸਰਾ, ਆਕਾਸ਼ ਰਾਣਾ, ਵੀਨੂੰ ਪੰਡਿਤ, ਸਰਬਜੀਤ ਮੋਮੀ, ਰਾਜ ਅਹੀਆਪੁਰ, ਰਾਜਨ ਮਲਹੋਤਰਾ, ਸੰਜੀਵ ਸਿਆਲ, ਅਮਨਦੀਪ ਰੂਬਲ, ਸੁਨੀਲ ਜਾਜਾ, ਵਿਜੇ ਮੱਟੂ, ਬੌਬੀ ਰਾਜਪੁਰ, ਸੁਰਜੀਤ ਰਾਜਾ, ਮੋਹਿਤ ਧੀਰ, ਪਰਮਜੀਤ ਬਾਬੂ, ਬਲਵੀਰ ਸਿੰਘ ਸੋਢੀ, ਰਮਨ ਸਾਬੀ, ਰਾਜ ਕੁਮਾਰ ਅਤੇ ਅਮਰਜੀਤ ਸਿੰਘ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਸਾਰਿਆਂ ਨੂੰ ਵਧਾਈਆਂ ਦਿੱਤੀਆਂ।

ਹਾਜ਼ਿਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਦੀ ਜੀਵਨੀ ਤੇ ਰੌਸ਼ਨੀ ਪਾਈ। ਸੁਰਿੰਦਰ ਜਾਜਾ ਨੇ ਕਿਹਾ ਕਿ ਭਾਰਤ ਸੰਵਿਧਾਨ ਦੇ ਨਿਰਮਾਤਾ ਅਤੇ ਦਲਿਤ ਵਰਗਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਪਿਛੜੀਆਂ ਜਾਤੀਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਆਪਣਾ ਸਾਰਾ ਜੀਵਨ ਦੇਸ਼ ਕੌਮ ਦੀ ਸੇਵਾ ਨੂੰ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੀਆਂ ਕਈ ਅਜਿਹੀਆਂ ਵੰਡ ਪਊ ਤਾਕਤਾਂ ਹਨ ਜੋ ਬਾਬਾ ਸਾਹਿਬ ਜੀ ਦੇ ਬੁੱਤਾਂ ਦੀ ਭੰਨ-ਤੋੜ ਕਰਕੇ ਦਲਿਤ ਵਰਗ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀਆਂ ਹਨ, ਪਰ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਅਜਿਹੀਆਂ ਤਾਕਤਾਂ ਨੂੰ ਅੱਜ ਤੱਕ ਨਕੇਲ ਪਾਉਣ ਵਿੱਚ ਅਸਫ਼ਲ ਰਹੀ ਹੈ ਜਿਸ ਕਾਰਨ ਅੱਜ ਇਹ ਵਿਸ਼ਾਲ ਚੇਤਨਾ ਰੈਲੀ ਕੱਢੀ ਜਾ ਰਹੀ ਹੈ ਤਾਂ ਜੋ ਕੁੰਭਕਰਨੀ ਨੀਂਦੇ ਸੁੱਤੀ ਪਈ ਸਰਕਾਰ ਨੂੰ ਜਗਾਇਆਂ ਜਾ ਸਕੇ।

ਉਨ੍ਹਾਂ ਕਿਹਾ ਕਿ ਅੱਜ ਦੀ ਇਸ ਵਿਸ਼ਾਲ ਚੇਤਨਾ ਰੈਲੀ ਦਾ ਅਸਲ ਮਕਸਦ ਹੀ ਇਹ ਹੈ ਕਿ ਦਲਿਤ ਵਰਗ ਅਤੇ ਪਿਛੜੀਆਂ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਕਰਨਾ ਹੈ ਤਾਂ ਜੋ ਉਹ ਆਪਣੇ ਅਧਿਕਾਰਾਂ ਦੀ ਖੁਦ ਰਾਖੀ ਕਰ ਸਕਣ। ਇਹ ਵਿਸ਼ਾਲ ਮੋਟਰਸਾਈਕਲ ਚੇਤਨਾ ਰੈਲੀ ਸ਼ਿਮਲਾ ਪਹਾੜੀ ਤੋਂ ਚੱਲ ਕੇ ਉੜਮੁੜ ਬਾਜ਼ਾਰ, ਬਾਬਾ ਬੂਟਾ ਭਗਤ ਚੌਂਕ, ਥਾਣਾ ਚੌਂਕ, ਰੇਲਵੇ ਚੌਂਕ, ਸ਼ਹੀਦ ਭਗਤ ਸਿੰਘ ਚੌਂਕ ਅਤੇ ਸਰਕਾਰੀ ਹਸਪਤਾਲ ਚੌਂਕ ਤੋਂ ਹੁੰਦੀ ਹੋਈ ਮੁੜ ਸ਼ਿਮਲਾ ਪਹਾੜੀ ਪਹੁੰਚ ਕੇ ਸੰਪੰਨ ਹੋਈ। ਇਸ ਮੌਕੇ ਤੇ ਰੈਲੀ ਦੇ ਸੰਚਾਲਕ ਸੁਰਿੰਦਰ ਜਾਜਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਚੇਤਨਾ ਰੈਲੀ ਵਿੱਚ ਸ਼ਾਮਿਲ ਹੋਏ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਉਨ੍ਹਾਂ ਨੂੰ ਸਰੋਪੇ ਅਤੇ ਬਾਬਾ ਸਾਹਿਬ ਜੀ ਦੀ ਫੋਟੋ ਦੇਕੇ ਸਨਮਾਨਿਤ ਕੀਤਾ।

# ਬੇਅਦਬੀਆਂ ਦੇ ਮਾਮਲਿਆਂ 'ਤੇ ਸਖ਼ਤ ਕਾਨੂੰਨ: ਪੰਜਾਬ ਸਰਕਾਰ ਦਾ ਇਤਿਹਾਸਕ ਫੈਸਲਾ : ਰਜਿੰਦਰ ਮਾਰਸ਼ਲ

## ਡੀ.ਐਸ.ਪੀ. ਰੈਂਕ ਤੋਂ ਉਪਰ ਦੇ ਅਧਿਕਾਰੀ ਕਰਨਗੇ ਜਾਂਚ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਵਿੱਚ ਧਾਰਮਿਕ ਗ੍ਰੰਥਾਂ ਅਤੇ ਅਸਥਾਨਾਂ ਦੀ ਬੇਅਦਬੀ ਦੇ ਵੱਧ ਰਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਨੇ ਇੱਕ ਇਤਿਹਾਸਕ ਫੈਸਲਾ ਕਰਦਿਆਂ ਸਖ਼ਤ ਕਾਨੂੰਨ ਲਾਗੂ ਕਰਨ ਵੱਲ ਢੁਕਵਾਂ ਕਦਮ ਚੁੱਕਿਆ ਹੈ। ਪਿਛਲੇ ਕੁਝ ਸਾਲਾਂ ਦੌਰਾਨ ਵੱਖ-ਵੱਖ ਥਾਵਾਂ 'ਤੇ ਸਾਹਮਣੇ ਆਏ ਬੇਅਦਬੀ ਦੇ ਮਾਮਲਿਆਂ ਨੇ ਸੂਬੇ ਦੀ ਅਮਨ-ਸ਼ਾਂਤੀ ਅਤੇ ਧਾਰਮਿਕ ਸਾਂਝ 'ਤੇ ਸਵਾਲ ਖੜੇ ਕੀਤੇ ਸਨ, ਜਿਸ ਕਾਰਨ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਸੀ। ਸਰਕਾਰ ਦੇ ਇਸ ਫੈਸਲੇ ਨੂੰ ਸੂਬੇ ਦੇ ਹਰ ਵਰਗ ਵੱਲੋਂ ਵੱਡੀ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ। ਧਾਰਮਿਕ ਆਗੂਆਂ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਵੱਲੋਂ ਇਸਨੂੰ ਇੱਕ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਦਾ ਹੱਲ ਮੰਨਿਆ ਜਾ ਰਿਹਾ ਹੈ। ਲੋਕਾਂ ਦਾ ਮੰਨਣਾ ਹੈ ਕਿ ਇਸ ਕਾਨੂੰਨ ਨਾਲ ਨਾ ਸਿਰਫ਼ ਦੋਸ਼ੀਆਂ ਨੂੰ ਕੜੀ ਸਜ਼ਾ ਮਿਲੇਗੀ, ਸਗੋਂ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਵੀ ਰੋਕ ਲੱਗੇਗੀ।



ਇਸ ਸਬੰਧੀ ਆਪਣੀ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲਾ ਪਰਿਸ਼ਦ ਮੈਂਬਰ ਅਤੇ ਸਮਾਜਿਕ ਆਗੂ ਰਜਿੰਦਰ ਮਾਰਸ਼ਲ ਨੇ ਕਿਹਾ ਕਿ ਬੇਅਦਬੀ ਦੇ ਮਾਮਲੇ ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰੇ ਲਈ ਇੱਕ ਵੱਡੀ ਚੁਣੌਤੀ ਬਣੇ ਹੋਏ ਸਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਕਾਰਨ ਕਈ ਵਾਰ ਤਣਾਅਪੂਰਨ ਹਾਲਾਤ ਬਣ ਜਾਂਦੇ ਸਨ, ਜਿਸ ਨਾਲ ਸਮਾਜਿਕ ਇਕਤਾ ਨੂੰ ਨੁਕਸਾਨ ਪਹੁੰਚਦਾ ਸੀ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਦੇਰ ਨਾਲ ਸਹੀ ਪਰ ਬਹੁਤ ਹੀ ਲਾਜ਼ਮੀ ਅਤੇ ਸਮੇਂ ਦੀ ਮੰਗ ਸੀ। ਇਸ ਨਾਲ ਲੋਕਾਂ ਵਿੱਚ ਵਿਸ਼ਵਾਸ ਪੈਦਾ ਹੋਵੇਗਾ ਕਿ ਸਰਕਾਰ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਰਜਿੰਦਰ ਮਾਰਸ਼ਲ ਨੇ ਹੋਰ ਕਿਹਾ ਕਿ ਇਸ ਨਵੇਂ ਕਾਨੂੰਨ ਦੇ ਤਹਿਤ ਦੋਸ਼ੀਆਂ ਲਈ ਕੜੀਆਂ ਤੋਂ ਕੜੀਆਂ ਸਜ਼ਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਨਾਲ ਕੋਈ ਵੀ ਵਿਅਕਤੀ ਧਾਰਮਿਕ ਗ੍ਰੰਥਾਂ ਜਾਂ ਅਸਥਾਨਾਂ ਨਾਲ ਖਿਲਵਾੜ ਕਰਨ ਦੀ ਹਿੰਮਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਕਾਨੂੰਨ ਦੇ ਸਖ਼ਤ ਹੋਣ ਨਾਲ ਕਾਨੂੰਨ-ਵਿਵਸਥਾ ਹੋਰ ਮਜ਼ਬੂਤ ਹੋਵੇਗੀ ਅਤੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਵਧੇਗੀ। ਉਨ੍ਹਾਂ ਸਮਾਜ ਦੇ ਹਰ ਵਰਗ ਨੂੰ ਅਪੀਲ ਕੀਤੀ ਕਿ ਉਹ ਆਪਸੀ ਭਾਈਚਾਰੇ ਅਤੇ ਸਾਂਝ ਨੂੰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਕਿਸੇ ਵੀ ਤਰ੍ਹਾਂ ਦੀ ਅਫਵਾਹ ਜਾਂ ਗਲਤ ਜਾਣਕਾਰੀ ਤੋਂ ਬਚਣ। ਉਨ੍ਹਾਂ ਕਿਹਾ ਕਿ ਅਮਨ ਅਤੇ ਤਰੱਕੀ ਲਈ ਸਮਾਜਕ ਇਕਤਾ ਬਹੁਤ ਜ਼ਰੂਰੀ ਹੈ। ਸੂਬੇ ਦੇ ਵੱਖ-ਵੱਖ ਵਰਗਾਂ ਵੱਲੋਂ ਇਸ ਫੈਸਲੇ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਉਮੀਦ ਹੈ ਕਿ ਇਸ ਨਾਲ ਪੰਜਾਬ ਵਿੱਚ ਧਾਰਮਿਕ ਸਾਂਝ, ਭਾਈਚਾਰਾ ਅਤੇ ਕਾਨੂੰਨ-ਵਿਵਸਥਾ ਹੋਰ ਮਜ਼ਬੂਤ ਹੋਵੇਗੀ।

# ਦੁਨੀਆ 'ਇਤਿਹਾਸ ਵਿਚ ਸਭ ਤੋਂ ਵੱਡੇ ਊਰਜਾ ਸੁਰੱਖਿਆ ਖ਼ਤਰੇ' ਦਾ ਸਾਹਮਣਾ ਕਰ ਰਹੀ : ਫ਼ਤਹਿ ਬਿਰੋਲ

ਸਿੰਗਾਪੁਰ ਸ਼ਹਿਰ : ਅੰਤਰਰਾਸ਼ਟਰੀ ਊਰਜਾ ਏਜੰਸੀ ਨੇ ਗਲੋਬਲ ਊਰਜਾ ਦ੍ਰਿਸ਼ ਦੇ ਸੰਬੰਧ ਵਿਚ ਇਕ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਇਸਦੇ ਮੁਖੀ ਨੇ ਕਿਹਾ ਹੈ ਕਿ ਦੁਨੀਆ ਇਸ ਸਮੇਂ 'ਇਤਿਹਾਸ ਵਿਚ ਸਭ ਤੋਂ ਵੱਡੇ ਊਰਜਾ ਸੁਰੱਖਿਆ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ । ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਕਾਰਜਕਾਰੀ ਨਿਰਦੇਸ਼ਕ ਫ਼ਤਹਿ ਬਿਰੋਲ ਨੇ ਖ਼ੁਲਾਸਾ ਕੀਤਾ ਕਿ ਵਿਸ਼ਵ ਬਾਜ਼ਾਰ ਨੇ ਅੱਜ ਤੱਕ 'ਮਹੱਤਵਪੂਰਨ ਵਸਤੂਆਂ ਵਿਚ ਵੱਡੇ ਵਿਘਨ' ਦੇ ਨਾਲ-ਨਾਲ '13 ਮਿਲੀਅਨ ਬੈਰਲ ਪ੍ਰਤੀ ਦਿਨ ਤੇਲ ਗੁਆ ਦਿੱਤਾ ਹੈ'।



ਸਿੰਗਾਪੁਰ ਵਿਚ ਇਕ ਉਦਯੋਗ ਸਮਾਗਮ ਵਿਚ ਵਰਚੁਅਲ ਤੌਰ 'ਤੇ ਬੋਲਦੇ ਹੋਏ, ਬਿਰੋਲ ਨੇ ਆਪਣੀਆਂ ਪਹਿਲਾਂ ਦੀਆਂ ਚਿੰਤਾਵਾਂ ਨੂੰ ਦੁਹਰਾਇਆ ਕਿ ਈਰਾਨ ਨਾਲ ਚੱਲ ਰਿਹਾ ਟਕਰਾਅ ਅਤੇ ਹੋਰਮੁਜ਼ ਜਲਡਮਰੂ ਦੇ ਨਿਰੰਤਰ ਬੰਦ ਹੋਣ ਨਾਲ 'ਸਾਡੇ ਦੁਆਰਾ ਸਾਹਮਣਾ ਕੀਤੇ ਗਏ ਸਭ ਤੋਂ ਵੱਡੇ ਊਰਜਾ ਸੰਕਟ' ਦਾ ਨਤੀਜਾ ਹੋਵੇਗਾ। ਇਨ੍ਹਾਂ ਚੁਣੌਤੀਆਂ ਦੇ ਮੱਦੇਨਜ਼ਰ, ਉਨ੍ਹਾਂ ਨੇ ਰਾਸ਼ਟਰੀ ਸਰਕਾਰਾਂ ਨੂੰ ਵਿਕਲਪਕ ਊਰਜਾ ਸਰੋਤਾਂ ਨੂੰ ਤਰਜੀਹ ਦੇ ਕੇ ਆਪਣੀ ਆਰਥਿਕ ਲਚਕਤਾ ਵਧਾਉਣ ਦੀ ਅਪੀਲ ਕੀਤੀ। ਆਈ.ਈ.ਏ. ਮੁਖੀ ਉਮੀਦ ਕਰਦੇ ਹਨ ਕਿ ਇਹ ਸੰਕਟ ਵੱਖ-ਵੱਖ ਬਿਜਲੀ ਖੇਤਰਾਂ ਵਿਚ ਤਬਦੀਲੀ ਨੂੰ ਕਾਫ਼ੀ ਤੇਜ਼ ਕਰੇਗਾ।

# ਮਾਊਂਟ ਅਮਾ ਡਬਲਾਮ ਫ਼ਤਿਹ ਕਰਨ ਵਾਲੀ ਪਹਿਲੀ ਪੰਜਾਬਣ ਬਣੀ ਸੁੱਖੀ ਬੱਲ

## ਪਟਿਆਲਾ ਜ਼ਿਲ੍ਹੇ ਦੇ ਪਿੰਡ ਚਹਿਲ ਦੀ ਜੰਮਪਲ ਹੈ ਸੁਖਵੀਰ ਕੌਰ



ਪਟਿਆਲਾ : ਆਸਟਰੇਲੀਆ ਦੇ ਸਿਡਨੀ ਵਿਚ ਰਹਿ ਰਹੀ ਪਟਿਆਲਾ ਜ਼ਿਲ੍ਹੇ ਦੇ ਪਿੰਡ ਚਹਿਲ ਦੀ ਜੰਮਪਲ ਸੁਖਵੀਰ ਕੌਰ ਉਰਫ਼ ਸੁੱਖੀ ਬੱਲ ਨੇ ਪੂਰਬੀ ਨੇਪਾਲ ਦੀ ਹਿਮਾਲੀਅਨ ਰੇਂਜ ਵਿਚ ਸਥਿਤ ਅਮਾ ਡਬਲਾਮ ਚੋਟੀ ਨੂੰ ਫ਼ਤਿਹ ਕੀਤਾ ਹੈ ਤੇ ਅਜਿਹਾ ਕਰ ਕੇ ਉਸ ਨੇ ਮਾਊਂਟ ਅਮਾ ਡਬਲਾਮ ਸਰ ਕਰਨ ਵਾਲੀ ਪਹਿਲੀ ਪੰਜਾਬਣ ਤੇ ਦੇਸ਼ ਦੀ 6ਵੀਂ ਕੁੜੀ ਹੋਣ ਦਾ ਮਾਣ ਹਾਸਲ ਕੀਤਾ ਹੈ।

ਉੱਘੀ ਅਥਲੀਟ ਤੇ ਥਿਏਟਰ ਅਦਾਕਾਰਾ ਸੁੱਖੀ ਬੱਲ ਨੇ ਮਾਊਂਟ ਅਮਾ ਡਬਲਾਮ ਵਿਚ 6812 ਮੀਟਰ ਅਤੇ 22350 ਫ਼ੁਟ ਦੀ ਸਿੱਧੀ ਚੜ੍ਹਾਈ ਚੜ੍ਹਨ ਦਾ ਇਹ ਕਾਰਨਾਮਾ ਬੀਤੀ 15 ਅਪ੍ਰੈਲ 2026 ਨੂੰ ਕਰ ਕੇ ਦਿਖਾਇਆ ਹੈ ਜਿਥੇ ਉਸ ਦੇ ਗਾਈਡ ਸਾਂਗੇ ਸ਼ੇਰਪਾ ਦੀ ਟੀਮ ਨੇ ਉਸ ਦੀ ਮਦਦ ਕੀਤੀ ਤੇ ਇਸ ਪੂਰੀ ਚੜ੍ਹਾਈ ਲਈ 21 ਦਿਨ ਦੇ ਕਰੀਬ ਵਕਤ ਲੱਗਿਆ।

ਅਮਾ ਡਬਲਾਮ ਚੋਟੀ ਉਤੇ ਚਿੱਟੀ ਚੁੰਨੀ ਲਹਿਰਾ ਕੇ ਸੁੱਖੀ ਬੱਲ ਨੇ ਕਿਹਾ ਕਿ,"ਇਹ ਚੁੰਨੀ ਮੇਰੇ ਪੰਜਾਬ ਦੀ ਨਿਸ਼ਾਨੀ ਹੈ। ਮੇਰੇ ਪੰਜਾਬ ਲਈ, ਮੇਰੀ ਪੰਜਾਬੀਅਤ ਲਈ ਤੇ ਸਾਰੀਆਂ ਦੁਨੀਆਂ ਦੀਆਂ ਔਰਤਾਂ ਲਈ ਮੈਂ ਇਹ ਚੋਟੀ ਸਰ ਕੀਤੀ ਹੈ। ਮੈਂ ਪੰਜਾਬ ਵਿਚ ਜੰਮੀ, ਪੰਜਾਬ ਨੂੰ ਬਲੌਂਗ ਕਰਦੀ, ਮੇਰਾ ਦਿਲ ਹਮੇਸ਼ਾ ਪੰਜਾਬ ਵਿਚ ਰਹੂਗਾ, ਮੈਂ ਜਿੱਥੇ ਮਰਜ਼ੀ ਵਸਦੀ ਰਹਾਂ। ਚਿੱਟੀ ਬਰਫ਼ ਵਿਚ ਲਹਿਰਾਈ ਇਹ ਚਿੱਟੀ ਚੁੰਨੀ ਸਾਰੀ ਦੁਨੀਆਂ ਲਈ ਸਾਂਤੀ ਦਾ ਪ੍ਰਤੀਕ ਹੈ।"

# ਲਿਬਨਾਨ ਵਿਚ ਇਜ਼ਰਾਈਲੀ ਫ਼ੌਜੀ ਵਲੋਂ ਹਜ਼ਰਤ ਈਸਾ ਮਸੀਹ ਦੀ ਮੂਰਤੀ ਦੀ ਬੇਅਦਬੀ

## ਦੁਨੀਆਂ ਭਰ ਵਿਚ ਰੋਸ ਦੀ ਲਹਿਰ

ਬੇਰੂਤ/ਯੇਰੂਸ਼ਲਮ : ਦਖਣੀ ਲਿਬਨਾਨ ਦੇ ਇਕ ਈਸਾਈ ਬਹੁਗਿਣਤੀ ਵਾਲੇ ਪਿੰਡ ਡੇਬਲ ਵਿਚ ਇਕ ਇਜ਼ਰਾਈਲੀ ਫ਼ੌਜੀ (ਆਈ.ਡੀ.ਐਫ਼.) ਵਲੋਂ ਹਜ਼ਰਤ ਈਸਾ ਮਸੀਹ ਦੀ ਮੂਰਤੀ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਇਕ



ਤਸਵੀਰ ਵਿਚ ਇਕ ਇਜ਼ਰਾਈਲੀ ਸਿਪਾਹੀ ਨੂੰ ਹਥੌੜੇ ਨਾਲ ਸਲੀਬ ਤੋਂ ਡਿੱਗੀ ਹੋਈ ਮੂਰਤੀ ਉਤੇ ਵਾਰ ਕਰਦੇ ਹੋਏ ਵੇਖਿਆ ਗਿਆ ਹੈ। ਇਸ ਘਟਨਾ ਨੇ ਜਿੱਥੇ ਲਿਬਨਾਨ ਦੇ ਈਸਾਈ ਭਾਈਚਾਰੇ ਵਿਚ ਭਾਰੀ ਗੁੱਸਾ ਪੈਦਾ ਕਰ ਦਿਤਾ ਹੈ, ਉੱਥੇ ਹੀ ਕੌਮਾਂਤਰੀ ਪੱਧਰ ਉਤੇ ਇਜ਼ਰਾਈਲ ਦੀ ਆਲੋਚਨਾ ਹੋ ਰਹੀ ਹੈ। ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਸੋਸ਼ਲ ਮੀਡੀਆ ਉਤੇ ਲਿਖਿਆ, "ਇਜ਼ਰਾਈਲ ਮੱਧ ਪੂਰਬ ਵਿਚ ਅਜਿਹੀ ਇਕਲੌਤੀ ਥਾਂ ਹੈ ਜਿੱਥੇ ਸਾਰਿਆਂ ਲਈ ਪੂਜਾ ਦੀ ਆਜ਼ਾਦੀ ਹੈ। ਅਸੀਂ ਇਸ ਘਟਨਾ ਅਤੇ ਇਸ ਨਾਲ ਦੁਨੀਆਂ ਭਰ ਦੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਪਹੁੰਚੀ ਠੇਸ ਲਈ ਅਫਸੋਸ ਪ੍ਰਗਟ ਕਰਦੇ ਹਾਂ।" ਇਜ਼ਰਾਈਲ ਦੇ ਵਿਦੇਸ਼ ਮੰਤਰੀ ਗਿਡੀਓਨ ਸਾਰ ਨੇ ਵੀ ਇਸ ਨੂੰ "ਸ਼ਰਮਨਾਕ" ਦੱਸਦਿਆਂ ਕਿਹਾ ਕਿ ਦੋਸ਼ੀ ਫ਼ੌਜੀ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਜ਼ਰਾਈਲੀ ਰੱਖਿਆ ਬਲਾਂ (ਆਈ.ਡੀ.ਐਫ਼.) ਨੇ ਵੀ ਤਸਵੀਰ ਦੀ ਪੁਸ਼ਟੀ ਕੀਤੀ ਹੈ ਅਤੇ ਮੰਨਿਆ ਹੈ ਕਿ ਇਹ ਫ਼ੌਜੀ ਦਾ ਵਿਵਹਾਰ ਫ਼ੌਜ ਦੇ ਨੈਤਿਕ ਮੁੱਲਾਂ ਦੇ ਵਿਰੁਧ ਹੈ।

ਇਸ ਘਟਨਾ ਨੇ ਇਜ਼ਰਾਈਲ ਦੇ ਸੱਭ ਤੋਂ ਕਰੀਬੀ ਸਹਿਯੋਗੀ ਅਮਰੀਕਾ ਨੂੰ ਵੀ ਹੈਰਾਨ ਕਰ ਦਿਤਾ ਹੈ। ਇਜ਼ਰਾਈਲ ਵਿਚ ਅਮਰੀਕੀ ਰਾਜਦੂਤ ਮਾਈਕ ਹਕਾਬੀ ਨੇ ਇਸ ਕਾਰੇ ਨੂੰ ਨਾ-ਮਾਫ਼ੀਯੋਗ ਦੱਸਿਆ । ਉਨ੍ਹਾਂ ਕਿਹਾ, "ਇਹ ਕਾਰਵਾਈ ਇਜ਼ਰਾਈਲ ਸਰਕਾਰ ਜਾਂ ਆਈ.ਡੀ.ਐਫ਼. ਦੀ ਨੁਮਾਇੰਦਗੀ ਨਹੀਂ ਕਰਦੀ। ਇਸ ਦੇ ਗੰਭੀਰ ਅਤੇ ਜਨਤਕ ਸਿੱਟੇ ਨਿਕਲਣੇ ਚਾਹੀਦੇ ਹਨ।"

ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਇਜ਼ਰਾਈਲ ਅਤੇ ਲਿਬਨਾਨ ਵਿਚਕਾਰ 16 ਅਪ੍ਰੈਲ ਤੋਂ 10 ਦਿਨਾਂ ਦੀ ਜੰਗਬੰਦੀ ਲਾਗੂ ਹੈ। ਹਾਲਾਂਕਿ, ਇਜ਼ਰਾਈਲ ਨੇ ਅਜੇ ਵੀ ਅਪਣੇ ਫ਼ੌਜੀ ਦਖਣੀ ਲਿਬਨਾਨ ਵਿਚ ਤਾਇਨਾਤ ਰੱਖੇ ਹੋਏ ਹਨ ਅਤੇ ਨਾਗਰਿਕਾਂ ਨੂੰ ਕੁੱਝ ਖ਼ਾਸ ਇਲਾਕਿਆਂ ਵਿਚ ਨਾ ਜਾਣ ਦੀ ਚੇਤਾਵਨੀ ਦਿਤੀ ਹੈ। ਇਸ ਬੇਅਦਬੀ ਦੀ ਘਟਨਾ ਨੇ ਜੰਗਬੰਦੀ ਦੀਆਂ ਕੋਸ਼ਿਸ਼ਾਂ ਅਤੇ ਇਲਾਕੇ ਦੇ ਧਾਰਮਕ ਸਦਭਾਵਨਾ ਨੂੰ ਵੱਡੀ ਸੱਟ ਮਾਰੀ ਹੈ।

# ਮੁੱਖ ਮੰਤਰੀ ਸਿਹਤ ਯੋਜਨਾ ਬਣੀ ਔਖੇ ਸਮੇਂ ਦਾ ਸਹਾਰਾ, ਪਟਿਆਲਾ ਦੇ ਡਰਾਈਵਰ ਦੀ ਮਾਂ ਨੇ ਕੈਂਸਰ ਨੂੰ ਹਰਾਇਆ

## ਸਕੀਮ ਅਧੀਨ ਕਵਰ ਕੀਤਾ ਗਿਆ 8 ਲੱਖ ਰੁਪਏ ਤੋਂ ਵੱਧ ਦਾ ਇਲਾਜ

ਪਟਿਆਲਾ : ਪਟਿਆਲਾ ਦੇ ਰਹਿਣ ਵਾਲੇ ਗੁਰਪਿੰਦਰ ਜੀਤ ਸਿੰਘ ਦੀ ਜ਼ਿੰਦਗੀ ਪੰਜ ਮਹੀਨੇ ਪਹਿਲਾਂ ਅਚਾਨਕ ਅਜਿਹੇ ਮੋੜ 'ਤੇ ਆ ਖੜ੍ਹੀ ਹੋਈ, ਜਿਥੇ ਹਰ ਰਾਹ ਮੁਸ਼ਕਲ ਨਜ਼ਰ ਆਉਣ ਲੱਗਾ ਸੀ। ਉਸ ਦੀ 65 ਸਾਲਾ ਮਾਤਾ ਬਲਜੀਤ ਕੌਰ ਨੇ ਗੰਭੀਰ ਬਿਮਾਰੀ ਕਾਰਨ ਹੌਲੀ-ਹੌਲੀ ਖਾਣਾ-ਪੀਣਾ ਛੱਡ ਦਿਤਾ ਸੀ। ਮਜਬੂਰ ਤੇ ਬੇਬਸ ਪੁੱਤਰ ਲਈ ਇਹ ਸਿਰਫ਼ ਬੀਮਾਰੀ ਨਹੀਂ ਸਗੋਂ ਹਰ ਰੋਜ਼ ਟੁੱਟਦੀਆਂ ਹੋਈਆਂ ਉਮੀਦਾਂ ਦਾ ਦਰਦ ਸੀ। ਗੁਰਪਿੰਦਰ ਜੀਤ ਦੇ ਦੱਸਣ ਮੁਤਾਬਕ ਪਹਿਲਾਂ ਨਿੱਜੀ ਡਾਕਟਰਾਂ ਕੋਲ ਦੌੜ-ਭੱਜ ਕੀਤੀ ਗਈ, ਫਿਰ ਮਾਤਾ ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਰੈਫ਼ਰ ਕਰ ਦਿਤਾ ਗਿਆ। ਦਵਾਈਆਂ ਚੱਲੀਆਂ, ਟੈਸਟ ਹੋਏ, ਪਰ ਹਾਲਤ ਸੁਧਰਨ ਦੀ ਬਜਾਏ ਹੋਰ ਗੰਭੀਰ ਹੋ ਗਈ ਜਦੋਂ ਰਿਪੋਰਟ ਆਈ ਤਾਂ ਜਿਵੇਂ ਅਸਮਾਨ ਹੀ ਢਹਿ ਪਿਆ, ਮਾਂ ਨੂੰ ਬੱਚੇਦਾਨੀ ਦਾ ਕੈਂਸਰ ਸੀ।

ਗੁਰਪਿੰਦਰ ਲਈ ਇਹ ਬਹੁਤ ਔਖੀ ਘੜੀ ਸੀ, ਇਹ ਉਸ ਮਾਂ ਦੀ ਜ਼ਿੰਦਗੀ ਦਾ ਸਵਾਲ ਸੀ, ਉਸ ਨੂੰ ਜਨਮ ਦੇਣ ਅਤੇ ਪਾਲਣ-ਪੋਸ਼ਣ ਵਾਲੀ ਮਾਂ ਅੱਜ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੀ ਸੀ। ਬਿਨਾਂ ਦੇਰ ਕੀਤੇ ਉਹ ਮਾਂ ਨੂੰ ਸੰਗਰੂਰ ਦੇ ਟਾਟਾ ਕੈਂਸਰ ਹਸਪਤਾਲ ਲੈ ਗਿਆ। ਇਲਾਜ ਸ਼ੁਰੂ ਹੋਇਆ, ਪਰ ਪਹਿਲੇ ਹੀ ਝਟਕੇ ਵਿਚ 60 ਹਜ਼ਾਰ ਰੁਪਏ ਤੋਂ ਵੱਧ ਖ਼ਰਚ ਹੋ ਗਏ। ਇਕ ਡਰਾਈਵਰ ਦੀ ਸੀਮਿਤ ਆਮਦਨ ਦੇ ਸਾਹਮਣੇ ਇਹ ਰਕਮ ਪਹਾੜ ਵਰਗੀ ਸੀ। ਗੁਰਪਿੰਦਰ ਦੇ ਮਨ ਵਿਚ ਇਕੋ ਸਵਾਲ ਸੀ "ਮਾਂ ਨੂੰ ਕਿਵੇਂ ਬਚਾਵਾਂ?" ਕਰਜ਼ਾ ਲੈਣ ਦੀ ਨੌਬਤ ਵੀ ਆ ਗਈ ਸੀ।

ਉਦੋਂ, ਜਿਵੇਂ ਹਨੇਰੇ ਵਿਚ ਇਕ ਰੌਸ਼ਨੀ ਦੀ ਕਿਰਨ ਉਸ ਦੇ ਸਾਹਮਣੇ ਆਈ। ਹਸਪਤਾਲ



ਵਿਚ ਉਸ ਨੇ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਪਤਾ ਲੱਗਾ। ਇਲਾਜ ਤੋਂ ਬਾਅਦ ਟਿਊਮਰ ਇਕ ਥਾਂ 'ਤੇ ਸਿਮਟ ਗਿਆ ਅਤੇ ਡਾਕਟਰਾਂ ਨੇ ਲਗਭਗ ਅੱਠ ਘੰਟੇ ਲੰਬਾ ਆਪਰੇਸ਼ਨ ਕਰ ਕੇ ਉਸ ਨੂੰ ਕੱਢ ਦਿਤਾ। 35 ਤੋਂ 40 ਟਾਂਕਿਆਂ ਨਾਲ ਮਾਂ ਨੇ ਦਰਦ ਸਹਿੰਦੇ ਹੋਏ ਵੀ ਜ਼ਿੰਦਗੀ ਦੀ ਡੋਰ ਫੜੀ ਰੱਖੀ।

ਮਾਂ ਆਪਰੇਸ਼ਨ ਤੋਂ ਬਾਅਦ ਦੋ-ਤਿੰਨ ਦਿਨਾਂ ਲਈ ਆਈਸੀਯੂ ਵਿਚ ਅਤੇ ਵੈਂਟੀਲੇਟਰ 'ਤੇ ਰਹੀ, ਫਿਰ ਉਨ੍ਹਾਂ ਨੂੰ ਵਾਰਡ ਵਿਚ ਸ਼ਿਫ਼ਟ ਕਰ ਦਿਤਾ ਗਿਆ। ਗੁਰਪਿੰਦਰ ਹਰ ਵੇਲੇ ਮਾਂ ਦੇ ਕੋਲ ਬੈਠਾ ਰਹਿੰਦਾ, ਕਦੇ ਦਵਾਈ ਦਿੰਦਾ, ਕਦੇ ਸਿਰ ਸਹਿਲਾਉਂਦਾ। ਅੱਠ ਦਿਨ ਹਸਪਤਾਲ ਵਿਚ ਬਿਤਾਉਣ ਤੋਂ ਬਾਅਦ ਜਦੋਂ ਮਾਂ ਦੀ ਹਾਲਤ ਸੁਧਰਨ ਲੱਗੀ, ਤਾਂ ਜਿਵੇਂ ਉਨ੍ਹਾਂ ਦੀ ਦੁਨੀਆਂ ਵਾਪਸ ਆ ਗਈ। 24 ਨਵੰਬਰ 2025 ਤੋਂ ਸ਼ੁਰੂ ਹੋਇਆ ਇਹ ਸਫ਼ਰ ਅਜੇ ਵੀ ਜਾਰੀ ਹੈ। ਅਗਲੇ ਇਲਾਜ ਅਤੇ ਜਾਂਚ ਲਈ ਉਹ ਮੁੱਲਾਂਪੁਰ ਸਥਿਤ ਹਸਪਤਾਲ ਵਿਚ ਫਾਲੋਅਪ ਲਈ ਜਾਣਗੇ। ਕੁੱਝ ਦਵਾਈਆਂ ਜੋ ਹਸਪਤਾਲ ਵਿਚ ਉਪਲਬੱਧ ਨਹੀਂ ਸਨ, ਉਨ੍ਹਾਂ ਦਾ ਖਰਚ ਗੁਰਪਿੰਦਰ ਨੇ ਆਪ ਉਠਾਇਆ, ਪਰ ਬਾਕੀ ਸਾਰਾ ਇਲਾਜ ਯੋਜਨਾ ਅਧੀਨ ਮੁਫ਼ਤ ਹੋਇਆ। ਹਸਪਤਾਲ ਵਿਚ ਗਾਇਨੇਕੋਲੋਜੀ ਦੀ ਡਾ. ਸ਼ਿਵਾਲੀ ਨੇ ਸਰਜਰੀ ਦੇ ਡਾਕਟਰਾਂ ਨਾਲ ਮਿਲ ਕੇ ਆਪਰੇਸ਼ਨ ਕੀਤਾ। ਟਾਟਾ ਮੈਮੋਰੀਅਲ ਦੇ ਡਾਕਟਰਾਂ ਮੁਤਾਬਕ, ਇਸ ਸਰਜਰੀ ਉਤੇ ਦਵਾਈਆਂ ਨੂੰ ਮਿਲਾ ਕੇ ਘੱਟੋ-ਘੱਟ 8 ਤੋਂ 10 ਲੱਖ ਰੁਪਏ ਦਾ ਖ਼ਰਚ ਹੋਇਆ ਹੈ।

ਦੋ ਬੱਚਿਆਂ ਦੇ ਪਿਤਾ ਅਤੇ ਇਕ ਸਾਧਾਰਨ ਡਰਾਈਵਰ ਗੁਰਪਿੰਦਰ ਲਈ ਇਹ ਰਾਹਤ ਸ਼ਬਦਾਂ ਤੋਂ ਪਰੇ ਹੈ। ਉਹ ਕਹਿੰਦਾ ਹੈ, "ਹੁਣ ਸਕੂਨ ਹੈ ਕਿ ਮਾਂ ਬਿਨਾਂ ਇਲਾਜ ਦੇ ਨਹੀਂ ਮਰੇਗੀ, ਸਰਕਾਰ ਨੇ ਸਾਨੂੰ ਉਮੀਦ ਦਿਤੀ ਹੈ।ਇਹ ਸਿਰਫ਼ ਇਲਾਜ ਦੀ ਕਹਾਣੀ ਨਹੀਂ, ਸਗੋਂ ਇਕ ਪੁੱਤਰ ਦੇ ਸੰਘਰਸ਼, ਮਾਂ ਲਈ ਪਿਆਰ ਅਤੇ ਇਕ ਅਜਿਹੀ ਯੋਜਨਾ ਦੀ ਕਹਾਣੀ ਹੈ ਜਿਸ ਨੇ ਮੁਸ਼ਕਲ ਵੇਲੇ ਵਿਚ ਸਹਾਰਾ ਬਣ ਕੇ ਇਕ ਪ੍ਰਵਾਰ ਨੂੰ ਟੁਟਣ ਤੋਂ ਬਚਾ ਲਿਆ।

# ਬਠਿੰਡਾ ਅਨਾਜ ਮੰਡੀਆਂ 'ਚ ਕਣਕ ਦੀ ਖਰੀਦ ਜ਼ੋਰਾਂ 'ਤੇ, ਪ੍ਰਸ਼ਾਸਨ ਵੱਲੋਂ ਸੁਚਾਰੂ ਪ੍ਰਬੰਧਾਂ ਦਾ ਦਾਅਵਾ

## ਕਿਸਾਨਾਂ ਦੀ ਸਹੂਲਤ ਲਈ ਖੁਰਾਕ ਸਪਲਾਈ ਵਿਭਾਗ ਨਾਲ ਪੂਰਾ ਤਾਲਮੇਲ ਰੱਖਿਆ ਜਾ ਰਿਹਾ ਹੈ ਤਾਂ ਜੋ ਅਦਾਇਗੀ ਅਤੇ ਲਿਫਟਿੰਗ ਵਿੱਚ ਕੋਈ ਦੇਰੀ ਨਾ ਹੋਵੇ : ਰਾਜੇਸ਼ ਧੀਮਾਨ, ਡੀ.ਸੀ. ਬਠਿੰਡਾ






ਬਠਿੰਡਾ : ਬਠਿੰਡਾ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਆਮਦ ਅਤੇ ਖਰੀਦ ਪ੍ਰਕਿਰਿਆ ਨਿਰੰਤਰ ਜਾਰੀ ਹੈ। ਹਾਲਾਂਕਿ ਸ਼ੁਰੂਆਤ ਵਿੱਚ ਕਿਸਾਨਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਹੁਣ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਪ੍ਰਬੰਧ ਮੁਕੰਮਲ ਹੋਣ ਕਾਰਨ ਖਰੀਦ ਪ੍ਰਕਿਰਿਆ ਸੁਚਾਰੂ ਰੂਪ ਵਿੱਚ ਚੱਲ ਰਹੀ ਹੈ।

ਆਮਦ ਤੇ ਖਰੀਦ: ਹੁਣ ਤੱਕ ਮੰਡੀਆਂ ਵਿੱਚ ਲਗਭਗ 2.1 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ। ਇਸ ਵਿੱਚੋਂ 90-95% ਖਰੀਦ ਮੁਕੰਮਲ ਹੋ ਗਈ ਹੈ ਅਤੇ 40-50% ਫ਼ਸਲ ਦੀ ਚੁਕਾਈ (ਲਿਫਟਿੰਗ) ਵੀ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਦਾ ਬਿਆਨ: ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਸਰਕਾਰ ਵੱਲੋਂ ਦਿੱਤੀਆਂ ਗਈਆਂ ਛੋਟਾਂ ਸਦਕਾ ਖਰੀਦ ਵਿੱਚ ਆ ਰਹੀਆਂ ਦਿੱਕਤਾਂ ਦੂਰ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀ ਵਿੱਚ ਸੁੱਕੀ ਫ਼ਸਲ ਲੈ ਕੇ ਆਉਣ ਅਤੇ ਸਮੇਂ ਸਿਰ ਅਦਾਇਗੀ ਲਈ ਗ੍ਰੇਨ ਪੋਰਟਲ 'ਤੇ ਰਜਿਸਟ੍ਰੇਸ਼ਨ ਯਕੀਨੀ ਬਣਾਉਣ।

ਕਿਸਾਨਾਂ ਦੀ ਰਾਏ: ਫੂਸ ਮੰਡੀ ਦੇ ਕਿਸਾਨ ਕਰਮਜੀਤ ਸਿੰਘ ਅਤੇ ਗੋਬਿੰਦਪੁਰਾ ਦੇ ਜਗਤਾਰ ਸਿੰਘ ਨੇ ਦੱਸਿਆ ਕਿ ਮੰਡੀਆਂ ਵਿੱਚ ਪਾਣੀ ਅਤੇ ਬੋਲੀ ਦੇ ਪ੍ਰਬੰਧ ਤਸੱਲੀਬਖਸ਼ ਹਨ ਅਤੇ ਫ਼ਸਲ ਵੇਚਣ ਵਿੱਚ ਕੋਈ ਵੱਡੀ ਦਿੱਕਤ ਨਹੀਂ ਆ ਰਹੀ।



# ਸਰੀ ਸ਼ਹਿਰ 'ਚ ਕੱਢੇ ਵਿਸਾਖੀ ਨਗਰ ਕੀਰਤਨ ਮੌਕੇ ਲੱਖਾਂ ਸ਼ਰਧਾਲੂ ਸ਼ਾਮਲ ਹੋਏ

## ਕਈ ਰਾਜਸੀ ਤੇ ਧਾਰਮਿਕ ਆਗੂਆਂ ਭਰੀ ਹਾਜ਼ਰੀ






ਵੈਨਕੂਵਰ : ਕੈਨੇਡਾ ਦੇ ਪੱਛਮੀ ਤੱਟ 'ਤੇ ਵੱਸੇ ਤੇ ਬਹੁਗਿਣਤੀ ਸਿੱਖ ਅਬਾਦੀ ਵਾਲੇ ਸ਼ਹਿਰ ਸਰੀ 'ਚ ਹਰੇਕ ਸਾਲ ਵਾਂਗ 1999 ਤੋਂ ਸ਼ੁਰੂ ਕੀਤੇ ਵਿਸਾਖੀ ਨਗਰ ਕੀਰਤਨ, ਜਿਸਨੂੰ ਵਿਸਾਖੀ ਪਰੇਡ ਵੱਲੋਂ ਜਾਣਿਆ ਜਾਂਦਾ ਹੈ, ਕਰਵਾਇਆ ਗਿਆ, ਜਿਸ 'ਚ ਲੱਖਾਂ ਦੀ ਗਿਣਤੀ 'ਚ ਦੂਰ ਦੂਰ ਤੋਂ ਆਏ ਸ਼ਰਧਾਲੂ ਸ਼ਾਮਲ ਹੋਏ। ਬੇਸ਼ੱਕ ਨਗਰ ਕੀਰਤਨ ਦਾ ਪਹਿਲਾਂ ਤੋਂ ਨਿਰਧਾਰਤ ਰੂਟ ਛੋਟਾ ਸੀ, ਪਰ ਸਾਰਾ ਸ਼ਹਿਰ ਗੁਰਬਾਣੀ ਅਤੇ ਸਿੱਖ ਵਿਰਾਸਤ 'ਚ ਰੰਗਿਆ ਹੋਇਆ ਸੀ। ਸਿਆਸੀ ਅਤੇ ਧਾਰਮਿਕ ਆਗੂ ਵੀ ਬੜੇ ਉਤਸ਼ਾਹ ਨਾਲ ਇਸ 'ਚ ਸ਼ਾਮਲ ਹੋਏ ਅਤੇ ਆਪਣੇ ਆਪਣੇ ਢੰਗ ਨਾਲ ਲੋਕਾਂ ਨੂੰ ਸੰਬੋਧਤ ਹੋਏ। ਸਿਟੀ ਆਫ਼ ਸਰੀ ਦੇ ਅਮਲੇ ਅਤੇ ਪੁਲੀਸ ਵੱਲੋਂ ਪ੍ਰਬੰਧਾਂ ਦੀ ਦੇਖ ਰੇਖ ਅਤੇ ਸੁਰੱਖਿਆ ਦੀ ਜਿੰਮੇਵਾਰੀ ਨਿਭਾਈ ਗਈ। ਸ਼ਰਧਾਲੂਆਂ ਦੀ ਗਿਣਤੀ ਪੱਖੋਂ ਪੰਜਾਬ ਤੋਂ ਬਾਹਰ ਕੱਢੇ ਜਾਂਦੇ ਨਗਰ ਕੀਰਤਨਾਂ 'ਚੋਂ ਇਸਨੂੰ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ, ਜਿਸ 'ਚ 6 ਲੱਖ ਤੋਂ ਵੀ ਵੱਧ ਲੋਕਾਂ ਦੀ ਹਾਜਰੀ ਹੁੰਦੀ ਹੈ।

ਨਗਰ ਕੀਰਤਨ ਹਰ ਸਾਲ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਵਲੋਂ ਕੱਢਿਆ ਜਾਂਦਾ ਹੈ। ਸਵੇਰੇ 9 ਕੁ ਵਜੇ ਬਹੁਤ ਸਜਾਏ ਹੋਏ ਵਾਹਨ 'ਚ ਸੁਸ਼ੋਭਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਏ ਨਗਰ ਕੀਰਤਨ ਨੂੰ ਫੌਜੀ ਜਵਾਨਾਂ ਨੇ ਸਲਾਮੀ ਦਿੱਤੀ ਅਤੇ ਫੌਜੀ ਧੁੰਨਾਂ ਨਾਲ ਸਵਾਗਤ ਕੀਤਾ। ਨਗਰ ਕੀਰਤਨ 128 ਸਟਰੀਟ ਤੋਂ ਹੁੰਦੇ ਹੋਏ 82 ਐਵੇਨਿਊ ਤੋਂ 124 ਸਟਰੀਟ ਰਾਹੀਂ ਹੁੰਦੇ ਹੋਏ 76 ਐਵੇਨਿਊ ਤੋਂ ਲੰਘਦੇ ਹੋਏ 128 ਸਟਰੀਟ ਤੋਂ ਵਾਪਸੀ ਕਰਕੇ ਸ਼ਾਮ ਤੱਕ ਗੁਰਦੁਆਰਾ ਸਾਹਿਬ ਪਹੁੰਚਿਆ। ਸਾਰੇ ਰਸਤੇ ਵਿੱਚ ਸ਼ਰਧਾਲੂਆਂ ਨੇ ਵੱਖ ਵੱਖ ਕਿਸਮਾਂ ਦੇ ਪਕਵਾਨਾਂ, ਫਲਾਂ ਦੇ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਹੋਈਆਂ ਸਨ। ਵਿਸ਼ੇਸ਼ ਗੱਲ ਸੀ ਕਿ ਸਿੱਖ ਸ਼ਰਧਾਲੂਆਂ ਨੇ ਨਾਲ ਨਾਲ ਕਈ ਹੋਰ ਧਰਮਾਂ ਦੇ ਲੋਕਾਂ ਵਲੋਂ ਵੀ ਨਗਰ ਕੀਰਤਨ 'ਚ ਸ਼ਮੂਲੀਅਤ ਕੀਤੀ ਗਈ ਅਤੇ ਵਿਸਾਖੀ ਦੀ ਮਹੱਤਤਾ ਬਾਰੇ ਸੁਣਿਆ ਤੇ ਸਮਝਿਆ ਗਿਆ। ਨਗਰ ਕੀਰਤਨ ਦੇ ਰਸਤੇ 'ਚ ਲੱਗੀਆਂ ਸਟੇਜਾਂ ਤੋਂ ਗੁਰਬਾਣੀ ਦੇ ਪ੍ਰਵਾਹ ਦੇ ਨਾਲ ਨਾਲ ਸਿਆਸੀ ਲੋਕਾਂ ਨੇ ਆਪਣੀਆਂ ਗੱਲਾਂ ਕੀਤੀਆਂ 'ਤੇ ਵਪਾਰਕ ਅਦਾਰਿਆਂ ਨੇ ਆਪਣੇ ਉਤਪਾਦਾਂ ਦੀ ਮਸ਼ਹੂਰੀ ਕੀਤੀ। ਪੁਲੀਸ ਦਸਤਿਆਂ ਅਤੇ ਵਲੰਟੀਅਰ ਸੁਰੱਖਿਆ ਗਾਰਡਾਂ ਵੱਲੋਂ ਅਨੁਸਾਸ਼ਨ ਬਣਾਈ ਰੱਖਣ ਲਈ ਆਪਣੇ ਫਰਜ਼ ਅਦਾ ਕੀਤੇ ਅਤੇ ਸਫਾਈ ਬਣਾਈ ਰੱਖਣ ਲਈ ਲੋਕਾਂ ਨੂੰ ਨਾਲੋ ਨਾਲ ਜਾਗਰੂਕ ਕਰਦੇ ਰਹੇ।



# ਗ੍ਰੇਵਜੈਂਡ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਵਿਖੇ ਬੰਦਾ ਸਿੰਘ ਬਹਾਦਰ ਜੀ ਦੇ 'ਬੁੱਤ' ਦੀ ਸਥਾਪਨਾ





ਗ੍ਰੇਵਜੈਂਡ : 18ਵੀਂ ਸਦੀ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਵਿਸ਼ਾਲ ਬੁੱਤ ਗ੍ਰੇਵਜੈਂਡ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਵਿਖੇ ਸਥਾਪਿਤ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਹਜ਼ਾਰਾਂ ਦੀ ਤਾਦਾਦ ਵਿੱਚ ਸਿੱਖ ਸੰਗਤ ਇਹਨਾਂ ਪਲਾਂ ਦੀ ਗਵਾਹ ਬਣੀ। ਮੁੱਖ ਦਰਬਾਰ ਸਾਹਿਬ ਵਿੱਚ ਅਰਦਾਸ ਕਰਨ ਉਪਰੰਤ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਵਿੱਚ ਇਸ ਬੁੱਤ ਨੂੰ ਸੰਗਤ ਦੇ ਅਰਪਣ ਕਰਨ ਦੀਆਂ ਰਸਮਾਂ ਅਦਾ ਕੀਤੀਆਂ ਗਈਆਂ।

ਮੰਚ ਦੀ ਕਾਰਵਾਈ ਕਰਦਿਆਂ ਤਜਿੰਦਰਪ੍ਰੀਤ ਕੌਰ ਜੀ ਨੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਇੰਦਰਪਾਲ ਸਿੰਘ ਸੱਲ੍ਹ, ਇਸ ਬੁੱਤ ਲਈ ਸੁਝਾਅ ਪੇਸ਼ ਕਰਨ ਵਾਲੇ ਅਜੈਬ ਸਿੰਘ ਚੀਮਾ, ਬੁੱਤ ਦਾ ਡਿਜਾਇਨ ਤਿਆਰ ਕਰਨ ਵਾਲੇ ਗੁਰਿੰਦਰ ਸਿੰਘ ਮਾਨ ਤੇ ਤਰਨ ਸਿੰਘ ਆਦਿ ਨੂੰ ਸੰਗਤਾਂ ਦੇ ਸਨਮੁਖ ਹੋਣ ਲਈ ਸੱਦਾ ਦਿੱਤਾ। ਇਸ ਸਮੇਂ ਬੋਲਦਿਆਂ ਬੁਲਾਰਿਆਂ ਨੇ ਸੰਗਤ ਨੂੰ ਇਸ ਸ਼ੁਭ ਦਿਹਾੜੇ ਦੀ ਹਾਰਦਿਕ ਵਧਾਈ ਪੇਸ਼ ਕਰਦਿਆਂ ਕਿਹਾ ਕਿ ਇਹ ਬੁੱਤ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਸਿੱਖ ਇਤਿਹਾਸ ਬਾਰੇ ਜਾਨਣ ਲਈ ਪ੍ਰੇਰਿਤ ਕਰਦਾ ਰਹੇਗਾ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਇੰਦਰਪਾਲ ਸਿੰਘ ਸੱਲ੍ਹ ਨੇ ਕਿਹਾ ਕਿ ਬੇਸ਼ੱਕ ਉਹ ਇਸ ਧਰਤੀ ਦੇ ਜਨਮੇ ਹੋਏ ਹਨ ਪਰ ਉਹ ਮਹਿਸੂਸ ਕਰਦੇ ਹਨ ਕਿ ਨਵੀਂ ਪੀੜ੍ਹੀ ਨੂੰ ਸਿੱਖ ਧਰਮ ਦੇ ਨਾਲ ਜੋੜਨ ਦੇ ਲਈ ਗੁਰੂਘਰ ਅਤੇ ਸੰਗਤ ਦਾ ਇਹ ਉਪਰਾਲਾ ਬੇਹੱਦ ਕਾਰਗਰ ਸਾਬਤ ਹੋਵੇਗਾ। ਸਮਾਗਮ ਦੌਰਾਨ ਵਿਸ਼ਵ ਪ੍ਰਸਿੱਧ ਢਾਡੀ ਜੱਥਾ ਦਲਬੀਰ ਸਿੰਘ ਗਿੱਲ ਤੇ ਉਹਨਾਂ ਦੀਆਂ ਸਾਥੀ ਢਾਡੀ ਬੀਬੀਆਂ ਵੱਲੋਂ ਬੰਦਾ ਸਿੰਘ ਬਹਾਦਰ ਦਾ ਪ੍ਰਸੰਗ ਸੁਣਾ ਕੇ ਮਾਹੌਲ ਨੂੰ ਜੋਸ਼ੀਲਾ ਬਣਾਇਆ। ਇਸ ਸਮੇਂ ਜਿੱਥੇ ਸਥਾਨਕ ਮੈਂਬਰ ਪਾਰਲੀਮੈਂਟ ਲੌਰੇਨ ਸੁਲਿਵਾਨ ਵਿਸ਼ੇਸ਼ ਤੌਰ 'ਤੇ ਹਾਜਰ ਸੀ, ਉੱਥੇ ਖਾਲਸਾ ਏਡ ਦੇ ਸੰਚਾਲਕ ਰਵੀ ਸਿੰਘ, ਫੈਡਰੇਸ਼ਨ ਆਗੂ ਅਮਰੀਕ ਸਿੰਘ ਗਿੱਲ, ਕੇਸਰ ਸਿੰਘ ਧਾਲੀਵਾਲ, ਨਰਿੰਦਰਜੀਤ ਸਿੰਘ ਥਾਂਦੀ, ਜਗਦੇਵ ਸਿੰਘ ਵਿਰਦੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਖਸ਼ੀਅਤਾਂ ਨੇ ਹਾਜਰੀ ਭਰੀ। ਪ੍ਰੈੱਸ ਨਾਲ ਗੱਲਬਾਤ ਦੌਰਾਨ ਕੌਂਸਲਰ ਰਾਜਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਬੁੱਤ ਨੂੰ ਸਥਾਪਿਤ ਕਰਨ ਲਈ ਸੰਗਤ ਵੱਲੋਂ ਦਿਲ ਖੋਲ੍ਹ ਕੇ ਦਾਨ ਰਾਸ਼ੀ ਭੇਂਟ ਕੀਤੀ ਗਈ। ਬਹੁਤ ਹੀ ਮਿਹਨਤ ਨਾਲ ਤਿਆਰ ਹੋਏ ਇਸ ਬੁੱਤ ਪਿੱਛੇ ਸੰਗਤ ਤੇ ਕਮੇਟੀ ਸੇਵਾਦਾਰਾਂ ਦਾ ਵੱਡਾ ਸਹਿਯੋਗ ਹੈ, ਜਿਸ ਲਈ ਸਾਰੇ ਵਧਾਈ ਦੇ ਪਾਤਰ ਹਨ। ਗ੍ਰੇਵਜੈਂਡ ਗੁਰਦੁਆਰਾ ਸਾਹਿਬ ਦੇ ਇਸ ਉਪਰਾਲੇ ਲਈ ਸਹਿਯੋਗ ਦੇਣ ਵਾਲੇ ਹਰ ਸਖਸ਼ ਦਾ ਉਹਨਾਂ ਹਾਰਦਿਕ ਧੰਨਵਾਦ ਕੀਤਾ।

# ਦਿੱਲੀ ਯੂਨੀਵਰਸਿਟੀ: ਮਹਿਲਾ ਰਾਖਵੇਂਕਰਨ ਬਿੱਲ ਦੇ ਹੱਕ ਵਿੱਚ ਵਿਦਿਆਰਥੀਆਂ ਦਾ ਪ੍ਰਦਰਸ਼ਨ

## ਲੋਕ ਸਭਾ ਵਿੱਚ ਬਿੱਲ ਰੱਦ ਹੋਣ 'ਤੇ ਜਤਾਇਆ ਰੋਸ







ਨਵੀਂ ਦਿੱਲੀ : ਦਿੱਲੀ ਯੂਨੀਵਰਸਿਟੀ (DU) ਦੇ ਕੈਂਪਸ ਵਿੱਚ ਅੱਜ ਵਿਦਿਆਰਥੀਆਂ ਵੱਲੋਂ ਮਹਿਲਾ ਰਾਖਵੇਂਕਰਨ ਬਿੱਲ (Women's Reservation Bill) ਦੇ ਸਮਰਥਨ ਵਿੱਚ ਇੱਕ ਵਿਸ਼ਾਲ ਪ੍ਰਦਰਸ਼ਨ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਲੋਕ ਸਭਾ ਵਿੱਚ ਇਸ ਅਹਿਮ ਬਿੱਲ ਦੇ ਰੱਦ ਹੋਣ ਤੋਂ ਬਾਅਦ ਵਿਦਿਆਰਥੀਆਂ ਦੀ ਨਾਰਾਜ਼ਗੀ ਨੂੰ ਦਰਸਾਉਣ ਲਈ ਆਯੋਜਿਤ ਕੀਤਾ ਗਿਆ ਸੀ।

**ਬਰਾਬਰ ਭਾਗੀਦਾਰੀ ਦੀ ਮੰਗ:** ਪ੍ਰਦਰਸ਼ਨਕਾਰੀ ਵਿਦਿਆਰਥੀਆਂ, ਜਿਨ੍ਹਾਂ ਵਿੱਚ ਮਹਿਲਾ ਵਿਦਿਆਰਥੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ, ਨੇ ਮੰਗ ਕੀਤੀ ਕਿ ਰਾਜਨੀਤੀ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਨੂੰ ਬਣਦਾ ਹੱਕ ਅਤੇ ਰਾਖਵਾਂਕਰਨ ਮਿਲਣਾ ਚਾਹੀਦਾ ਹੈ।

ਲੋਕ ਸਭਾ ਦੇ ਫੈਸਲੇ ਦਾ ਵਿਰੋਧ: ਵਿਦਿਆਰਥੀਆਂ ਨੇ ਬਿੱਲ ਨੂੰ ਰੱਦ ਕੀਤੇ ਜਾਣ ਦੇ ਫੈਸਲੇ 'ਤੇ ਹੈਰਾਨੀ ਅਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਮਹਿਲਾ ਸਸ਼ਕਤੀਕਰਨ ਲਈ ਇਹ ਬਿੱਲ ਪਾਸ ਹੋਣਾ ਬਹੁਤ ਜ਼ਰੂਰੀ ਹੈ।

ਨਾਅਰੇਬਾਜ਼ੀ ਅਤੇ ਬੈਨਰ: ਕੈਂਪਸ ਵਿੱਚ ਇਕੱਠੇ ਹੋਏ ਵਿਦਿਆਰਥੀਆਂ ਨੇ ਹੱਥਾਂ ਵਿੱਚ 'ਨਾਰੀ ਸ਼ਕਤੀ' ਅਤੇ 'ਰਾਖਵੇਂਕਰਨ ਸਾਡਾ ਹੱਕ' ਵਰਗੇ ਨਾਅਰਿਆਂ ਵਾਲੇ ਬੈਨਰ ਫੜੇ ਹੋਏ ਸਨ। ਉਨ੍ਹਾਂ ਨੇ ਵਿਦਿਅਕ ਸੰਸਥਾਵਾਂ ਤੋਂ ਲੈ ਕੇ ਸੰਸਦ ਤੱਕ ਮਹਿਲਾਵਾਂ ਦੀ ਬਰਾਬਰ ਦੀ ਹਿੱਸੇਦਾਰੀ 'ਤੇ ਜ਼ੋਰ ਦਿੱਤਾ।

ਵਿਦਿਆਰਥੀਆਂ ਦਾ ਪੱਖ:
ਵਿਦਿਆਰਥੀ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੱਕ ਮਹਿਲਾਵਾਂ ਨੂੰ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਵਿੱਚ ਥਾਂ ਨਹੀਂ ਮਿਲਦੀ, ਉਦੋਂ ਤੱਕ ਦੇਸ਼ ਦਾ ਵਿਕਾਸ ਅਧੂਰਾ ਹੈ। ਉਨ੍ਹਾਂ ਨੇ ਸਰਕਾਰ ਨੂੰ ਇਸ ਬਿੱਲ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਜਲਦ ਲਾਗੂ ਕਰਨ ਦੀ ਅਪੀਲ ਕੀਤੀ।

'ਇਹ ਲੜਾਈ ਸਿਰਫ਼ ਰਾਖਵੇਂਕਰਨ ਦੀ ਨਹੀਂ, ਸਗੋਂ ਸਾਡੇ ਸਨਮਾਨ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਡੀ ਮੌਜੂਦਗੀ ਦੀ ਹੈ।' — ਇੱਕ ਵਿਦਿਆਰਥੀ ਪ੍ਰਦਰਸ਼ਨਕਾਰੀ












# ਮਨਟੀਕਾ ਦੀਆਂ ਸੰਗਤਾਂ ਨਿਸ਼ਕਾਮ ਸੇਵਕਾਂ ਵੱਲੋਂ ਸਟਾਕਟਨ ਨਗਰ ਕੀਰਤਨ ਵਿੱਚ ਅਤੁੱਟ ਲੰਗਰਾਂ ਦੀ ਸੇਵਾ





ਸਟਾਕਟਨ, ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਜਾਏ ਗਏ 27ਵੇਂ ਮਹਾਨ ਨਗਰ ਕੀਰਤਨ ਦੌਰਾਨ ਮਨਟੀਕਾ (Manteca) ਦੀਆਂ ਸੰਗਤਾਂ ਵੱਲੋਂ ਲੰਗਰ ਦੀ ਸੇਵਾ ਮਿਸਾਲੀ ਰਹੀ। ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਇਸ ਸਮਾਗਮ ਵਿੱਚ ਮਨਟੀਕਾ ਨਿਵਾਸੀਆਂ ਨੇ ਬੜੀ ਨਿਮਰਤਾ ਅਤੇ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕੀਤੀ। 'ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ' ਦੇ ਇਲਾਹੀ ਫ਼ੁਰਮਾਨ 'ਤੇ ਪਹਿਰਾ ਦਿੰਦਿਆਂ ਸੇਵਾਦਾਰਾਂ ਵੱਲੋਂ ਸੰਗਤਾਂ ਲਈ ਵਿਸ਼ੇਸ਼ ਪਕਵਾਨ ਤਿਆਰ ਕੀਤੇ ਗਏ।

ਲੰਗਰ ਦੀਆਂ ਮੁੱਖ ਵਿਸ਼ੇਸ਼ਤਾਵਾਂ:

ਸੰਗਤਾਂ ਦੇ ਸੁਆਗਤ ਲਈ ਲਗਾਏ ਗਏ ਸਟਾਲਾਂ ਵਿੱਚ ਕਈ ਪ੍ਰਕਾਰ ਦੀਆਂ ਰਸਦਾਂ ਵਰਤਾਈਆਂ ਗਈਆਂ:

ਗਰਮਾ-ਗਰਮ ਪਨੀਰ, ਗੋਭੀ ਅਤੇ ਬ੍ਰੈੱਡ ਦੇ ਪਕੌੜੇ।

ਸੁਆਦੀ ਛੋਲੇ-ਟਿੱਕੀ ਅਤੇ ਆਲੂ ਫਰਾਈ।

ਹੋਰ ਕਈ ਪ੍ਰਕਾਰ ਦੇ ਮਿੱਠੇ ਅਤੇ ਨਮਕੀਨ ਪਦਾਰਥ।

ਇਸ ਸੇਵਾ ਦੌਰਾਨ ਨੌਜਵਾਨਾਂ ਅਤੇ ਬਜ਼ੁਰਗਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਮਨਟੀਕਾ ਦੀਆਂ ਸਮੂਹ ਸੰਗਤਾਂ ਨੇ ਮਿਲ ਕੇ ਇਸ ਸੇਵਾ ਰਾਹੀਂ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

















# ਸਟਾਕਟਨ ਦੀ ਧਰਤੀ ਕੇਸਰੀ ਰੰਗ ਅਤੇ ਰੂਹਾਨੀ ਰੰਗ 'ਚ ਗਈ ਰੰਗੀ

## ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 27ਵਾਂ ਵਿਸ਼ਾਲ ਨਗਰ ਕੀਰਤਨ ਸਫਲਤਾਪੂਰਵਕ ਸੰਪੰਨ





















ਸਟਾਕਟਨ, ਕੈਲੀਫੋਰਨੀਆ: ਖਾਲਸਾ ਪੰਥ ਦੇ ਸਾਜਨਾ ਦਿਵਸ 'ਵਿਸਾਖੀ' ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ, ਅਮਰੀਕਾ ਦੇ ਪਹਿਲੇ ਅਤੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 27ਵਾਂ ਮਹਾਨ ਨਗਰ ਕੀਰਤਨ ਪੂਰੀ ਸ਼ਰਧਾ ਅਤੇ ਜਾਹੋ-ਜਲਾਲ ਨਾਲ ਕੱਢਿਆ ਗਿਆ। ਗਦਰੀ ਬਾਬਿਆਂ ਦੀ ਇਸ ਪਵਿੱਤਰ ਚਰਨ-ਛੋਹ ਪ੍ਰਾਪਤ ਧਰਤੀ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਿੱਖੀ ਸਿਦਕ ਅਤੇ ਕੌਮੀ ਜਜ਼ਬੇ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰ ਰਿਹਾ ਸੀ।

**ਪੰਜ ਪਿਆਰਿਆਂ ਦੀ ਅਗਵਾਈ ਹੇਠ ਕੇਸਰੀ ਰੰਗ ਵਿੱਚ ਰੰਗਿਆ ਸਟਾਕਟਨ** : ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਪੂਰਾ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਨਜ਼ਰ ਆਇਆ। ਅਮਰੀਕਾ ਦੇ ਕੋਨੇ-ਕੋਨੇ ਤੋਂ ਪਹੁੰਚੀਆਂ ਸੰਗਤਾਂ ਨੇ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟਿਆਂ ਨਾਲ ਸ਼ਮੂਲੀਅਤ ਕੀਤੀ, ਜਿਸ ਨਾਲ ਹਰ ਪਾਸੇ ਇੱਕ ਮਨਮੋਹਕ ਦ੍ਰਿਸ਼ ਬਣ ਗਿਆ।

**ਸ਼ਹੀਦਾਂ ਦੀ ਯਾਦ ਅਤੇ ਕੌਮੀ ਚੇਤਨਾ ਦਾ ਸੁਮੇਲ** : ਇਸ ਵਾਰ ਦੇ ਨਗਰ ਕੀਰਤਨ ਵਿੱਚ ਖ਼ਾਸ ਗੱਲ ਇਹ ਸੀ ਕਿ ਸੰਗਤਾਂ ਵਿੱਚ ਕੌਮੀ ਜਾਗਰੂਕਤਾ ਦਾ ਪ੍ਰਭਾਵ ਸਾਫ਼ ਨਜ਼ਰ ਆ ਰਿਹਾ ਸੀ।

**ਸ਼ਹੀਦਾਂ ਨੂੰ ਪ੍ਰਣਾਮ:** ਨਗਰ ਕੀਰਤਨ ਵਿੱਚ ਇਤਿਹਾਸਕ ਅਤੇ ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਕੌਮ ਵਿੱਚ ਆਈ ਵੱਡੀ ਤਬਦੀਲੀ ਦਾ ਆਗਾਜ਼ ਕਰ ਰਹੀਆਂ ਸਨ।

**ਇਨਸਾਫ਼ ਦੀ ਗੂੰਜ:** ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਸਿੱਖ ਕੌਮ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਬਾਰੇ ਵਿਚਾਰ-ਚਰਚਾ ਕਰਦੇ ਹੋਏ ਆਪਣੇ ਹੱਕਾਂ ਪ੍ਰਤੀ ਸੁਚੇਤ ਨਜ਼ਰ ਆਏ।
























# ਸਟਾਕਟਨ ਦੀ ਧਰਤੀ ਕੇਸਰੀ ਰੰਗ ਅਤੇ ਰੂਹਾਨੀ ਰੰਗ 'ਚ ਗਈ ਰੰਗੀ

## ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਤੋਂ 27ਵਾਂ ਵਿਸ਼ਾਲ ਨਗਰ ਕੀਰਤਨ ਸਫਲਤਾਪੂਰਵਕ ਸੰਪੰਨ










**ਪੰਥਕ ਬੁਲਾਰਿਆਂ ਅਤੇ ਰਾਜਸੀ ਸ਼ਖਸੀਅਤਾਂ ਦੀ ਹਾਜ਼ਰੀ**

ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਜਸਵਿੰਦਰ ਸਿੰਘ ਨਿੱਝਰ ਨੇ ਪੰਥਕ ਬੁਲਾਰਿਆਂ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ। ਇਸ ਮੌਕੇ ਸਥਾਨਕ ਅਮਰੀਕੀ ਸਿਆਸਤਦਾਨਾਂ ਅਤੇ ਵੱਖ-ਵੱਖ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸ਼ਮੂਲੀਅਤ ਕੀਤੀ। ਸਟਾਕਟਨ ਸਿਟੀ ਦੇ ਅਧਿਕਾਰੀਆਂ ਨੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ, ਜਿਨ੍ਹਾਂ ਦਾ ਗੁਰਦੁਆਰਾ ਕਮੇਟੀ ਵੱਲੋਂ ਸਿਰੋਪਾਓ ਅਤੇ ਪਲੇਕਾਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

**ਰੂਹਾਨੀ ਦੀਵਾਨ ਅਤੇ ਸੇਵਾ ਦਾ ਅਤੁੱਟ ਪ੍ਰਵਾਹ :** ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਤੋਂ ਬਾਅਦ ਰਾਤ ਤੱਕ ਰੂਹਾਨੀ ਦੀਵਾਨ ਸਜਾਏ ਗਏ, ਜਿਸ ਵਿੱਚ: ਗਿਆਨੀ ਹਰਪਾਲ ਸਿੰਘ ਜੀ (ਸ੍ਰੀ ਫਤਹਿਗੜ੍ਹ ਸਾਹਿਬ), ਢਾਡੀ ਫੌਜਾ ਸਿੰਘ ਸਾਗਰ, ਭਾਈ ਗੁਰਕੀਰਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਲੋਪੋਕੇ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ) ਵਰਗੇ ਮਹਾਨ ਕੀਰਤਨੀਆਂ ਤੇ ਪ੍ਰਚਾਰਕਾਂ ਨੇ ਸੰਗਤਾਂ ਨੂੰ ਗੌਰਵਮਈ ਇਤਿਹਾਸ ਨਾਲ ਜੋੜਿਆ।

**ਸੇਵਾ ਦਾ ਅਦਭੁਤ ਨਜ਼ਾਰਾ: ਲੰਗਰਾਂ ਦੀ ਭਰਮਾਰ**

ਨਗਰ ਕੀਰਤਨ ਦੇ ਰੂਟ 'ਤੇ ਸੇਵਾਦਾਰਾਂ ਦਾ ਉਤਸ਼ਾਹ ਦੇਖਣਯੋਗ ਸੀ। ਛੋਲੇ-ਭਟੂਰੇ, ਸਮੋਸੇ, ਪੀਜ਼ਾ, ਗੰਨੇ ਦਾ ਰਸ, ਜਲੇਬੀਆਂ ਅਤੇ ਕੇਸਰ ਵਾਲੇ ਦੁੱਧ ਸਮੇਤ ਅਨੇਕਾਂ ਪ੍ਰਕਾਰ ਦੇ ਲੰਗਰਾਂ ਰਾਹੀਂ ਸੰਗਤ ਦੀ ਨਿਸ਼ਕਾਮ ਸੇਵਾ ਕੀਤੀ ਗਈ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਹਰਨੇਕ ਸਿੰਘ ਅਟਵਾਲ ਨੇ ਇਸ ਸਮਾਗਮ ਦੀ ਸਫਲਤਾ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਰਹਿਮਤ ਸਦਕਾ ਇਹ 27ਵਾਂ ਨਗਰ ਕੀਰਤਨ ਕੌਮੀ ਏਕਤਾ ਦਾ ਪ੍ਰਤੀਕ ਬਣ ਕੇ ਨਿੱਬੜਿਆ ਹੈ।













# ਸਦੀਆਂ ਤੋਂ ਭਾਰਤ ਵਿੱਚ ਨ.ਫਰਤ, ਤਸ਼ੱਦਦ ਅਤੇ ਬੇਇਨਸਾ.ਫੀ ਸਹਿ ਰਹੇ ਮੂਲਨਿਵਾਸੀਆਂ ਨੂੰ ਆਪਣੇ ਭਵਿੱਖ ਦੇ ਫੈਸਲੇ ਖ਼ੁਦ ਕਰਨ ਲਈ ਇੱਕਜੁਟ ਹੋਣ ਦਾ ਸੱਦਾ

## ਭਾਰਤੀ ਸੰਸਦ ਮੈਂਬਰ ਸ਼੍ਰੀ ਚੰਦਰਸ਼ੇਖਰ ਆਜ਼ਾਦ ਨੇ ਪਿਟਸਬਰਗ ਵਿੱਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦਾ ਕੀਤਾ ਉਦਘਾਟਨ









ਪਿਟਸਬਰਗ/ਹੇਵਰਡ (ਕੈਲੀਫੋਰਨੀਆ) (ਸਾਡੇ ਲੋਕ ਬਿਊਰੋ) : ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੋਂ ਬਾਅਦ, ਦੁਨੀਆ ਭਰ ਦੇ ਦਲਿਤਾਂ, ਪਿਛੜਿਆਂ ਅਤੇ ਵਾਂਝੇ ਵਰਗਾਂ ਨੂੰ ਇੱਕ ਝੰਡੇ ਹੇਠ ਇਕੱਠਾ ਕਰਨ ਵਾਲੇ ਹਰਮਨ ਪਿਆਰੇ ਆਗੂ ਅਤੇ ਸਮਾਜਿਕ ਨਿਆਂ ਦੇ ਅਲੰਬਰਦਾਰ, ਸ਼੍ਰੀ ਚੰਦਰਸ਼ੇਖਰ ਆਜ਼ਾਦ ਨੇ ਅਮਰੀਕਾ ਦੇ ਪਿਟਸਬਰਗ (ਕੈਲੀਫੋਰਨੀਆ) ਵਿੱਚ ਡਾ. ਅੰਬੇਡਕਰ ਦੇ ਇੱਕ ਇਤਿਹਾਸਕ ਬੁੱਤ ਦੀ ਸਥਾਪਨਾ ਕੀਤੀ। ਸ. ਹਰਦਿਆਲ ਸਿੰਘ ਬੰਗਾ, ਸ਼੍ਰੀ ਰਾਮ ਮੂਰਤੀ ਸਰੋਆ ਅਤੇ ਸ਼੍ਰੀ ਸ਼ਸ਼ੀ ਪਾਲ ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਹੋਏ ਇਸ ਵਿਸ਼ਾਲ ਸਮਾਗਮ ਵਿੱਚ ਅਮਰੀਕਾ ਦੇ ਕੋਨੇ-ਕੋਨੇ ਤੋਂ ਦਲਿਤ ਭਾਈਚਾਰੇ ਦੇ ਆਗੂਆਂ ਅਤੇ ਭਾਰਤੀ ਮੂਲ ਦੇ ਲੋਕਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

**ਸੱਤਾ ਦੀ 'ਮਾਸਟਰ ਕੀ' ਅਤੇ ਆਰਥਿਕ ਗੁਲਾਮੀ ਦਾ ਜ਼ਿਕਰ** : ਇਸ ਮੌਕੇ ਚੰਦਰਸ਼ੇਖਰ ਆਜ਼ਾਦ ਨੇ ਇੱਕ ਇਤਿਹਾਸਕ ਅਤੇ ਜੋਸ਼ੀਲਾ ਭਾਸ਼ਣ ਦਿੰਦਿਆਂ ਕਿਹਾ ਕਿ ਅੱਜ ਵੀ ਭਾਰਤ ਵਿੱਚ ਸਾਡਾ ਸਮਾਜ ਵਿਤਕਰੇ ਅਤੇ ਆਰਥਿਕ ਨਾਬਰਾਬਰੀ ਦੀ ਮਾਰ ਝੱਲ ਰਿਹਾ ਹੈ। ਉਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ, 'ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਭਾਰਤ ਦੀ 90% ਦੌਲਤ ਅਤੇ ਸਾਧਨ ਸਿਰਫ਼ 1% ਲੋਕਾਂ ਦੇ ਕਬਜ਼ੇ ਵਿੱਚ ਹਨ। ਸਾਡੀ ਗਿਣਤੀ ਕਰੋੜਾਂ ਵਿੱਚ ਹੋਣ ਦੇ ਬਾਵਜੂਦ ਅਸੀਂ ਸੱਤਾ ਤੋਂ ਦੂਰ ਹਾਂ, ਪਰ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਦੀ ਮੁਕੰਮਲ ਸਿਆਸੀ ਤਾਕਤ ਸਾਡੇ ਲੋਕਾਂ ਦੇ ਹੱਥ ਵਿੱਚ ਹੋਵੇਗੀ।'

ਉਨ੍ਹਾਂ ਨੇ ਬਾਬਾ ਸਾਹਿਬ ਦੇ ਸ਼ਬਦਾਂ ਨੂੰ ਦੁਹਰਾਇਆ ਕਿ ਰਾਜਨੀਤਿਕ ਸ਼ਕਤੀ ਉਹ 'ਮਾਸਟਰ ਕੀ' (ਮੁੱਖ ਚਾਬੀ) ਹੈ, ਜਿਸ ਨਾਲ ਤਰੱਕੀ ਦੇ ਹਰ ਬੰਦ ਦਰਵਾਜ਼ੇ ਨੂੰ ਖੋਲ੍ਹਿਆ ਜਾ ਸਕਦਾ ਹੈ।
















# ਸਦੀਆਂ ਤੋਂ ਭਾਰਤ ਵਿੱਚ ਨਫ਼ਰਤ, ਤਸ਼ੱਦਦ ਅਤੇ ਬੇਇਨਸਾਫ਼ੀ ਸਹਿ ਰਹੇ ਮੂਲਨਿਵਾਸੀਆਂ ਨੂੰ ਆਪਣੇ ਭਵਿੱਖ ਦੇ ਫੈਸਲੇ ਖੁਦ ਕਰਨ ਲਈ ਇੱਕਜੁਟ ਹੋਣ ਦਾ ਸੱਦਾ

## ਭਾਰਤੀ ਸੰਸਦ ਮੈਂਬਰ ਸ਼੍ਰੀ ਚੰਦਰਸ਼ੇਖਰ ਆਜ਼ਾਦ ਨੇ ਪਿਟਸਬਰਗ ਵਿੱਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦਾ ਕੀਤਾ ਉਦਘਾਟਨ









**ਮਾਪਿਆਂ ਦੀ ਘਾਲਣਾ ਅਤੇ ਸਿੱਖਿਆ ਦੀ ਅਹਿਮੀਅਤ** : ਆਪਣੇ ਸੰਘਰਸ਼ ਨੂੰ ਯਾਦ ਕਰਦਿਆਂ ਉਨ੍ਹਾਂ ਭਾਵੁਕ ਹੋ ਕੇ ਕਿਹਾ, 'ਸਾਡੇ ਮਾਪਿਆਂ ਨੇ ਹੱਡ-ਭੰਨਵੀਂ ਮਿਹਨਤ ਕਰਕੇ ਅਤੇ ਘਾਹ ਖੋਤ ਕੇ ਸਾਨੂੰ ਪੜ੍ਹਾਇਆ-ਲਿਖਾਇਆ ਹੈ। ਅੱਜ ਅਸੀਂ ਜੋ ਕੁਝ ਵੀ ਹਾਂ, ਉਹ ਸਿਰਫ਼ ਵਿੱਦਿਆ ਦੀ ਬਦੌਲਤ ਹਾਂ। ਸਿੱਖਿਆ ਹੀ ਉਹ ਹਥਿਆਰ ਹੈ ਜੋ ਸਾਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰ ਸਕਦਾ ਹੈ।'

**ਸਮਾਜਿਕ ਰਹਿਬਰਾਂ ਨੂੰ ਸ਼ਰਧਾਂਜਲੀ** : ਆਜ਼ਾਦ ਨੇ ਆਪਣੇ ਸੰਬੋਧਨ ਵਿੱਚ ਸਮਾਜਿਕ ਨਿਆਂ ਦੇ ਪੁਰੋਧਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ:

**ਜੋਤੀਰਾਓ ਫੂਲੇ ਅਤੇ ਮਾਤਾ ਸਾਵਿਤਰੀਬਾਈ ਫੂਲੇ**: ਉਨ੍ਹਾਂ ਕਿਹਾ ਕਿ ਜਦੋਂ ਔਰਤਾਂ ਦੀ ਸਿੱਖਿਆ 'ਤੇ ਪਾਬੰਦੀ ਸੀ, ਉਦੋਂ ਇਸ ਮਹਾਨ ਜੋੜੇ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਪਹਿਲਾ ਸਕੂਲ ਖੋਲ੍ਹਿਆ। ਮਾਤਾ ਸਾਵਿਤਰੀਬਾਈ ਫੂਲੇ 'ਤੇ ਗੰਦਗੀ ਸੁੱਟੀ ਗਈ, ਪਰ ਉਨ੍ਹਾਂ ਨੇ ਆਪਣਾ ਮਿਸ਼ਨ ਨਹੀਂ ਛੱਡਿਆ।

**ਬਾਬਾ ਸਾਹਿਬ ਦੀ ਕੁਰਬਾਨੀ**: ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਨੇ ਦੇਸ਼ ਦੇ ਲੋਕਾਂ ਦੇ ਹੱਕਾਂ ਦੀ ਖ਼ਾਤਰ ਆਪਣੇ ਚਾਰ ਬੱਚਿਆਂ ਦੀ ਕੁਰਬਾਨੀ ਦਿੱਤੀ। ਅੱਜ ਦੀ ਪੀੜ੍ਹੀ ਨੂੰ ਇਸ ਕਰਜ਼ੇ ਨੂੰ ਸਮਝਣਾ ਚਾਹੀਦਾ ਹੈ।

**ਸਿਸਟਮ 'ਤੇ ਤਿੱਖੇ ਹਮਲੇ** : ਆਜ਼ਾਦ ਨੇ ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਨੇਤਾਵਾਂ ਦੇ ਆਪਣੇ ਨਿੱਜੀ ਸਕੂਲ ਅਤੇ ਹਸਪਤਾਲ ਹਨ, ਇਸ ਲਈ ਉਹ ਸਰਕਾਰੀ ਸਿਸਟਮ ਨੂੰ ਸੁਧਾਰਨਾ ਨਹੀਂ ਚਾਹੁੰਦੇ। ਉਨ੍ਹਾਂ ਇੱਕ 'ਸਾਂਝੀ ਸਿੱਖਿਆ ਨੀਤੀ' ਦੀ ਵਕਾਲਤ ਕੀਤੀ, ਜਿੱਥੇ ਅਫ਼ਸਰਾਂ ਅਤੇ ਨੇਤਾਵਾਂ ਦੇ ਬੱਚੇ ਵੀ ਉਸੇ ਸਰਕਾਰੀ ਸਕੂਲ ਵਿੱਚ ਪੜ੍ਹਨ ਜਿੱਥੇ ਇੱਕ ਗਰੀਬ ਦਾ ਬੱਚਾ ਪੜ੍ਹਦਾ ਹੈ।

**ਤਸ਼ੱਦਦ ਅਤੇ ਨਿੱਜੀ ਸੰਘਰਸ਼** : ਆਪਣੇ ਉੱਪਰ ਹੋਏ ਕਾਤਲਾਨਾ ਹਮਲੇ ਅਤੇ ਜੇਲ੍ਹ ਵਿੱਚ ਦਿੱਤੇ ਗਏ ਤਸ਼ੱਦਦ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, 'ਮੈਨੂੰ 66 ਦਿਨ ਕਾਲ ਕੋਠੜੀ ਵਿੱਚ ਰੱਖ ਕੇ ਮੇਰੀ ਰੀੜ੍ਹ ਦੀ ਹੱਡੀ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਮੇਰਾ ਹੌਸਲਾ ਨਹੀਂ ਟੁੱਟਿਆ। ਮੇਰੇ 'ਤੇ ਗੋਲੀਆਂ ਚੱਲੀਆਂ, ਪਰ ਮੈਂ ਬਚ ਗਿਆ ਕਿਉਂਕਿ ਮੇਰੇ ਰਹਿਬਰਾਂ ਦੇ ਅਧੂਰੇ ਸੁਪਨੇ ਪੂਰੇ ਕਰਨੇ ਅਜੇ ਬਾਕੀ ਹਨ।'

**ਪ੍ਰਵਾਸੀ ਭਾਰਤੀਆਂ ਨੂੰ ਅਪੀਲ** : ਅਖੀਰ ਵਿੱਚ, ਉਨ੍ਹਾਂ ਨੇ ਵਿਦੇਸ਼ਾਂ ਵਿੱਚ ਬੈਠੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਜੜ੍ਹਾਂ ਨੂੰ ਨਾ ਭੁੱਲਣ। ਉਨ੍ਹਾਂ ਕਿਹਾ ਕਿ ਸਮਾਜ ਦੀ ਬਿਹਤਰੀ ਲਈ ਪੂਰੀ ਦੁਨੀਆ ਵਿੱਚ ਇੱਕਜੁੱਟਤਾ ਦਿਖਾਉਣੀ ਲਾਜ਼ਮੀ ਹੈ ਤਾਂ ਜੋ ਭਾਰਤ ਵਿੱਚ ਬਰਾਬਰੀ ਅਤੇ ਇਨਸਾਫ਼ ਦਾ ਰਾਜ ਸਥਾਪਿਤ ਕੀਤਾ ਜਾ ਸਕੇ।

ਸੰਦੇਸ਼: 'ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ' - ਇਹੀ ਸਾਡੀ ਜਿੱਤ ਦਾ ਮਾਰਗ ਹੈ।













# ਅਮਰੀਕੀ ਸੁਪਰੀਮ ਕੋਰਟ ’ਚ ‘ਜਨਮ ਅਧਿਕਾਰ ਨਾਗਰਿਕਤਾ’ ’ਤੇ ਛੇੜੀ ਜੰਗ: ਲੱਖਾਂ ਭਾਰਤੀਆਂ ਦੀ ਵਧੀ ਚਿੰਤਾ




ਸੈਕਰਾਮੈਂਟੋ/ਕੈਲੀਫੋਰਨੀਆ (ਬਿਊਰੋ ਚੀਫ਼): ਸੰਯੁਕਤ ਰਾਜ ਅਮਰੀਕਾ ਵਿੱਚ ‘ਜਨਮ ਅਧਿਕਾਰ ਨਾਗਰਿਕਤਾ’ (Birthright Citizenship) ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਚੱਲ ਰਹੇ ਇੱਕ ਇਤਿਹਾਸਕ ਮੁਕੱਦਮੇ ਨੇ ਐਚ-1ਬੀ (H-1B) ਵੀਜ਼ਾ ਧਾਰਕਾਂ ਅਤੇ ਹੋਰ ਅਸਥਾਈ ਭਾਰਤੀ ਕਾਮਿਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਅਦਾਲਤ ਵਿੱਚ ਦਿੱਤੀਆਂ ਦਲੀਲਾਂ ਨੇ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀ ਪਰਿਵਾਰਾਂ ਦੇ ਭਵਿੱਖ ’ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

**ਪ੍ਰਸ਼ਾਸਨ ਦੀ ਦਲੀਲ: ‘ਸਿਰਫ਼ ਜਨਮ ਲੈਣਾ ਕਾਫ਼ੀ ਨਹੀਂ’**

ਸਾਲਿਸਟਰ ਜਨਰਲ ਜੌਹਨ ਸੌਰ ਨੇ ਅਦਾਲਤ ਨੂੰ ਦੱਸਿਆ ਕਿ ਟਰੰਪ ਪ੍ਰਸ਼ਾਸਨ ਦੇ ਨਜ਼ਰੀਏ ਅਨੁਸਾਰ, ਅਸਥਾਈ ਪ੍ਰਵਾਸੀਆਂ ਦੇ ਬੱਚੇ ਆਪਣੇ-ਆਪ ਅਮਰੀਕੀ ਨਾਗਰਿਕ ਨਹੀਂ ਬਣ ਸਕਦੇ। ਉਨ੍ਹਾਂ ਦਲੀਲ ਦਿੱਤੀ ਕਿ:

**ਵਫ਼ਾਦਾਰੀ ਦੀ ਸ਼ਰਤ:** ਸੰਵਿਧਾਨ ਅਨੁਸਾਰ ਨਾਗਰਿਕਤਾ ਲਈ ਅਮਰੀਕਾ ਪ੍ਰਤੀ ‘ਸਿੱਧੀ ਅਤੇ ਫ਼ੌਰੀ ਵਫ਼ਾਦਾਰੀ’ ਦੀ ਲੋੜ ਹੁੰਦੀ ਹੈ।

**ਅਸਥਾਈ ਰੁਤਬਾ:** ਅਸਥਾਈ ਵੀਜ਼ੇ ’ਤੇ ਆਏ ਲੋਕਾਂ ਦੇ ਬੱਚੇ ਇਸ ਕਸੌਟੀ ’ਤੇ ਖਰੇ ਨਹੀਂ ਉਤਰਦੇ ਕਿਉਂਕਿ ਉਨ੍ਹਾਂ ਦੇ ਮਾਪੇ ਅਮਰੀਕਾ ਦੇ ਪੱਕੇ ਨਿਵਾਸੀ ਨਹੀਂ ਹਨ।

**ਹਜ਼ਾਰਾਂ ਭਾਰਤੀ ਪਰਿਵਾਰਾਂ ’ਤੇ ਲਟਕੀ ਤਲਵਾਰ**

ਜੇਕਰ ਸੁਪਰੀਮ ਕੋਰਟ ਸਰਕਾਰ ਦੀਆਂ ਦਲੀਲਾਂ ਨਾਲ ਸਹਿਮਤ ਹੋ ਜਾਂਦੀ ਹੈ, ਤਾਂ ਇਸਦਾ ਸਭ ਤੋਂ ਵੱਡਾ ਅਸਰ ਭਾਰਤੀ ਭਾਈਚਾਰੇ ’ਤੇ ਪਵੇਗਾ।

**ਗ੍ਰੀਨ ਕਾਰਡ ਦੀ ਉਡੀਕ:** ਬਹੁਤ ਸਾਰੇ ਭਾਰਤੀ ਪਰਿਵਾਰ ਦਹਾਕਿਆਂ ਤੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦੇ ਬੱਚੇ ਅਮਰੀਕਾ ਵਿੱਚ ਹੀ ਪੈਦਾ ਹੋਏ ਅਤੇ ਪਲੇ ਹਨ।

**ਕਾਨੂੰਨੀ ਅਸਥਿਰਤਾ:** ਹੁਣ ਤੱਕ ਇਨ੍ਹਾਂ ਬੱਚਿਆਂ ਨੂੰ ਅਮਰੀਕੀ ਸ਼ਹਿਰੀਆਂ ਵਜੋਂ ਸਾਰੀਆਂ ਸਹੂਲਤਾਂ ਮਿਲ ਰਹੀਆਂ ਸਨ, ਪਰ ਨਵੀਂ ਨੀਤੀ ਇਨ੍ਹਾਂ ਪਰਿਵਾਰਾਂ ਨੂੰ ਅਸੁਰੱਖਿਅਤ ਬਣਾ ਦੇਵੇਗੀ।

**ਇਤਿਹਾਸਕ ਹਵਾਲੇ ਅਤੇ ਕਾਨੂੰਨੀ ਮਾਹਿਰਾਂ ਦੀ ਰਾਏ**

ਵਕੀਲਾਂ ਨੇ ਅਦਾਲਤ ਵਿੱਚ 1898 ਦੇ ਪ੍ਰਸਿੱਧ ‘ਅਮਰੀਕਾ ਬਨਾਮ ਵੋਂਗ ਕਿਮ ਆਰਕ’ (United States v. Wong Kim Ark) ਮਾਮਲੇ ਦਾ ਹਵਾਲਾ ਦਿੱਤਾ।

1. **ਸਥਾਪਿਤ ਕਾਨੂੰਨ:** ਇਸ ਇਤਿਹਾਸਕ ਫੈਸਲੇ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਮਾਪਿਆਂ ਦੇ ਰੁਤਬੇ ਦੀ ਪਰਵਾਹ ਕੀਤੇ ਬਿਨਾਂ, ਅਮਰੀਕੀ ਧਰਤੀ ’ਤੇ ਜਨਮੇ ਹਰ ਬੱਚੇ ਨੂੰ ਨਾਗਰਿਕਤਾ ਮਿਲੇਗੀ।
2. **14ਵੀਂ ਸੋਧ:** 1868 ਵਿੱਚ ਅਪਣਾਈ ਗਈ ਸੰਵਿਧਾਨ ਦੀ 14ਵੀਂ ਸੋਧ ਸਪੱਸ਼ਟ ਕਰਦੀ ਹੈ ਕਿ ‘ਜੋ ਵੀ ਕੋਈ ਇੱਥੇ ਪੈਦਾ ਹੋਇਆ ਹੈ, ਉਹ ਅਮਰੀਕੀ ਸ਼ਹਿਰੀ ਹੈ।’

**ਸਿੱਟਾ ਅਤੇ ਚੇਤਾਵਨੀ**

ਕਾਨੂੰਨੀ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਟਰੰਪ ਪ੍ਰਸ਼ਾਸਨ ਦੀ ਇਹ ਨੀਤੀ ਲਾਗੂ ਹੁੰਦੀ ਹੈ, ਤਾਂ ਇਹ ਸਦੀਆਂ ਪੁਰਾਣੇ ਸਥਾਪਿਤ ਕਾਨੂੰਨ ਨੂੰ ਖ਼ਤਮ ਕਰ ਦੇਵੇਗੀ। ਇਸ ਨਾਲ ਨਾ ਸਿਰਫ਼ ਪ੍ਰਵਾਸੀਆਂ ਵਿੱਚ ਪਾੜਾ ਵਧੇਗਾ, ਸਗੋਂ ਅਮਰੀਕਾ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਣ ਵਾਲੇ ਹੁਨਰਮੰਦ ਭਾਰਤੀ ਕਾਮਿਆਂ ਦਾ ਵਿਸ਼ਵਾਸ ਵੀ ਟੁੱਟ ਜਾਵੇਗਾ।

ਅਦਾਲਤ ਦੇ ਇਸ ਫੈਸਲੇ ’ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ, ਕਿਉਂਕਿ ਇਹ ਅਮਰੀਕੀ ਲੋਕਤੰਤਰ ਅਤੇ ਪ੍ਰਵਾਸ ਨੀਤੀ ਦੀ ਨਵੀਂ ਦਿਸ਼ਾ ਤੈਅ ਕਰੇਗਾ।

# ਵਿਧਾਨ ਸਭਾ ਚੋਣਾਂ: ਪਹਿਲੇ ਪੜਾਅ ਦੀ ਵੋਟਿੰਗ ਸ਼ੁਰੂ; ਪੂਰਬੀ ਮੇਦਿਨੀਪੁਰ ਦੇ ਪੋਲਿੰਗ ਸਟੇਸ਼ਨਾਂ ’ਤੇ ਲੱਗੀਆਂ ਲੰਬੀਆਂ ਕਤਾਰਾਂ









ਪੂਰਬੀ ਮੇਦਿਨੀਪੁਰ (ਪੱਛਮੀ ਬੰਗਾਲ) : ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2026 ਲਈ ਅੱਜ (ਵੀਰਵਾਰ) ਪਹਿਲੇ ਪੜਾਅ ਦੀ ਵੋਟਿੰਗ ਪ੍ਰਕਿਰਿਆ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸ਼ੁਰੂ ਹੋ ਗਈ ਹੈ। ਸਵੇਰ ਤੋਂ ਹੀ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

**ਵੋਟਰਾਂ ਦਾ ਉਤਸ਼ਾਹ:** ਪੂਰਬੀ ਮੇਦਿਨੀਪੁਰ ਦੇ ਵੱਖ-ਵੱਖ ਪੋਲਿੰਗ ਸਟੇਸ਼ਨਾਂ ’ਤੇ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਲੋਕ ਆਪਣੇ ਵੋਟਰ ਸ਼ਨਾਖਤੀ ਕਾਰਡ ਦਿਖਾਉਂਦੇ ਹੋਏ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ।

**ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ:** ਚੋਣ ਕਮਿਸ਼ਨ ਵੱਲੋਂ ਪਹਿਲੇ ਪੜਾਅ ਦੀ ਵੋਟਿੰਗ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਲਈ ਕੇਂਦਰੀ ਬਲਾਂ ਦੀਆਂ ਕਈ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ।

**ਮਹੱਤਵਪੂਰਨ ਪੜਾਅ:** ਇਹ ਪੜਾਅ ਕਈ ਸਿਆਸੀ ਦਿੱਗਜਾਂ ਦੀ ਕਿਸਮਤ ਦਾ ਫੈਸਲਾ ਕਰੇਗਾ, ਜਿਸ ਕਾਰਨ ਸਾਰੀਆਂ ਪਾਰਟੀਆਂ ਦੀਆਂ ਨਜ਼ਰਾਂ ਅੱਜ ਦੀ ਵੋਟਿੰਗ ਪ੍ਰਤੀਸ਼ਤ ’ਤੇ ਟਿਕੀਆਂ ਹੋਈਆਂ ਹਨ।

ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਲੋਕਤੰਤਰ ਨੂੰ ਮਜ਼ਬੂਤ ਕੀਤਾ ਜਾ ਸਕੇ।

## ਜਰਮਨੀ ਦੀ ਹੋਰਮੁਜ਼ ਜਲਡਮਰੂ ’ਚ ਤਿੰਨ ਜਹਾਜ਼ ਤਾਇਨਾਤ ਕਰਨ ਦੀ ਯੋਜਨਾ



ਬਰਲਿਨ : ਜਰਮਨੀ ਹੋਰਮੁਜ਼ ਜਲਡਮਰੂ ਵਿੱਚ ਜਹਾਜ਼ਾਂ ਦੀ ਰੱਖਿਆ ਲਈ ਇੱਕ ਅੰਤਰਰਾਸ਼ਟਰੀ ਮਿਸ਼ਨ ਵਿੱਚ ਹਿੱਸਾ ਲੈਣ ਲਈ ਤਿੰਨ ਜਹਾਜ਼ ਤਾਇਨਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਡੇਰ ਸਪੀਗਲ ਮੈਗਜ਼ੀਨ ਨੇ ਜਰਮਨ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਦਾ ਹਵਾਲਾ ਦਿੰਦੇ ਹੋਏ ਇਹ ਰਿਪੋਰਟ ਦਿੱਤੀ। ਮੈਗਜ਼ੀਨ ਨੇ ਦੱਸਿਆ ਕਿ ਜਰਮਨ ਚਾਂਸਲਰ ਫਰੈਡਰਿਕ ਮਰਜ਼ ਦੀ ਪ੍ਰਧਾਨਗੀ ਵਾਲੀ ਕੌਂਸਲ ਨੇ ਪੱਛਮੀ ਏਸ਼ੀਆ ਦੀ ਸਥਿਤੀ ਸਮੇਤ ਕਈ ਮਹੱਤਵਪੂਰਨ ਰਾਜਨੀਤਿਕ ਅਤੇ ਆਰਥਿਕ ਮੁੱਦਿਆਂ ’ਤੇ ਚਰਚਾ ਕੀਤੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੌਂਸਲ ਮਿਸ਼ਨ ਵਿੱਚ ਹਿੱਸਾ ਲੈਣ ਲਈ ਦੋ ਮਾਈਨਸਵੀਪਰਾਂ (ਬਾਰੂਦੀ ਸੁਰੰਗ ਹਟਾਉਣ ਵਾਲੇ ਜਹਾਜ਼ ) ਅਤੇ ਇੱਕ ਸਪਲਾਈ ਜਹਾਜ਼ ਦੀ ਤਾਇਨਾਤੀ ਨੂੰ ਅਧਿਕਾਰਤ ਕਰ ਸਕਦੀ ਹੈ। ਇਸ ਤੋਂ ਇਲਾਵਾ ਜਰਮਨੀ ਨੇ ਐਸਪਾਈਡਸ ਮਿਸ਼ਨ ਦੇ ਹਿੱਸੇ ਵਜੋਂ ਜਿਬੂਤੀ ਵਿੱਚ ਮੌਜੂਦਾ ਸਮੇਂ ਵਿੱਚ ਤਾਇਨਾਤ ਇੱਕ ਛੋਟੇ ਜਾਸੂਸੀ ਜਹਾਜ਼ ਨੂੰ ਤਾਇਨਾਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਗੌਰਤਲਬ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 1 ਅਪ੍ਰੈਲ ਨੂੰ ਕਿਹਾ ਸੀ ਕਿ ਉਹ ਅਮਰੀਕਾ ਨੂੰ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਤੋਂ ਬਾਹਰ ਕੱਢਣ ’ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਜਦੋਂ ਸਹਿਯੋਗੀਆਂ ਨੇ ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਯੁੱਧ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

## ਸੁਪਰੀਮ ਕੋਰਟ ਵਿੱਚ ਚਲ ਰਹੇ ਜਨਮ ਅਧਿਕਾਰ ਨਾਗਰਿਕਤਾ ਸਬੰਧੀ ਮਾਮਲੇ ਨੇ ਭਾਰਤੀਆਂ ਦੀ ਵਧਾਈ ਚਿੰਤਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਜਨਮ ਅਧਿਕਾਰ ਨਾਗਰਿਕਤਾ ਵਿਰੁੱਧ ਸੁਪਰੀਮ ਕੋਰਟ ਵਿੱਚ ਚਲ ਰਹੇ ਮੁਕੱਦਮੇ ਨੇ ਐਚ-ਬੀ ਵੀਜਾਧਾਰਕਾਂ ਤੇ ਹੋਰ ਆਰਜੀ ਭਾਰਤੀ ਵਰਕਰਾਂ ਵਿੱਚ ਚਿੰਤਾ ਵਧਾ ਦਿੱਤੀ ਹੈ। ਟਰੰਪ ਪ੍ਰਸਾਸ਼ਨ ਨੇ ਅਦਾਲਤ ਨੂੰ ਦੱਸਿਆ ਕਿ ਆਰਜੀ ਪ੍ਰਵਾਸੀ ਖੁਦ ਬਖੁਦ ਅਮਰੀਕੀ ਨਾਗਰਿਕ ਨਹੀਂ ਬਣ ਸਕਦੇ। ਸਾਲਿਸਟਰ ਜਨਰਲ ਜੌਹਨ ਸੌਰ ਨੇ ਕਿਹਾ ਕਿ ਸੰਵਿਧਾਨ ਅਨੁਸਾਰ ਨਾਗਰਿਕਤਾ ਲਈ ਅਮਰੀਕਾ ਪ੍ਰਤੀ ਸਿੱਧੀ ਤੇ ਫੌਰੀ ਵਫਾਦਾਰੀ ਦੀ ਲੋੜ ਹੈ ਤੇ ਅਮਰੀਕਾ ਦੀ ਧਰਤੀ ’ਤੇ ਜਨਮ ਲੈਣਾ ਕਾਫੀ ਨਹੀਂ ਹੈ। ਉਨਾਂ ਦਲੀਲ ਦਿੱਤੀ ਕਿ ਆਰਜੀ ਵੀਜੇ ਉਪਰ ਆਏ ਲੋਕਾਂ ਦੇ ਬੱਚੇ ਕਸੌਟੀ ‘ਤੇ ਖਰਾ ਨਹੀਂ ਉਤਰਦੇ।


ਉਨਾਂ ਕਿਹਾ ਕਿ ਨਿਯਮ ਉਨਾਂ ਲੋਕਾਂ ਉਪਰ ਲਾਗੂ ਨਹੀਂ ਹੁੰਦੇ ਜੋ ਆਰਜੀ ਤੌਰ ‘ਤੇ ਅਮਰੀਕਾ ਵਿੱਚ ਰਹਿ ਰਹੇ ਹਨ। ਜੇਕਰ ਸੁਪਰੀਮ ਕੋਰਟ ਸਰਕਾਰ ਦੀਆਂ ਦਲੀਲਾਂ ਨਾਲ ਸਹਿਮਤ ਹੋ ਜਾਂਦੀ ਹੈ ਤਾਂ ਹਜਾਰਾਂ ਭਾਰਤੀ ਪ੍ਰਭਾਵਿਤ ਹੋ ਸਕਦੇ ਹਨ। ਇਨਾਂ ਵਿੱਚ ਬਹੁਤ ਸਾਰੇ ਪਰਿਵਾਰ ਸਾਲਾਂ ਤੋਂ ਗਰੀਨ ਕਾਰਡ ਦੀ ਉਡੀਕ ਵਿੱਚ ਹਨ। ਉਨਾਂ ਨੇ ਅਮਰੀਕਾ ਵਿੱਚ ਹੀ ਆਪਣਾ ਕਰੀਅਰ ਬਣਾਇਆ ਤੇ ਪਰਿਵਾਰਾਂ ਨੂੰ ਪਾਲਿਆ ਪੋਸਿਆ ਹੈ। ਉਨ੍ਹਾਂ ਦੇ ਬੱਚਿਆਂ ਨਾਲ ਮੌਜੂਦਾ ਕਾਨੂੰਨ ਤਹਿਤ ਹੀ ਅਮਰੀਕੀ ਸ਼ਹਿਰੀਆਂ ਵਜੋਂ ਵਿਵਹਾਰ ਕੀਤਾ ਗਿਆ ਹੈ। ਵਕੀਲਾਂ ਨੇ ਸਵਾਲ ਉਠਾਇਆ ਹੈ ਕਿ ਟਰੰਪ ਪ੍ਰਸਾਸ਼ਨ ਦੀ ਅਜਿਹੀ ਨੀਤੀ ਕਿਸ ਤਰਾਂ ਕੰਮ ਕਰੇਗੀ ? ਉਨਾਂ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਸਥਾਪਿਤ ਕਾਨੂੰਨ ਖਤਮ ਹੋ ਜਾਵੇਗਾ। ਉਨਾਂ ਨੇ ਅਦਾਲਤ ਵਿੱਚ 1898 ਦਾ ਅਮਰੀਕਾ ਬਨਾਮ ਰੌਂਗ ਕਿਮ ਆਰਕ ਮਾਮਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਕੇਸ ਵਿੱਚ ਮਾਪਿਆਂ ਦੇ ਰੁਤਬੇ ਦੀ ਪਰਵਾਹ ਕੀਤੇ ਬਗੈਰ ਅਮਰੀਕਾ ਵਿੱਚ ਜਨਮੇ ਬੱਚਿਆਂ ਨੂੰ ਅਮਰੀਕੀ ਸ਼ਹਿਰੀ ਕਰਾਰ ਦਿੱਤਾ ਗਿਆ ਸੀ। ਉਨਾਂ ਕਿਹਾ ਕਿ ਸਵਿਧਾਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜੋ ਵੀ ਕੋਈ ਇਥੇ ਪੈਦਾ ਹੋਇਆ ਹੈ, ਉਹ ਅਮਰੀਕੀ ਸ਼ਹਿਰੀ ਹੀ ਹੈ। 1868 ਵਿੱਚ ਅਪਣਾਈ 14 ਵੀਂ ਸੋਧ ਅਮਰੀਕਾ ਵਿਚ ਜਨਮੇ ਹਰੇਕ ਵਿਅਕਤੀ ਨੂੰ ਨਾਗਰਿਕਤਾ ਪ੍ਰਦਾਨ ਕਰਦੀ ਹੈ।

# ਸਿੰਘ ਸਭਾ ਲਹਿਰ ਦੇ ਵਿਦਵਾਨ ਆਗੂ 'ਪੰਥ ਰਤਨ' ਭਾਈ ਦਿੱਤ ਸਿੰਘ ਗਿਆਨੀ

**'ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉਠੇ,**
**ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।**
**ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,**
**ਅਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।**
**ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,**
**ਆਈ ਅਜ ਯਾਦ ਉਸ ਸਿੰਘ ਸਭਾ ਬਾਨੀ ਦੀ।**
**ਭਾਵੇਂ ਉਹ ਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,**
**ਭਾਸੇ ਅਜ ਲੋੜ ਫੇਰ 'ਦਿੱਤ ਸਿੰਘ ਗਿਆਨੀ' ਦੀ।'**

ਸਿੰਘ ਸਭਾ ਲਹਿਰ ਦੀ ਜਿਥੇ ਪੰਜਾਬ ਦੀ ਧਰਤੀ ਕ੍ਰਤੇ ਸਿੱਖੀ ਦੇ ਫੈਲਾਅ ਵਿੱਚ ਵਿਸ਼ੇਸ਼ ਭੂਮਿਕਾ ਹੈ, ਉੱਥੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿਚ ਵੀ ਇਸ ਦੀ ਵਡਮੁਲੀ ਦੇਣ ਹੈ। ਮਹਾਨ ਸਿੱਖ ਵਿਦਵਾਨ, ਉੱਚ-ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਤਮ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ, ਸੰਪਾਦਕ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਸਨ। ਰੋਪੜ ਨਿਵਾਸੀ ਕਵੀਰਾਜ ਗੁਰਬਖਸ਼ ਸਿੰਘ ਦੀਆਂ ਉਪਰੋਕਤ ਕਾਵਿ ਸਤਰਾਂ ਭਾਈ ਸਾਹਿਬ ਦੀ ਕੌਮ ਪ੍ਰਤੀ ਦੇਣ ਨੂੰ ਬਿਆਨਦੀਆਂ ਹਨ। ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਗਿਆਨੀ ਦਿੱਤ ਸਿੰਘ ਦਾ ਜਨਮ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਦੇ ਮੂਲਨਿਵਾਸੀ ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 21 ਅਪ੍ਰੈਲ 1853 ਈ. (ਦੂਜਾ ਸਰੋਤ 1850 ਈ.) ਵਿਚ ਹੋਇਆ। ਨਿੱਕੀ ਉਮਰੇ ਆਪ ਜੀ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਦੇ ਡੇਰੇ ਤੋਂ ਸ੍ਵੈ ਅਧਿਐਨ ਸਦਕਾ ਗੁਰਬਾਣੀ ਸਮੇਤ ਹੋਰ ਗਿਆਨ ਹਾਸਲ ਕੀਤਾ। ਭਾਈ ਦਿੱਤ ਸਿੰਘ ਦਾ ਵਿਆਹ 1872 ਵਿੱਚ ਸਿੱਖ ਮਰਿਆਦਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ। ਬੀਬੀ ਬਿਸ਼ਨ ਕੌਰ ਦੇ ਜਿਮੀਂਦਾਰ ਪਰਿਵਾਰ ਅਤੇ ਗਿਆਨੀ ਦਿੱਤ ਸਿੰਘ ਦਾ ਮੂਲ ਨਿਵਾਸੀ ਪਰਿਵਾਰ ਦਾ, ਵਿਆਹ ਦੇ ਰੂਪ ਵਿੱਚ ਮੇਲ ਇਤਿਹਾਸਕ ਇਨਕਲਾਬ ਸੀ, ਜਿਸ ਦਾ ਉਸ ਵੇਲੇ ਵੀ ਕਾਫੀ ਵਿਰੋਧ ਹੋਇਆ।

ਸਿੰਘ ਸਭਾ ਲਾਹੌਰ ਦੇ ਮੋਢੀ ਅਤੇ ਉੱਘੇ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਗਿਆਨੀ ਦਿੱਤ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤਾ। ਗਿਆਨੀ ਦਿੱਤ ਸਿੰਘ ਅਤੇ ਬੀਬੀ ਬਿਸ਼ਨ ਕੌਰ ਦੇ ਘਰ ਪੁੱਤਰ ਬਲਦੇਵ ਸਿੰਘ ਅਤੇ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਉਨ੍ਹਾਂ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ।




ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ 10 ਨਵੰਬਰ 1880 ਨੂੰ ਲਾਹੌਰ ਤੋਂ ਹਫ਼ਤਾਵਾਰੀ 'ਗੁਰਮੁਖੀ' ਅਖ਼ਬਾਰ, ਸ਼ੁੱਧ ਪੰਜਾਬੀ 'ਚ ਆਰੰਭ ਕਰਕੇ, ਨਾ ਸਿਰਫ਼ ਧਾਰਮਿਕ ਅਤੇ ਸਮਾਜਿਕ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ, ਸਗੋਂ ਪੰਜਾਬੀ ਦੇ ਵਿਕਾਸ 'ਚ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਆਪ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕ ਰਹੇ ਅਤੇ ਅਖਬਾਰ ਜ਼ਰੀਏ ਵੀ ਲੋਕਾਂ ਨੂੰ ਜਾਤ ਪਾਤ, ਅੰਧ-ਵਿਸ਼ਵਾਸ, ਜਾਦੂ- ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਗਿਆਨੀ ਦਿੱਤ ਸਿੰਘ ਜੀ ਦੇ ਜ਼ਿਕਰ ਤੋਂ ਬਗੈਰ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਅਧੂਰਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਵੱਲੋਂ ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ। ਪੰਜਾਬੀ ਪੱਤਰਕਾਰੀ ਦੀ ਇਤਿਹਾਸਕਾਰੀ ਵਿੱਚ ਸਿੰਘ ਸਭਾ ਲਹਿਰ ਨਾਲ ਅਜਿਹਾ ਵਿਤਕਰਾ ਬੌਧਿਕ ਦੀਵਾਲੀਆਪਣ ਅਤੇ ਸਾਹਿਤਕ ਕੰਗਾਲੀ ਦਾ ਪ੍ਰਗਟਾਵਾ ਕਰਦਾ ਹੈ।

ਪੰਥ ਰਤਨ ਗਿਆਨੀ ਦਿੱਤ ਸਿੰਘ ਨੇ 'ਸਿੰਘ ਸਭਾ ਲਹਿਰ' ਰਾਹੀਂ ਸਿੱਖ ਸਮਾਜ ਵਿੱਚ ਫੈਲੇ ਮਨੂਵਾਦੀ ਭਰਮ ਅਤੇ ਪਖੰਡ ਖਤਮ ਕਰਨ ਲਈ ਦ੍ਰਿੜ੍ਹਤਾ ਨਾਲ ਲੰਮਾ ਸੰਘਰਸ਼ ਕੀਤਾ। ਆਪ ਜੀ ਦੇ ਮਹਾਨ ਗੁਣਾਂ ਵਿੱਚ ਇਹ ਅਹਿਮ ਪਹਿਲੂ ਸ਼ਾਮਲ ਹਨ ਕਿ ਇਕਵੰਜਾ ਸਾਲ ਦੀ ਉਮਰ 'ਚ 70 ਤੋਂ ਵੱਧ ਕਿਤਾਬਾਂ ਅਤੇ ਟਰੈਕਟਰ ਲਿਖੇ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੇ ਮੋਢੀ ਮੈਂਬਰ ਬਣੇ।

ਇਨ੍ਹਾਂ ਪੱਖਾਂ ਤੋਂ ਇਲਾਵਾ ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ; ਜਾਤ -ਪਾਤ ਅਤੇ ਊਚ- ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉੱਠਾਉਣ ਸਮੇਤ ਅਨੇਕਾਂ ਖੇਤਰਾਂ ਵਿੱਚ ਗਿਆਨੀ ਦਿੱਤ ਸਿੰਘ ਜੀ ਦੀ ਇਤਿਹਾਸਕ ਭੂਮਿਕਾ ਰਹੀ। 6 ਸਤੰਬਰ 1901 ਈ. ਨੂੰ ਧਰਮ-ਸੁਧਾਰ ਲਈ ਜੂਝਦਿਆਂ ਗਿਆਨੀ ਦਿੱਤ ਸਿੰਘ ਬੀਮਾਰੀ ਕਾਰਨ ਸਰੀਰਕ ਤੌਰ 'ਤੇ ਸਭ ਨੂੰ ਅਲਵਿਦਾ ਕਹਿ ਗਏ, ਪਰ ਵਿਚਾਰਧਾਰਕ ਪੱਖੋਂ ਉਹ ਹਮੇਸ਼ਾ ਹੀ ਜਿਉਂਦੇ ਹਨ।

ਡਾ. ਗੁਰਵਿੰਦਰ ਸਿੰਘ
604 825 1550
ਗਿਆਨੀ ਦਿੱਤ ਸਿੰਘ
ਸਾਹਿਤ ਸਭਾ, ਕੈਨੇਡਾ



ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਜਿੱਥੇ ਇਸਾਈ ਮਿਸ਼ਨਰੀਆਂ ਨੂੰ ਚੁਣੌਤੀ ਦਿੰਦਿਆਂ, ਸਿੱਖੀ ਉੱਤੇ ਉਹਨਾਂ ਦੇ ਪ੍ਰਭਾਵ ਦੇ ਖਾਤਮੇ ਦੇ ਯਤਨ ਕੀਤੇ, ਉੱਥੇ ਆਰੀਆ ਸਮਾਜੀਆਂ ਅਤੇ ਬ੍ਰਾਹਮਣਵਾਦੀਆਂ ਨੂੰ ਵੀ ਖੁੱਲ ਕੇ ਵੰਗਾਰਿਆ। ਸਿੱਖੀ ਦੇ ਵਿਰੋਧੀਆਂ ਨਾਲ ਜ਼ਬਰਦਸਤ ਟੱਕਰ ਲੈਂਦਿਆਂ ਗਿਆਨੀ ਦਿੱਤ ਸਿੰਘ ਜੀ ਨੇ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ ਸਨ; 'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ। ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।' ਗਿਆਨੀ ਦਿੱਤ ਸਿੰਘ ਨੇ ਇਸ ਬਾਰੇ 'ਸਾਧੂ ਦਿਆ ਨੰਦ ਨਾਲ ਮੇਰੇ ਸੰਵਾਦ' ਕਿਤਾਬ ਰਾਹੀਂ ਜੋ ਬਖੀਏ ਉਧੇੜੇ, ਉਹ ਭਾਵਪੂਰਤ ਸ਼ਬਦਾਂ ਵਿੱਚ ਦਰਜ ਹਨ ਤੇ ਇਹ ਕਿਤਾਬ ਹਰ ਇੱਕ ਦੇ ਪੜ੍ਹਨ ਲਾਇਕ ਹੈ।

ਅੱਜ ਗਿਆਨੀ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ, ਉਨ੍ਹਾਂ ਦੁਆਰਾ ਦਿਆਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਉੱਦਮ ਨੂੰ ਜਾਰੀ ਰੱਖਦੇ ਹੋਏ, ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਾਧੂ ਦਿਯਾ ਨੰਦ ਨੇ ਗੁਰੂ ਨਾਨਕ ਸਾਹਿਬ ਸਬੰਧੀ ਜੋ ਸ਼ਬਦ 'ਸਤਿਆਰਥ ਪ੍ਰਕਾਸ਼' ਵਿੱਚ ਲਿਖੇ ਹਨ, ਉਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਕੀਤਾ ਜਾਏ। ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ ਅਤੇ ਲਿਖਤੀ ਰੂਪ ਦੇ ਵਿੱਚ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਮਨੂੰਵਾਦੀ ਅਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਕਦਮ ਉਠਾਉਣ ਤੋਂ ਕੰਨੀ ਕਤਰਾਉਂਦੀਆਂ ਆ ਰਹੀਆਂ ਹਨ।

ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਦੁਆਰਾ ਆਰੰਭੀ ਸਿੰਘ ਸਭਾ ਲਹਿਰ ਜਾਰੀ ਰੱਖਣ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ਼ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ। ਇਸ ਗੱਲ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਵਾਮੀ ਦਯਾਨੰਦ ਦੇ ਨਾਮ 'ਤੇ ਪੰਜਾਬ ਸਮੇਤ ਉੱਤਰੀ ਭਾਰਤ ਵਿਚ ਥਾਂ-ਥਾਂ ਸਕੂਲ, ਕਾਲਜ ਹਨ ਪਰ ਅੱਜ ਇਹ ਸਿੱਖ ਕੌਮ ਲਈ ਬਹੁਤ ਵੱਡੀ ਬੌਧਿਕ ਚੁਣੌਤੀ ਹੈ ਕਿ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਨਾਂ ਤੇ ਸਕੂਲ, ਕਾਲਜ ਤਾਂ ਕੀ ਹੋਣੇ ਹਨ, ਬਲਕਿ ਬਹੁਤੇ ਸਿੱਖ ਤਾਂ ਉਹਨਾਂ ਬਾਰੇ ਜਾਣਦੇ ਵੀ ਨਹੀਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਸਿੱਖੀ ਦੇ ਅਸਲੀ ਅਨਮੋਲ ਰਤਨ ਸਨ, ਉਨ੍ਹਾਂ ਨੂੰ ਸਿੱਖਾਂ ਨੇ ਹੀ ਭੁਲਾ ਦਿਤਾ। ਸਿੰਘ ਸਭਾ ਲਹਿਰ ਚਲਾ ਕੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਸਿੱਖੀ ਦਾ ਬੇੜਾ ਬਚਾਇਆ ਸੀ, ਉਨ੍ਹਾਂ ਅਣਮੁੱਲੇ ਰਤਨਾਂ ਦੀ ਕੌਮ ਨੇ ਕੋਈ ਕਦਰ ਨਾ ਕੀਤੀ। ਪੰਥ ਰਤਨ ਗਿਆਨੀ ਦਿੱਤ ਸਿੰਘ ਸਮੇਤ ਇਹ ਸਾਰੇ ਉਹ ਯੋਧੇ ਹੋਏ ਨੇ ਜਿਨ੍ਹਾਂ ਨੇ ਸਿੱਖੀ ਨੂੰ ਮਨੂਵਾਦ ਅਤੇ ਬਿਪਰਵਾਦ ਦੇ ਦਲਦਲ ਵਿੱਚ ਧਸਣ ਤੋਂ ਬਚਾਇਆ ਸੀ, ਅੱਜ ਅਸੀਂ ਇਹਨਾਂ ਅਣਮੁਲੇ ਹੀਰਿਆਂ ਨੂੰ ਵਿਸਾਰ ਦਿਤਾ ਹੈ।

ਕਰੀਬ ਡੇਢ ਸੌ ਸਾਲ ਪਹਿਲਾਂ ਪੈਦਾ ਹੋਈ ਸਿੰਘ ਸਭਾ ਲਹਿਰ ਰਾਹੀਂ ਗਿਆਨੀ ਦਿੱਤ ਸਿੰਘ ਨੇ ਆਪਣੇ ਸਮਿਆਂ ਵਿਚ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਆਉ! ਉਹਨਾਂ ਦੇ ਜਨਮ ਦਿਹਾੜੇ 'ਤੇ ਸਿੰਘ ਸਭਾ ਲਹਿਰ ਦੀ ਪੁਨਰ-ਸੁਰਜੀਤੀ ਲਈ ਲਾਮਬੰਦ ਹੋਈਏ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਪੰਜਾਬੀ ਬੋਲੀ ਦੀ ਤਰੱਕੀ ਲਈ ਵਚਨਬੱਧ ਹੋਈਏ। ਗਿਆਨੀ ਦਿੱਤ ਜੀ ਦੇ ਜਨਮ ਦਿਨ ਦੀਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵੱਲੋਂ ਬਹੁਤ ਮੁਬਾਰਕਾਂ। ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਬਾਰੇ ਇਹ ਕਵਿਤਾ ਅੱਜ ਇਸ ਮੌਕੇ 'ਤੇ ਸਾਂਝੀ ਕਰਦੇ ਹਾਂ :


# REDUCE TO ASHES (ਜੋ ਰਾਖ ਹੋ ਗਏ...) ਦੇ ਲਿਖਾਰੀ ਅਤੇ ਸਿੱਖ ਚਿੰਤਕ ਭਾਈ ਅਮਰੀਕ ਸਿੰਘ ਮੁਕਤਸਰ ਨਾਲ ਮਿਲਣੀ

ਡਾ ਗੁਰਵਿੰਦਰ ਸਿੰਘ

ਇੱਕ ਮਹੀਨੇ ਦੇ ਵਿਸਰਾਮ (ਰਹਾਉ) ਮਗਰੋਂ ਸਿਹਤਯਾਬ ਹੋ ਕੇ, ਸਰੀ ਵਿਖੇ ਖਾਲਸਾ ਦਿਹਾੜੇ 'ਤੇ ਨਗਰ ਕੀਰਤਨ ਚ ਸ਼ਾਮਿਲ ਹੋਣਾ ਬੜਾ ਆਨੰਦਮਈ ਰਿਹਾ। ਅਨੇਕਾਂ ਹੋਰ ਖੁਸ਼ੀਆਂ ਤੋਂ ਇਲਾਵਾ ਵੱਡੀ ਗੱਲ ਇਹ ਸੀ ਕਿ ਇਤਿਹਾਸਿਕ ਦਸਤਾਵੇਜ਼ REDUCE TO ASHES (ਜੋ ਰਾਖ ਹੋ ਗਏ.. ਪੰਜਾਬੀ ਅਨੁਵਾਦ : ਰੀਥਿੰਕ ਬੁਕਸ : ਡਾ ਪਰਮਿੰਦਰ ਸਿੰਘ ਸ਼ੌਂਕੀ) ਦੇ ਲਿਖਾਰੀਆਂ ਦੀ ਟੀਮ (Ram Narayan Kumar, Amreek Singh Muktsar, Ashok Agrwaal and Jaskaran Kaur) 'ਚੋਂ ਸਤਿਕਾਰਤ ਸ਼ਖਸੀਅਤ ਅਤੇ ਪੰਥਕ ਚਿੰਤਕ ਭਾਈ ਅਮਰੀਕ ਸਿੰਘ ਮੁਕਤਸਰ, ਇਸ ਮੌਕੇ 'ਤੇ ਸੰਗਤੀ ਰੂਪ ਵਿੱਚ ਸ਼ਾਮਿਲ ਹੋਣ ਲਈ ਪਹੁੰਚੇ ਹੋਏ ਸਨ। ਉਹਨਾਂ ਕੀਮਤੀ ਰੁਝੇਵਿਆਂ ਵਿੱਚੋਂ, ਸਿਹਤ ਦਾ ਹਾਲ-ਚਾਲ ਪੁੱਛਣ ਲਈ ਸਮਾਂ ਕੱਢਿਆ ਅਤੇ ਗ੍ਰਹਿ ਵਿਖੇ ਪਧਾਰੇ। ਭਾਈ ਸਾਹਿਬ ਨਾਲ ਚਿੰਤਨ ਅਤੇ ਵਿਚਾਰਾਂ ਦੇ ਪਲ ਯਾਦਗਾਰੀ ਰਹੇ।

ਕਰੀਬ ਤਿੰਨ ਘੰਟੇ ਦੀ ਲੰਮੀ ਬੈਠਕ ਵਿੱਚ ਭਾਈ ਅਮਰੀਕ ਸਿੰਘ ਮੁਕਤਸਰ ਵੱਲੋਂ REDUCE TO ASHES (ਜੋ ਰਾਖ ਹੋਏ) ਦਸਤਾਵੇਜ਼ ਲਈ ਕੀਤੇ ਕਾਰਜ, ਇਹ ਦਸਤਾਵੇਜ਼ ਤਿਆਰ ਕਰਨ ਅਤੇ ਪ੍ਰਕਾਸ਼ਤ ਕਰਨ ਮਗਰੋਂ 'ਬੈਨ ਲੱਗਣ' ਦੌਰਾਨ ਚੁਣੌਤੀਆਂ, ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਅਤੇ ਉਹਨਾਂ ਨੂੰ ਲਾਵਾਰਸ ਲਾਸ਼ਾਂ ਕਰਾਰ ਦੇ ਕੇ ਸਮੂਹਿਕ ਅਗਨ ਭੇਟ ਕਰਨਾ, ਜ਼ਾਲਮ ਪੁਲਿਸ ਮੁਖੀਆਂ ਅਤੇ ਸਟੇਟ ਦੇ ਦਹਿਸ਼ਤਵਾਦ ਖਿਲਾਫ ਸੰਘਰਸ਼ ਬਾਰੇ ਮੁਢਲੀ ਅਤੇ ਮੌਲਿਕ ਜਾਣਕਾਰੀ ਸਾਂਝੀ ਕੀਤੀ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਲੰਮੇ ਸੰਘਰਸ਼ ਅਤੇ ਇਤਿਹਾਸਿਕ ਦੇਣ ਬਾਰੇ, ਜੋ ਗੱਲਾਂ ਭਾਈ ਅਮਰੀਕ ਸਿੰਘ ਮੁਕਤਸਰ ਨੇ ਕੀਤੀਆਂ, ਉਹਨਾਂ ਨੂੰ ਸ਼ਬਦੀ ਰੂਪ ਦੇਣ ਲਈ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ।

ਇਸ ਵੇਲੇ ਵੀ ਭਾਈ ਅਮਰੀਕ ਸਿੰਘ ਮੁਕਤਸਰ ਕਈ ਸਾਹਿਤਕ ਅਤੇ ਸਿਆਸੀ ਕਾਰਜਾਂ ਵਿੱਚ ਸਰਗਰਮ ਹਨ। ਬਿਨਾਂ ਢੰਡੋਰਾ ਪਿੱਟਣ ਦੇ, ਉਹਨਾਂ ਕੁਝ ਅਜਿਹੀ ਕਾਰਜ ਕੀਤੇ ਹਨ, ਜਿਨਾਂ ਦੇ ਨਤੀਜੇ ਵਧੀਆ ਹੋਣ ਦੀ ਸੰਭਾਵਨਾ ਹੈ। ਗੁਰਬਾਣੀ ਅਤੇ ਖੱਬੇ ਪੱਖੀ ਚਿੰਤਨ ਦੇ ਮਾਹਿਰ ਵਿਦਵਾਨ 'ਪ੍ਰੋਫੈਸਰ ਕਿਸ਼ਨ ਸਿੰਘ ਦੀ ਸਮੁੱਚੀ ਰਚਨਾਵਲੀ' ਨੂੰ ਚਾਰ ਜਿਲਤਾਂ ਰਾਹੀਂ ਪ੍ਰਕਾਸ਼ਤ ਕਰਵਾਉਣ ਦੇ ਉਪਰਾਲੇ ਵਿੱਚ ਉਹਨਾਂ ਦੀ ਵੱਡੀ ਭੂਮਿਕਾ ਹੈ, ਜਿਸ ਨੂੰ ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੀ ਸੰਪਾਦਨਾ ਹੇਠ, ਡਾ. ਪਰਮਿੰਦਰ ਸਿੰਘ ਸ਼ੌਂਕੀ ਨੇ ਰੀਥਿੰਕ ਬੁਕਸ ਪਬਲੀਕੇਸ਼ਨ ਰਾਹੀਂ ਖ਼ੂਬਸੂਰਤ ਢੰਗ ਨਾਲ ਛਪਾਇਆ ਹੈ। ਬੀਤੇ ਦਿਨੀਂ 'ਵਾਰਿਸ ਪੰਜਾਬ ਦੇ' ਅਤੇ 'ਅਕਾਲੀ ਦਲ ਪੁਨਰ ਸੁਰਜੀਤ' ਵਿੱਚ ਤਾਲਮੇਲ ਸਥਾਪਤੀ ਦਾ ਉਪਰਾਲਾ ਕਰਨ ਵਿੱਚ ਉਹਨਾਂ ਦੀ ਭੂਮਿਕਾ ਪ੍ਰਮੁਖ ਹੈ, ਜਿਸ ਬਾਰੇ ਅਹਿਮ ਵਿਚਾਰਾਂ ਹੋਈਆਂ।




ਸਭ ਤੋਂ ਅਹਿਮ ਗੱਲ, ਮੌਜੂਦਾ ਸਮੇਂ ਵੱਖ-ਵੱਖ ਪੰਥਕ ਧਿਰਾਂ, ਪੰਜਾਬ ਹਿਤੈਸ਼ੀ ਸਮੂਹ ਸੰਸਥਾਵਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵਿੱਚ ਤਾਲਮੇਲ ਲਈ ਭਾਈ ਅਮਰੀਕ ਸਿੰਘ ਮੁਕਤਸਰ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ। ਭਾਈ ਮੁਕਤਸਰ ਨੂੰ ਐਬਸਫੋਰਡ ਗ੍ਰਹਿ ਵਿਖੇ ਲਿਆਉਣ ਲਈ ਦੀ ਸੇਵਾ ਸਾਂਝੇ ਮਿੱਤਰ ਮਾਨਯੋਗ ਭੁਪਿੰਦਰ ਸਿੰਘ ਮੱਲੀ ਨੇ ਨਿਭਾਈ, ਜੋ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਮਨੁੱਖੀ ਹੱਕਾਂ ਦੇ ਚੈਂਪੀਅਨ ਜਸਟਿਸ ਅਜੀਤ ਸਿੰਘ ਬੈਂਸ ਦੇ ਛੋਟੇ ਭਰਾ, ਅਗਾਂਹ ਵਧੂ ਚਿੰਤਕ ਅਤੇ ਐਕਟਵਿਸਟ ਕਾਮਰੇਡ ਹਰਦਿਆਲ ਬੈਂਸ ਨਾਲ ਮੱਲੀ ਸਾਹਿਬ ਲੰਮਾ ਸਮਾਂ ਰਹੇ। ਆਪ ਹੁਣ ਵੀ ਵੱਖ-ਵੱਖ ਧਿਰਾਂ ਨਾਲ ਪੰਜਾਬ ਦੀ ਭਲਾਈ ਅਤੇ ਮਨੁੱਖੀ ਹੱਕਾਂ ਲਈ ਮੇਲ-ਜੋਲ ਰੱਖਦੇ ਹਨ। ਕਿਹਾ ਜਾ ਸਕਦਾ ਹੈ ਕਿ ਜਦੋਂ ਬਹੁਤ ਸਾਰੀਆਂ ਖੱਬੀ ਪੱਖੀ ਧਿਰਾਂ ਦੇ 'ਕਹਿੰਦੇ-ਕਹਾਉਂਦੇ ਆਗੂ' ਹਕੂਮਤਾਂ ਨਾਲ ਜਾ ਰਲੇ ਅਤੇ ਪੰਜਾਬ ਦੀ ਜਵਾਨੀ ਦਾ ਘਾਣ ਕਰਾਇਆ, ਉਸ ਵੇਲੇ ਕਾਮਰੇਡ ਹਰਦਿਆਲ ਬੈਂਸ ਦੀ ਸੋਚ ਰੱਖਣ ਵਾਲੇ ਭੁਪਿੰਦਰ ਸਿੰਘ ਮੱਲੀ ਵਰਗੇ ਸਤਿਕਾਰਯੋਗ ਸਖਸ਼ ਜ਼ਿਕਰਯੋਗ ਹਨ, ਜਿਹਨਾਂ ਬਾਰੇ ਗੱਲ ਕਰਨ ਬਿਨਾ ਮੁਕੰਮਲ ਇਤਿਹਾਸ ਦਾ ਵਰਣਨ ਅਧੂਰਾ ਹੈ।

ਅਖੀਰ 'ਚ ਭਾਈ ਅਮਰੀਕ ਸਿੰਘ ਮੁਕਤਸਰ ਨੇ ਆਪਣੇ ਵੱਲੋਂ ਕੀਮਤੀ ਅਲਫਾਜ਼ ਲਿਖ ਕੇ REDUCE TO ASHES (ਜੋ ਰਾਖ ਹੋ ਗਏ..) ਕਿਤਾਬ ਦਿੱਤੀ, ਜੋ ਕਿ ਬੜੀ ਮਾਣ ਵਾਲੀ ਗੱਲ ਹੈ। ਇਹ ਕਿਤਾਬ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਰੀਥਿੰਗ ਬੁੱਕਸ ਵੱਲੋਂ ਡਾ ਪਰਮਿੰਦਰ ਸਿੰਘ ਸ਼ੌਂਕੀ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕੀਤੀ ਹੈ, ਜੋ ਹਰ ਘਰ ਵਿੱਚ ਹੋਣੀ ਚਾਹੀਦੀ ਹੈ। ਇਸ ਕਿਤਾਬ ਦੀ ਮਹੱਤਤਾ ਅਤੇ ਪ੍ਰਭਾਵਾਂ ਬਾਰੇ ਆਉਂਦੇ ਸਮੇਂ ਵੱਖਰੇ ਸਮਾਗਮ ਉਲੀਕਣ ਦਾ ਉਪਰਾਲਾ ਹੋਵੇਗਾ। ਭਾਈ ਮੁਕਤਸਰ ਦੀ ਚੜ੍ਹਦੀ ਕਲਾ ਅਤੇ ਭਾਈ ਸਾਹਿਬ ਵੱਲੋਂ ਪੰਜਾਬ, ਸਿੱਖ ਪੰਥ ਅਤੇ ਸਰਬੱਤ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਸਤਿਗੁਰੂ ਨੇਪਰੇ ਚਾੜਨ ਲਈ ਬਲ ਬਖਸ਼ਣ, ਇਹ ਅਰਦਾਸ ਹੈ!

# ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ’ਤੇ ਲੱਗੀ ਐਨ.ਐਸ.ਏ. ਖਤਮ

## ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਦੌਰਾਨ ਮਿਲਿਆ 2 ਦਿਨ ਦਾ ਰਿਮਾਂਡ

ਅੰਮ੍ਰਿਤਸਰ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਡਿਬਰੂਗੜ੍ਹ ਜੇਲ੍ਹ ਤੋਂ ਅਜਨਾਲਾ ਅਦਾਲਤ ’ਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਕਰਵਾਈ ਗਈ। ਅਦਾਲਤ ਵੱਲੋਂ ਅੰਮ੍ਰਿਤਸਰ ਪੁਲਸ ਨੂੰ 2 ਦਿਨ ਦਾ ਰਿਮਾਂਡ ਦਿੱਤਾ ਗਿਆ ਹੈ, ਜਿਸ ਨਾਲ ਹੁਣ ਪੁਲਸ ਵੱਲੋਂ ਜਾਂਚ ਪ੍ਰਕਿਰਿਆ ਹੋਰ ਤੇਜ਼ ਕਰ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਅੰਮ੍ਰਿਤਪਾਲ ਸਿੰਘ ਨਾਲ ਸੰਬੰਧਿਤ ਮਾਮਲੇ ’ਚ ਡਿਬਰੂਗੜ੍ਹ ਜੇਲ੍ਹ ਤੋਂ ਹੀ ਪੁੱਛਗਿੱਛ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਸ ਕਾਰ ਦੀ ਵੀ ਰਿਕਵਰੀ ਕੀਤੀ ਜਾਣੀ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਆਂਦਾ ਗਿਆ ਸੀ। ਪੁਲਸ ਵੱਲੋਂ ਕਿਹਾ ਜਾ ਰਿਹਾ ਹੈ ਕਿ ਰਿਮਾਂਡ ਦੌਰਾਨ ਇਸ ਮਾਮਲੇ ’ਚ ਹੋਰ ਅਹਿਮ ਖੁਲਾਸੇ ਹੋ ਸਕਦੇ ਹਨ। ਰਿਮਾਂਡ ਸਮਾਪਤ ਹੋਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਨੂੰ ਮੁੜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਦੱਸ ਦੇਈਏ ਕਿ ਸਰਕਾਰ ਵੱਲੋਂ ਹਾਈ ਕੋਰਟ ਨੂੰ ਅਪੀਲ ਕੀਤੀ ਗਈ ਸੀ ਕਿ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਨਾ ਲਿਆਂਦਾ ਜਾਵੇ, ਕਿਉਂਕਿ ਇਸ ਨਾਲ ਸੂਬੇ ਦਾ ਮਾਹੌਲ ਪ੍ਰਭਾਵਿਤ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਮਰਥਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾਲ ਸ੍ਰੀ ਪਾਲਕੀ ਸਾਹਿਬ ਦੀ ਸ਼ਰਨ ਲੈਂਦਿਆਂ ਆਪਣੇ ਸਾਥੀ ਲਵਪ੍ਰੀਤ ਸਿੰਘ ਉਰਫ਼ ਤੂਫਾਨ ਨੂੰ ਛੁਡਾਉਣ ਲਈ ਅਜਨਾਲਾ ਪੁਲਸ ਸਟੇਸ਼ਨ ’ਤੇ ਹਮਲਾ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਦਿੱਤੇ ਸਨ ਅਤੇ ਪੁਲਸ ਮੁਲਾਜ਼ਮਾਂ ਨਾਲ ਵੀ ਝੜਪ ਹੋਈ ਸੀ। ਇਸ ਮਾਮਲੇ ’ਚ ਅੰਮ੍ਰਿਤਪਾਲ ਸਿੰਘ ਸਮੇਤ ਕੁੱਲ 41 ਲੋਕਾਂ ਖਿਲਾਫ ਕਤਲ ਦੀ ਕੋਸ਼ਿਸ਼, ਸਰਕਾਰੀ ਕਰਮਚਾਰੀਆਂ ’ਤੇ ਹਮਲਾ, ਅਪਰਾਧਿਕ ਸਾਜ਼ਿਸ਼ ਅਤੇ ਦੰਗੇ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਹੈ। ਪੁਲਸ ਮੁਤਾਬਕ ਅੰਮ੍ਰਿਤਪਾਲ ਸਿੰਘ ਇਸ ਕੇਸ ਦਾ ਮੁੱਖ ਮੁਲਜ਼ਮ ਹੈ।

ਅੰਮ੍ਰਿਤਪਾਲ ਸਿੰਘ 23 ਅਪਰੈਲ, 2023 ਤੋਂ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਹੈ। ਉਸ ਦੇ ਸਾਥੀ ਪਪਲਪ੍ਰੀਤ ਸਿੰਘ, ਦਲਜੀਤ ਸਿੰਘ ਕਲਸੀ, ਕੁਲਵੰਤ ਸਿੰਘ, ਵਰਿੰਦਰ ਜੌਹਲ, ਗੁਰਮੀਤ ਸਿੰਘ ਬੁੱਕਣਵਾਲਾ, ਉਸ ਦੇ ਚਾਚਾ ਹਰਜੀਤ ਸਿੰਘ, ਬਸੰਤ ਸਿੰਘ, ਗੁਰਿੰਦਰ ਸਿੰਘ ਔਜਲਾ ਅਤੇ ਭਗਵੰਤ ਸਿੰਘ ਨੂੰ ਵੀ ਐੱਨ ਐੱਸ ਏ ਅਤੇ ਹੋਰ ਦੋਸ਼ਾਂ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ। ਇਨ੍ਹਾਂ ਸਾਰਿਆਂ ਨੂੰ ਪਿਛਲੇ ਸਾਲ ਪੰਜਾਬ ਲਿਆਂਦਾ ਗਿਆ ਸੀ ਅਤੇ ਹੁਣ ਉਹ ਅਜਨਾਲਾ ਦੀ ਅਦਾਲਤ ਵਿੱਚ ਕੇਸ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਅਤੇ



ਹਰਿਆਣਾ ਹਾਈ ਕੋਰਟ ਨੇ ਤਿੰਨ ਦਿਨ ਪਹਿਲਾਂ ਪੰਜਾਬ ਸਰਕਾਰ ਨੂੰ ਇਹ ਇਜਾਜ਼ਤ ਦੇ ਦਿੱਤੀ ਸੀ ਕਿ ਅਜਨਾਲਾ ਕੇਸ ਵਿੱਚ ਗ੍ਰਿਫ਼ਤਾਰੀ ਪਾਉਣ ਤੋਂ ਬਾਅਦ (ਭਾਵੇਂ ਅੰਮ੍ਰਿਤਪਾਲ ’ਤੇ ਲੱਗੇ ਐੱਨ ਐੱਸ ਏ ਦੀ ਮਿਆਦ ਖ਼ਤਮ ਹੋ ਜਾਵੇ) ਵੀ ਉਸ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰੱਖਿਆ ਜਾ ਸਕਦਾ ਹੈ।

ਪੰਜਾਬ ਸਰਕਾਰ ਨੇ ਹਾਈ ਕੋਰਟ ਤੱਕ ਪਹੁੰਚ ਕਰਕੇ ਅੰਮ੍ਰਿਤਪਾਲ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰਨ ਅਤੇ ਅਸਾਮ ਦੀ ਜੇਲ੍ਹ ਵਿੱਚ ਹੀ ਰੱਖਣ ਦੀ ਮੰਗ ਕੀਤੀ ਸੀ। ਸਰਕਾਰ ਨੇ ਦਲੀਲ ਦਿੱਤੀ ਸੀ ਕਿ ਜੇਕਰ ਉਸ ਨੂੰ ਸੁਣਵਾਈ ਲਈ ਅੰਮ੍ਰਿਤਸਰ ਲਿਆਂਦਾ ਗਿਆ ਤਾਂ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਅਦਾਲਤ ਨੂੰ ਇਹ ਵੀ ਅਪੀਲ ਕੀਤੀ ਸੀ ਕਿ ਕੇਸ ਦੀ ਸੁਣਵਾਈ ਵੀਡੀਓ-ਕਾਨਫਰੰਸਿੰਗ ਰਾਹੀਂ ਹੀ ਕੀਤੀ ਜਾਵੇ।

ਹਾਈਕੋਰਟ ਨੇ ਐਤਵਾਰ ਨੂੰ ਜਾਰੀ ਕੀਤੇ ਆਪਣੇ ਹੁਕਮ ਵਿੱਚ ਅੰਮ੍ਰਿਤਸਰ ਦੀ ਅਦਾਲਤ ਨੂੰ ਇਜਾਜ਼ਤ ਦੇ ਦਿੱਤੀ ਸੀ ਕਿ ਅੰਮ੍ਰਿਤਪਾਲ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦੇਣ ਲਈ ਪੁਲੀਸ ਰਿਮਾਂਡ ਅਤੇ ਜੇਲ੍ਹ ਭੇਜਣ ਸਮੇਤ ਸਾਰੀ ਕਾਰਵਾਈ ਵੀਡੀਓ-ਕਾਨਫਰੰਸਿੰਗ ਰਾਹੀਂ ਕੀਤੀ ਜਾਵੇ। ਅਜਨਾਲਾ ਹਿੰਸਾ ਮਾਮਲੇ ਵਿੱਚ ਐੱਫ ਆਈ ਆਰ 24 ਫਰਵਰੀ, 2023 ਨੂੰ ਦਰਜ ਕੀਤੀ ਗਈ ਸੀ।

ਅੰਮ੍ਰਿਤਪਾਲ ਦੇ ਵਕੀਲ, ਐਡਵੋਕੇਟ ਹਰਪਾਲ ਸਿੰਘ ਖਾਰਾ ਨੇ ਕਿਹਾ ਕਿ ਅਦਾਲਤ ਨੇ ਸੂਬਾ ਸਰਕਾਰ ਨੂੰ ਐੱਨ ਐੱਸ ਏ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਉਸ ਨੂੰ ਇਸ ਕੇਸ ਵਿੱਚ ਗ੍ਰਿਫ਼ਤਾਰ ਕਰਨ ਅਤੇ ਵੀਡੀਓ-ਕਾਨਫਰੰਸਿੰਗ ਰਾਹੀਂ ਅਗਲੀ ਕਾਰਵਾਈ ਕਰਨ ਦੀ ਇਜਾਜ਼ਤ ਦਿੱਤੀ ਹੈ। ਉਨ੍ਹਾਂ ਕਿਹਾ, ‘ਅਦਾਲਤ ਨੇ ਅੰਮ੍ਰਿਤਸਰ ਵਿੱਚ ਵੀਡੀਓ-ਕਾਨਫਰੰਸਿੰਗ ਰਾਹੀਂ ਸੁਣਵਾਈ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਵੀਡੀਓ-ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।’



‘ਆਪ’ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਆਪਣੀ ‘ਰਿਕੁਸਲ ਪਟੀਸ਼ਨ’ ’ਤੇ ਸੁਣਵਾਈ ਤੋਂ ਬਾਅਦ ਦਿੱਲੀ ਹਾਈ ਕੋਰਟ ਤੋਂ ਰਵਾਨਾ ਹੋਏ।

# ਵਿਸ਼ਵ ਪੰਜਾਬੀ ਸਭਾ ਨੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਸਾਹਿਤਕ ਤੇ ਸੰਗੀਤਕ ਰੂਪ ’ਚ ਮਨਾਇਆ




ਟੋਰਾਂਟੋ : ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਸਾਹਿਤਕ ਤੇ ਸੰਗੀਤਕ ਰੰਗ ਦੇ ਕੇ ਮਨਾਇਆ ਗਿਆ। ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ’ਚ ਡਾ. ਦਲਬੀਰ ਸਿੰਘ ਕਥੂਰੀਆ ਤੇ ਉਹਨਾਂ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਵਿਸਾਖੀ ਦੀ ਧਾਰਮਿਕ ਤੇ ਸਮਾਜਿਕ ਮਹੱਤਤਾ ਬਾਰੇ ਬੋਲਦਿਆਂ ਇੰਦਰਜੀਤ ਸਿੰਘ ਬੱਲ ਨੇ ਆਖਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਜਾਏ ਨਿਆਰੇ ਖਾਲਸਾ ਪੰਥ ਦੀ ਸਥਾਪਨਾ ਸੰਸਾਰ ਭਰ ਵਿਚ ਮਨੁੱਖੀ ਅਧਿਕਾਰਾਂ, ਬਰਾਬਰੀ ਦਾ ਦਰਜ਼ਾ, ਇਨਸਾਫ਼ ਤੇ ਅਣਖ ਦੀ ਉੱਘੀ ਮਿਸਾਲ ਹੈ, ਜਦੋਂ ਕਿ ਸੰਸਥਾ ਦੇ ਸੰਚਾਲਕ ਡਾ. ਦਲਬੀਰ ਸਿੰਘ ਕਥੂਰੀਆ ਨੇ ਆਖਿਆ ਕਿ ਵਿਸਾਖੀ ਦਾ ਦਿਹਾੜਾ ਸਿਰਫ ਇਕ ਤਿਉਹਾਰ ਹੀ ਨਹੀ ਸਗੋਂ ਆਪਣੇ ਆਪ ’ਚ ਇਕ ਇੱਤਿਹਾਸ ਹੈ ਜਿਸ ਨਾਲ ਇਕ ਵੱਡੇ ਯੁੱਗ ਦਾ ਪਲਟਾ ਹੋਇਆ ਤੇ ਦੁਨੀਆ ’ਚ ਇਕ ਨਵੇਂ ਸੂਰਜ਼ ਨੇ ਦੁਨੀਆ ਨੂੰ ਰੁਸ਼ਨਾਇਆ। ਇਸ ਮੌਕੇ ਸਟੇਜ ਸੰਚਾਲਨ ਦੀ ਕਾਰਵਾਈ ਸ਼ਬਦਾਂ ਦੇ ਜਾਦੂਗਰ ਵੱਜੋਂ ਜਾਣੇ ਜਾਂਦੇ ਡਾ. ਦਰਸ਼ਨਦੀਪ ਅਰੋੜਾ ਨੇ ਬਾਖੂਬੀ ਨਿਭਾਈ, ਸ਼ਾਇਰਾ ਸੁਰਜੀਤ ਨੇ ਡਾ. ਹਰਿਭਜਨ ਦੀ ਨਜ਼ਮ ‘ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ’ ਪੜ੍ਹੀ, ਪ੍ਰੋ. ਜੰਗੀਰ ਸਿੰਘ ਕਾਹਲੋਂ ਨੇ ਨਜ਼ਮ ‘ਵਿਸਾਖੀ’ ਨਾਲ ਹਾਜ਼ਰੀ ਲੁਆਈ, ਇਸ ਖੇਤਰ ਦੇ ਉੱਘੇ ਵਿਦਵਾਨ ਕਵੀ ਸੁਜਾਨ ਸਿੰਘ ਸੁਜਾਨ ਨੇ ਆਪਣੀ ਕਵਿਤਾ ਕਹਿ ਕੇ ਜਾਣੋ ਗਾਗਰ ’ਚ ਸਮੁੰਦਰ ਹੀ ਭਰ ਦਿੱਤਾ, ਨੌਜਵਾਨ ਗਾਇਕ ਬੌਬੀ ਪੰਧੇਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਦੀਆਂ ਵਾਰਾਂ ਗਾ ਕੇ ਹਾਜ਼ਰੀ ਲੁਆਈ, ਗਾਇਕ ਭੁਪਿੰਦਰ ਸਿੰਘ ਰਤਨ ਨੇ ਵੀ ਆਪਣੇ ਗੀਤ ਸੁਣਾਏ, ਉਪਰੰਤ ਹਰਦਿਆਲ ਸਿੰਘ ਝੀਤਾ, ਮਹਿੰਦਰ ਪ੍ਰਤਾਪ ਸਿੰਘ, ਸੁਰਿਦਰ ਸੂਰ, ਹਰਭਜਨ ਕੌਰ, ਜਗਪਾਲ ਸਿੱਧੂ, ਵਿਕਰਮ ਸਿੱਧੂ, ਬੁਸ਼ਰਤ ਰਿਆਨ, ਸੁੰਦਰਪਾਲ ਰਾਜਾਸਾਂਸੀ, ਹਰਭਜਨ ਕੌਰ ਗਿਲਸ ਆਦਿ ਨੇ ਆਪੋ-ਆਪਣੇ ਵਿਚਾਰਾਂ ਤੇ ਰਚਨਾਵਾਂ ਨਾਲ ਹਾਜ਼ਰੀ ਲੁਆਈ। ਸਮਾਗਮ ਦੌਰਾਨ ਸਭਾ ਵੱਲੋਂ ਪ੍ਰਕਸ਼ਿਤ ਪੁਸਤਕ ’ਪੰਜਾਬੀ ਬੋਲੀ, ਰਮਜ਼ਾਂ,ਰੁਕਾਵਟਾਂ ਅਤੇ ਰਾਹ’ ਵੀ ਲੋਕ ਅਰਪਣ ਕੀਤੀ ਗਈ। ਇਸ ਮੌਕੇ ਵਰਿੰਦਰ, ਸਰਬਜੀਤ ਸਿੰਘ ਮਾਨ, ਬਾਵਾ ਸਿੰਘ ਢਿੱਲੋਂ, ਜਸਪਾਲ ਸਿੰਘ ਕਾਹਲੋਂ, ਯਸ਼ ਦੱਤਾ, ਸੂਬਾ ਸਿੰਘ ਬਾਜਵਾ, ਆਦਿ ਵੀ ਮੌਜੂਦ ਸਨ।


# ਖ਼ਾਲਸਾ ਸਾਜਨਾ ਦਿਹਾੜਾ ਗੁਰਦੁਆਰਾ ਸਿੰਘ ਸਭਾ ਪਲਿੰਮਟਨ ਵਿਖੇ ਸ਼ਰਧਾ ਨਾਲ ਮਨਾਇਆ

ਐਡੀਲੇਡ : ਗੁਰਦੁਆਰਾ ਸਿੰਘ ਸਭਾ ਪਲਿੰਮਟਨ, ਐਡੀਲੇਡ ਵਿਖੇ ਖ਼ਾਲਸਾ ਸਾਜਨਾ ਦਿਹਾੜਾ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ’ਚ ਸ਼ਾਮਲ ਹੋਏ। ਸਮਾਗਮ ਦੌਰਾਨ ਵਿਸ਼ੇਸ਼ ਤੌਰ ’ਤੇ ਪਹੁੰਚੇ ਗਿਆਨੀ ਹਰਵਿੰਦਰ ਸਿੰਘ (ਗੰਗਾ ਨਗਰ ਵਾਲਿਆਂ) ਨੇ ਸੰਗਤਾਂ ਨੂੰ ਗੁਰੂ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ । ਉਨ੍ਹਾਂ ਦੱਸਿਆ ਕਿ 1699 ਈਸਵੀ ਦੇ ਵਿਸਾਖੀ ਦੇ ਪਵਿੱਤਰ ਦਿਨ ਅਨੰਦਪੁਰ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਡੇ ਇਕੱਠ ਅੱਗੇ ਪੰਜ ਸੀਸਾਂ ਦੀ ਮੰਗ ਕਰਕੇ ਪੰਜ ਪਿਆਰੇ ਸਾਜੇ ਤੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ। ਇਸ ਤੋਂ ਬਾਅਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਅੰਮ੍ਰਿਤ ਛਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਨ ਦੀ ਮਹਾਨ ਮਿਸਾਲ ਕਾਇਮ ਕੀਤੀ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਇਸ ਮੌਕੇ ਹਜ਼ਾਰਾਂ ਸੰਗਤਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਗਿਆਨੀ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅਸੀਂ ਸਭ ਬਾਣੀ ਅਤੇ ਬਾਣੇ ਦੇ ਧਾਰਨੀ ਬਣ ਕੇ ਗੁਰੂ ਸਾਹਿਬ ਦੇ ਦਰ ’ਤੇ ਜੁੜੀਏ ਅਤੇ ਆਪਣਾ ਜੀਵਨ ਕਾਮਯਾਬ ਬਣਾਈਏ। ਸਮਾਗਮ ਦੌਰਾਨ ਜੈਕਾਰਿਆਂ ਦੀ ਗੂੰਜ ਨਾਲ ਪੂਰਾ ਮਾਹੌਲ ਗੁਰੂਮਈ ਬਣ ਗਿਆ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਬਹਾਲ ਸਿੰਘ ਚਾਹਲ, ਪਰਮਿੰਦਰਜੀਤ ਸਿੰਘ, ਸਤਪਾਲ ਸਿੰਘ, ਸਰਬਜੀਤ ਸਿੰਘ, ਰਣਬੀਰ ਸਿੰਘ ਤੇ ਗੁਰਪ੍ਰੀਤ ਸਿੰਘ ਮਿਨਹਾਸ ਸਮੇਤ ਪ੍ਰਬੰਧਕਾ ਨੇ ਵੱਡੀ ਗਿਣਤੀ ’ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ।



# ਸ਼ਹਿਬਾਜ਼ ਤੇ ਮੁਨੀਰ ਵਾਸਤੇ ਨੋਬੇਲ ਦੀ ਮੰਗ ਲਈ ਮਤਾ ਪੇਸ਼

ਪਿਸ਼ਾਵਰ : ਪਾਕਿਸਤਾਨੀ ਸੂਬੇ ਖ਼ੈਬਰ ਪਖ਼ਤੂਨਖ਼ਵਾ ਦੀ ਅਸੈਂਬਲੀ ’ਚ ਅੱਜ ਮਤਾ ਪੇਸ਼ ਕੀਤਾ ਗਿਆ, ਜਿਸ ਵਿੱਚ ਮੁਲਕ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਅਤੇ ਫ਼ੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਕੂਟਨੀਤੀ ਰਾਹੀਂ ਖੇਤਰੀ ਤਣਾਅ ਘਟਾਉਣ ’ਚ ਭੂਮਿਕਾ ਦੇ ਮੱਦੇਨਜ਼ਰ ਉਨ੍ਹਾਂ ਨੂੰ ਨੋਬੇਲ ਅਮਨ ਇਨਾਮ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੀ ਵਿਧਾਇਕਾ ਫ਼ਰਾਹ ਖ਼ਾਨ ਨੇ ਮਤਾ ਵਿਧਾਨ ਸਭਾ ਸਕੱਤਰੇਤ ਨੂੰ ਦਿੱਤਾ ਹੈ। ਇਸ ਵਿੱਚ ਆਲਮੀ ਅਤੇ ਖੇਤਰੀ ਪੱਧਰ ’ਤੇ ਵਧਦੇ ਭੂ-ਸਿਆਸੀ ਤਣਾਅ ਦੇ ਸਮੇਂ ਪਾਕਿਸਤਾਨ ਦੀ ‘ਜ਼ਿੰਮੇਵਾਰਾਨਾ, ਸਬਰ ਵਾਲੀ ਅਤੇ ਸਰਗਰਮ ਸਫ਼ਾਰਤੀ ਹਿੱਸੇਦਾਰੀ’






ਨੂੰ ਸਲਾਹਿਆ ਗਿਆ ਹੈ। ਮਤੇ ਮੁਤਾਬਕ ਖੇਤਰੀ ਅਤੇ ਆਲਮੀ ਤੇ ਕੌਮਾਂਤਰੀ ਪੱਧਰਾਂ ’ਤੇ ਸ਼ਾਂਤੀ ਨੂੰ ਹੁਲਾਰਾ ਦੇਣ ਅਤੇ ਉਸ ਨੂੰ ਬਰਕਰਾਰ ਰੱਖਣ ’ਚ ਪਾਕਿਸਤਾਨ ਦੇ ਯੋਗਦਾਨ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਵਿੱਚ ਸ਼ਹਿਬਾਜ਼ ਸ਼ਰੀਫ਼ ਅਤੇ ਆਸਿਮ ਮੁਨੀਰ ਦੀ ਅਗਵਾਈ ਦੀ ਸ਼ਲਾਘਾ ਕੀਤੀ ਗਈ ਹੈ। ਪ੍ਰਸਤਾਵ ਵਿੱਚ ਕਿਹਾ ਗਿਆ ਕਿ ਸ਼ਹਿਬਾਜ਼ ਸ਼ਰੀਫ਼ ਅਤੇ ਆਸਿਮ ਮੁਨੀਰ ਦੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਜਾਵੇ।

### ਸਮਾਣਾ ਟਾਵਰ ਮੋਰਚਾ

# 18 ਮਹੀਨਿਆਂ ਬਾਅਦ ਗੁਰਜੀਤ ਸਿੰਘ ਖਾਲਸਾ ਹੇਠਾਂ ਉਤਰਨ ਲਈ ਸਹਿਮਤ ਹੋਏ



ਪਟਿਆਲਾ : ਸਮਾਣਾ ਵਿੱਚ 400 ਫੁੱਟ ਉੱਚੇ ਟੈਲੀਕਾਮ ਟਾਵਰ ’ਤੇ ਚੜ੍ਹੇ 43 ਸਾਲਾ ਗੁਰਜੀਤ ਸਿੰਘ ਖਾਲਸਾ ਐਤਵਾਰ ਨੂੰ ਹੇਠਾਂ ਉਤਰਨ ਲਈ ਸਹਿਮਤ ਹੋ ਗਏ ਹਨ। ਉਹ ਅਕਤੂਬਰ 2024 ਵਿੱਚ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਇਸ ਟਾਵਰ ’ਤੇ ਚੜ੍ਹੇ ਸਨ।
ਇਹ ਘਟਨਾਕ੍ਰਮ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026’ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਨਾਲ ਇਸ ਕਾਨੂੰਨ ਦੇ ਲਾਗੂ ਹੋਣ ਦਾ ਰਸਤਾ ਸਾਫ਼ ਹੋ ਗਿਆ ਹੈ। ਗੁਰਜੀਤ ਸਿੰਘ ਖਾਲਸਾ ਨੇ ਕਿਹਾ, ‘ਇਹ ਖੁਸ਼ੀ ਨਾਲੋਂ ਜ਼ਿਆਦਾ ਸੰਤੁਸ਼ਟੀ ਦੀ ਗੱਲ ਹੈ ਕਿਉਂਕਿ ਵਾਹਿਗੁਰੂ ਨੇ ਮੇਰੀਆਂ ਅਰਦਾਸਾਂ ਸੁਣ ਲਈਆਂ ਹਨ।’ ਉੱਥੇ ਹੀ ਸਮਾਣਾ ਟਾਵਰ ਮੋਰਚੇ ਦੇ ਮੈਂਬਰ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਪ੍ਰਦਰਸ਼ਨ ਵਾਲੀ ਥਾਂ ਨੇੜੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣਗੇ ਅਤੇ ਪਾਠ ਦੇ ਭੋਗ ਵਾਲੇ ਦਿਨ ਇਹ ਧਰਨਾ ਸਮਾਪਤ ਹੋ ਜਾਵੇਗਾ।
ਪਟਿਆਲਾ ਦੇ ਪਿੰਡ ਖੇੜੀ ਨਾਗਾਈਆਂ ਦੇ ਰਹਿਣ ਵਾਲੇ ਗੁਰਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਉਹ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪੈਣ ਤੱਕ ਉਡੀਕ ਕਰਨਗੇ। ਉਹ ਉਨ੍ਹਾਂ ਸਾਰੇ ਲੋਕਾਂ ਦੀ ਹਾਜ਼ਰੀ ਵਿੱਚ ਟਾਵਰ ਤੋਂ ਹੇਠਾਂ ਉਤਰਨਗੇ, ਜੋ ਲੰਮੇ ਸਮੇਂ ਤੋਂ ਉਨ੍ਹਾਂ ਦੇ ਸਮਰਥਨ ਵਿੱਚ ਪ੍ਰਦਰਸ਼ਨ ਕਰ ਰਹੇ ਸਨ।
ਉਨ੍ਹਾਂ ਕਿਹਾ, “ ਮੈਨੂੰ ਕੋਈ ਕਾਹਲੀ ਨਹੀਂ ਹੈ। ਮੈਂ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਦਾ ਇਸ ਕਾਨੂੰਨ ਲਈ ਧੰਨਵਾਦੀ ਹਾਂ। ਆਖ਼ਰਕਾਰ, ਹੁਣ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇਗੀ।
ਇੱਕ ਸਾਲ ਤੋਂ ਵੱਧ ਸਮੇਂ ਤੱਕ, ਸੂਬਾ ਸਰਕਾਰ ਦੇ ਅਧਿਕਾਰੀਆਂ ਦੇ ਭਰੋਸੇ ਦੇ ਬਾਵਜੂਦ, ਗੁਰਜੀਤ ਸਿੰਘ ਖਾਲਸਾ ਨੇ ਆਪਣਾ ਅੰਦੋਲਨ ਖ਼ਤਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ।
ਖਰਾਬ ਮੌਸਮ ਦਾ ਸਾਹਮਣਾ ਕਰਦੇ ਹੋਏ ਗੁਰਜੀਤ ਸਿੰਘ ਖਾਲਸਾ ਟੈਲੀਕਾਮ ਟਾਵਰ ’ਤੇ ਡਟੇ ਰਹੇ। ਉਨ੍ਹਾਂ ਦੇ ਸਮਰਥਕਾਂ ਨੇ 1 ਜਨਵਰੀ ਨੂੰ ਸਮਾਣਾ ਤੋਂ ਪੈਦਲ ਮਾਰਚ ਸ਼ੁਰੂ ਕੀਤਾ ਸੀ ਅਤੇ ਮਾਰਚ ਮਹੀਨੇ ਤੋਂ ਸ਼ਹਿਰ ’ਚ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਸੀ। ਟਾਵਰ ਦੇ ਉੱਪਰ ਉਹ ਤਰਪਾਲ ਦੀ ਛੱਤ ਹੇਠ ਰਹਿ ਰਹੇ ਹਨ, ਜਿੱਥੇ ਦੋ ਸੇਵਾਦਾਰ ਦਿਨ ਵਿੱਚ ਇੱਕ ਵਾਰ ਭੋਜਨ ਅਤੇ ਪਾਣੀ ਲੈ ਕੇ ਜਾਂਦੇ ਹਨ। ਪੇਸ਼ੇ ਤੋਂ ਡੇਅਰੀ ਮਾਲਕ ਅਤੇ ਕਿਸਾਨ ਗੁਰਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਸੂਬੇ ਵਿੱਚ ਬੇਅਦਬੀ ਦੀਆਂ ਘਟਨਾਵਾਂ ਬਾਰੇ ਪੜ੍ਹ ਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ। ਸਾਲ 2024 ਵਿੱਚ, ਜਦੋਂ ਉਨ੍ਹਾਂ ਨੇ ਸੰਘਰਸ਼ ਦਾ ਰਸਤਾ ਚੁਣਿਆ ਸੀ, ਤਾਂ ਉਨ੍ਹਾਂ ਫੈਸਲਾ ਕੀਤਾ ਸੀ ਕਿ ਉਨ੍ਹਾਂ ਦਾ ਭਰਾ ਕਾਰੋਬਾਰ ਅਤੇ ਪਰਿਵਾਰ ਦੀ ਦੇਖਭਾਲ ਕਰੇਗਾ।

# 1984 ਸਿੱਖ ਕਤਲੇਆਮ ਦੇ ਪੀੜਤਾਂ ਨੇ ਇਨਸਾਫ਼ ਲਈ ਜਥੇਦਾਰ ਦਾਦੂਵਾਲ ਨੂੰ ਸੌਂਪਿਆ ਮੰਗ ਪੱਤਰ

### ਯੋਗਤਾ ਦੇ ਆਧਾਰ ’ਤੇ ਪੱਕੀਆਂ ਨੌਕਰੀਆਂ ਦੀ ਕੀਤੀ ਮੰਗ

ਗੂਹਲਾ ਚੀਕਾ, (ਤੇਜ ਸਾਗਰ ਬਿਊਰੋ) : ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਸੋਚੀ ਸਮਝੀ ਸਾਜਿਸ਼ ਦੇ ਤਹਿਤ ਟਾਰਗੇਟ ਕਰਕੇ ਸਿੱਖ ਕਤਲੇਆਮ ਕੀਤਾ ਗਿਆ ਜਿਸ ਦਾ ਅਜੇ ਤੱਕ ਪੂਰਾ ਇਨਸਾਫ਼ ਪੀੜਤ ਪਰਿਵਾਰਾਂ ਨੂੰ ਨਹੀਂ ਮਿਲਿਆ। ਪਿਛਲੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਭਾਰਤ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜ਼ਖਮਾਂ ’ਤੇ ਮੱਲਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਤਹਿਤ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਕੁਝ ਦੋਸ਼ੀਆਂ ਨੂੰ ਸਜਾਵਾਂ, ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਗਈਆਂ ਹਨ, ਪਰ ਅਜੇ ਵੀ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਪੂਰਨ ਇਨਸਾਫ਼ ਪ੍ਰਾਪਤ ਨਹੀਂ ਹੋਇਆ।
ਮੀਡੀਆ ਨੂੰ ਇੱਕ ਲਿਖਤੀ ਪ੍ਰੈੱਸਨੋਟ ਜਾਰੀ ਕਰਦਿਆਂ ਜਥੇਦਾਰ ਦਾਦੂਵਾਲ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਪਿੰਡ ਹੋਂਦ ਚਿੱਲੜ ਰਿਵਾੜੀ ਗੁੜਗਾਓਂ ਸਿਰਸਾ ਸਮੇਤ ਵੱਖ ਵੱਖ ਥਾਵਾਂ ਤੋਂ ਨਵੰਬਰ 1984 ਦੌਰਾਨ ਕਾਂਗਰਸ ਦੀ ਸਰਕਾਰ ਵੱਲੋਂ ਕੀਤੇ ਕੀਤੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰ ‘ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ’ ਦੇ ਸੰਚਾਲਕ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਇੱਕ ਵਫ਼ਦ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਿਲਣ ਪਹੁੰਚੇ ਅਤੇ ਉਨਾਂ ਨੇ ਇੱਕ ਮੰਗ ਪੱਤਰ ਜਥੇਦਾਰ ਦਾਦੂਵਾਲ ਨੂੰ ਸੌਂਪਿਆ।
ਜਥੇਦਾਰ ਦਾਦੂਵਾਲ ਨੇ ਭਾਈ ਘੋਲੀਆ ਦੀ ਅਗਵਾਈ ਵਿੱਚ ਪਹੁੰਚੇ ਪੀੜਤ ਪਰਿਵਾਰਾਂ ਦੇ ਵਫ਼ਦ ਨੂੰ ਜਲਦੀ ਹੀ ਮਾਣਯੋਗ ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਉਨਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ। ਭਾਈ ਬਰਾੜ ਨੇ ਦੱਸਿਆ ਕੇ ਪਿਛਲੇ ਸਮੇਂ ਹਰਿਆਣਾ ਸਰਕਾਰ ਵੱਲੋਂ ਮਾਣਯੋਗ ਟੀਪੀ ਗਰਗ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੀੜਤ ਪਰਿਵਾਰਾਂ ਨੂੰ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਗਿਆ ਸੀ। ਸਾਲ 2025 ਵਿੱਚ ਨਾਇਬ ਸਿੰਘ ਸੈਣੀ ਹਰਿਆਣਾ ਸਰਕਾਰ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ 121 ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿੱਚ 34 ਪਰਿਵਾਰਾਂ ਦੇ ਬੱਚੇ-ਬੱਚੀਆਂ ਨੂੰ ਨਿਯੁੱਕਤੀ ਪੱਤਰ 24 ਨਵੰਬਰ 2025 ਨੂੰ ਪੰਚਕੂਲਾ ਵਿਖੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਹਾਜ਼ਰੀ ਵਿੱਚ ਦਿੱਤੇ ਗਏ ਸਨ।
ਭਾਈ ਬਰਾੜ ਨੇ ਦੱਸਿਆ ਕੇ ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਨੂੰ ਮੰਗ ਪੱਤਰ ਵਿੱਚ ਦੱਸਿਆ ਕੇ ਉਨਾਂ ਨੂੰ ਯੋਗਤਾ ਮੁਤਾਬਿਕ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਇਸ ਲਈ 34 ਵਿੱਚੋਂ 31 ਪਰਿਵਾਰਾਂ ਨੇ ਨਿਯੁੱਕਤੀ ਪੱਤਰ ਸਰਕਾਰ ਨੂੰ ਵਾਪਿਸ ਕਰ ਦਿੱਤੇ ਸਨ। ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਕੋਲ ਪਹੁੰਚ ਕਰਕੇ ਮੰਗ ਕੀਤੀ ਕਿ ਉਨਾਂ ਦੇ ਬੱਚਿਆਂ ਨੂੰ ਯੋਗਤਾ ਦੇ ਆਧਾਰ ਉੱਪਰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਜੋ ਪੀੜਤ ਪਰਿਵਾਰ ਵਾਂਝੇ ਰਹਿ ਗਏ ਹਨ ਉਨਾਂ ਨੂੰ ਵੀ ਮੁਆਵਜ਼ਾ ਅਤੇ ਨੌਕਰੀਆਂ ਦਿਵਾਈਆਂ ਜਾਣ।
ਭਾਈ ਬਰਾੜ ਨੇ ਦੱਸਿਆ ਕੇ ਹੋਂਦ ਚਿੱਲੜ ਪਰਿਵਾਰ ਜਿੱਥੇ ਇੱਕੋ ਦਿਨ ਵਿੱਚ 32 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਜਿਨਾਂ ਵਿੱਚ 31 ਹੋਂਦ ਚਿੱਲੜ ਅਤੇ ਇੱਕ ਭਾਈ ਇੰਦਰਜੀਤ ਸਿੰਘ ਬਟਾਲਾ ਗੁਰਦਾਸਪੁਰ ਦਾ ਇੱਕ ਫੌਜੀ ਸਿੱਖ ਜੋ ਬਦਲੇ ਹਾਲਾਤਾਂ ਕਾਰਨ ਹੋਂਦ ਚਿੱਲੜ ਰੇਲਵੇ ਸਟੇਸ਼ਨ ’ਤੇ ਉੱਤਰ ਕੇ ਸਿੱਖਾਂ ਦੀ ਢਾਣੀ ਹੋਂਦ ਚਿੱਲੜ ਵਿਖੇ ਰਾਤ ਕੱਟਣ ਪਹੁੰਚਿਆ ਸੀ ਉਹ ਵੀ ਇਸ ਕਹਿਰ ਦੀ ਭੇਂਟ ਚੜ ਗਿਆ ਸੀ। ਹੋਂਦ ਚਿੱਲੜ ਕਤਲੇਆਮ ਵਿੱਚ ਆਪਣੇ ਪਿਤਾ ਚਾਚੇ ਤਾਏ ਦੇ ਪਰਿਵਾਰ ਵਿੱਚ 18 ਜੀਅ ਗਵਾ ਚੁੱਕੀ ਬੀਬੀ ਗੁੱਡੀ ਕੌਰ ਅਤੇ ਗੁੜਗਾਓਂ ਵਿੱਚ ਆਪਣੇ ਪਰਿਵਾਰ ਦੇ ਛੇ ਜੀਅ ਮਾਤਾ, ਪਿਤਾ ਸਮੇਤ ਚਾਰ ਭੈਣ ਭਰਾ ਗਵਾ ਚੁੱਕੇ ਭਾਈ ਰਾਮ ਸਿੰਘ ਜੋ ਅੱਜ ਕੱਲ ਪਟਿਆਲਾ ਰਹਿ ਰਿਹਾ ਹੈ, ਨੇ ਕਿਹਾ ਕੇ ਅੱਜ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਵਫ਼ਦ ਲੈ ਕੇ ਜਥੇਦਾਰ ਦਾਦੂਵਾਲ ਕੋਲ ਇਸ ਲਈ ਪਹੁੰਚੇ ਸੀ ਕਿਉਂਕਿ ਜਥੇਦਾਰ ਦਾਦੂਵਾਲ ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖ ਆਗੂ ਹਨ ਅਤੇ ਹਮੇਸ਼ਾਂ ਪੰਥਕ ਮਾਮਲਿਆ ’ਤੇ ਅਵਾਜ਼ ਬੁਲੰਦ ਕਰਦੇ ਦੀਨ ਦੁਖੀਆਂ ਦੀ ਬਾਂਹ ਫੜਦੇ ਹਨ। ਉਨ੍ਹਾਂ ਨੇ ਕਈ ਸਮਾਜਿਕ ਕਾਰਜ ਕੀਤੇ ਹਨ।
ਪੀੜਤ ਪਰਿਵਾਰਾਂ ਨੇ ਕਿਹਾ “ਪਹਿਲਾਂ ਵੀ ਜਥੇਦਾਰ ਦਾਦੂਵਾਲ ਨੇ ਸਾਡੀ ਮੱਦਦ ਕੀਤੀ ਹੈ ਅਤੇ ਹੁਣ ਵੀ ਉਹ ਹੀ ਹਰਿਆਣਾ ਵਿੱਚ ਸਾਡੀ ਇੱਕਲੌਤੀ ਆਸ ਹਨ ਅਤੇ ਸਾਨੂੰ ਪੂਰੀ ਉਮੀਦ ਹੈ ਕੇ ਉਹ ਸਾਨੂੰ ਇਨਸਾਫ਼ ਜ਼ਰੂਰ ਦਿਵਾਉਣਗੇ।”ਸਿੱਖ ਕਤਲੇਆਮ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਦਿਨ ਰਾਤ ਇੱਕ ਕਰਕੇ ਭਾਈ ਦਰਸ਼ਨ ਸਿੰਘ ਘੋਲੀਆ ਵਲੋਂ ਲੜੀ ਜਾ ਰਹੀ ਕਨੂੰਨੀ ਲੜਾਈ ਦੇ ਸਤਿਕਾਰ ਵਜੋਂ ਜਥੇਦਾਰ ਦਾਦੂਵਾਲ ਨੇ ਭਾਈ ਘੋਲੀਆ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ।



# ਅਮਰੀਕੀ ਸ਼ਹਿਰ ਸ਼੍ਰੀਵਪੋਰਟ ’ਚ ਗੋਲੀਬਾਰੀ, 8 ਬੱਚਿਆਂ ਦੀ ਮੌਤ

### ਮਾਰੇ ਗਏ ਬੱਚਿਆਂ ਦੀ ਉਮਰ 18 ਮਹੀਨੇ ਤੋਂ 14 ਸਾਲ ਤੱਕ

ਵਾਸ਼ਿੰਗਟਨ: ਅਮਰੀਕਾ ਦੇ ਲੂਈਜ਼ਿਆਨਾ ਸੂਬੇ ਦੇ ਸ਼੍ਰੀਵਪੋਰਟ ਸ਼ਹਿਰ ਵਿਚ ਐਤਵਾਰ ਸਵੇਰੇ ਇਕ ਭਿਆਨਕ ਘਟਨਾ ਵਾਪਰੀ। ਸੀਡਰ ਗਰੋਵ ਇਲਾਕੇ ਵਿਚ ਹੋਈ ਗੋਲੀਬਾਰੀ ਵਿਚ ਘੱਟੋ-ਘੱਟ 8 ਬੱਚਿਆਂ ਦੀ ਮੌਤ ਹੋ ਗਈ ਹੈ।




ਮਾਰੇ ਗਏ ਬੱਚਿਆਂ ਦੀ ਉਮਰ 18 ਮਹੀਨੇ ਤੋਂ 14 ਸਾਲ ਤਕ ਦੱਸੀ ਜਾ ਰਹੀ ਹੈ। ਇਸ ਘਟਨਾ ਨੇ ਪੂਰੇ ਸ਼ਹਿਰ ਨੂੰ ਹਿਲਾ ਕੇ ਰੱਖ ਦਿਤਾ ਹੈ।
ਪੁਲਿਸ ਅਨੁਸਾਰ, ਇਹ ਹਿੰਸਾ ਇਕ ਘਰੇਲੂ ਵਿਵਾਦ ਨਾਲ ਜੁੜੀ ਹੋਈ ਲਗਦੀ ਹੈ। ਗੋਲੀਬਾਰੀ ਤਿੰਨ ਵੱਖ-ਵੱਖ ਥਾਵਾਂ ਉਤੇ ਹੋਈ। ਸੱਭ ਤੋਂ ਵੱਡੀ ਘਟਨਾ ਵੈਸਟ 79ਵੀਂ ਸਟਰੀਟ ਉਤੇ ਵਾਪਰੀ, ਜਿੱਥੇ ਬੱਚਿਆਂ ਦੀ ਜਾਨ ਗਈ। ਇਸ ਤੋਂ ਇਲਾਵਾ, ਬੋਸਿਯਰ ਪੈਰਿਸ਼ ਵਿਚ ਵੀ ਗੋਲੀਬਾਰੀ ਦੇ ਕੇਸ ਦਰਜ ਕੀਤੇ ਗਏ। ਦੋ ਬਾਲਗ ਔਰਤਾਂ ਨੂੰ ਸਿਰ ਵਿਚ ਗੋਲੀ ਲੱਗੀ ਪਰ ਉਹ ਜ਼ਿੰਦਾ ਹਨ। ਇਕ ਨਾਬਾਲਗ ਮੁੰਡੇ ਨੇ ਛੱਤ ਤੋਂ ਛਾਲ ਮਾਰ ਕੇ ਅਪਣੀ ਜਾਨ ਬਚਾਈ, ਹਾਲਾਂਕਿ ਉਹ ਜ਼ਖ਼ਮੀ ਹੋ ਗਿਆ। ਸ਼ੱਕੀ ਹਮਲਾਵਰ, ਜੋ ਕਿ ਇਕ ਬਾਲਗ ਆਦਮੀ ਸੀ, ਜੋ ਕਿ ਬਾਅਦ ਵਿਚ ਮਾਰਿਆ ਗਿਆ।
ਪੁਲਿਸ ਨੇ ਇਲਾਕੇ ਵਿਚ ਲਗਭਗ 30 ਯੂਨਿਟ ਤਾਇਨਾਤ ਕੀਤੇ ਹਨ ਅਤੇ ਜਾਂਚ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਘਟਨਾ ਪਰਵਾਰਕ ਤਣਾਅ ਕਾਰਨ ਵਾਪਰੀ ਹੋ ਸਕਦੀ ਹੈ। ਇਸ ਹਾਦਸੇ ਨੇ ਸਥਾਨਕ ਲੋਕਾਂ ਵਿਚ ਡਰ ਅਤੇ ਗ਼ਮ ਦਾ ਮਾਹੌਲ ਪੈਦਾ ਕਰ ਦਿਤਾ ਹੈ। ਲੋਕਾਂ ਨੇ ਮਾਰੇ ਗਏ ਬੱਚਿਆਂ ਲਈ ਸੋਗ ਪ੍ਰਗਟ ਕੀਤਾ ਹੈ ਅਤੇ ਸਮਾਜ ਵਿਚ ਹਿੰਸਾ ਰੋਕਣ ਲਈ ਕੜੇ ਕਦਮ ਚੁੱਕਣ ਦੀ ਮੰਗ ਕੀਤੀ ਹੈ।

# ਇੱਕ ਹੋਰ ਪਿੰਡ ਦਾ ਫ਼ਰਮਾਨ: ਪਿੰਡ ਦੇ ਮੁੰਡਾ-ਕੁੜੀ ਆਪਸ ’ਚ ਨਹੀਂ ਕਰ ਸਕਦੇ ਵਿਆਹ

### ਨਿੱਜੀ ਆਜ਼ਾਦੀ ਤੇ ਰਵਾਇਤੀ ਫ਼ੈਸਲਿਆਂ ਵਿਚਕਾਰ ਟਕਰਾਅ ਹੋਇਆ ਤੇਜ਼

ਰੂਪਨਗਰ : ਰੂਪਨਗਰ, ਰੋਪੜ ਜ਼ਿਲ੍ਹੇ ਦੇ ਮੋਰਿੰਡਾ ਇਲਾਕੇ ਦੇ ਓਇੰਦ ਪਿੰਡ ਦੀ ਪੰਚਾਇਤ ਵੱਲੋਂ ਇੱਕ ਵਿਵਾਦਤ ਮਤਾ ਪਾਸ ਕਰਦੇ ਹੋਏ ਪਿੰਡ ਅੰਦਰ ਆਪਸੀ ਵਿਆਹਾਂ ’ਤੇ ਪਾਬੰਦੀ ਲਗਾਈ ਗਈ ਹੈ। ਇਸ ਉੱਤੇ ਸਮਾਜਿਕ ਪੱਧਰ ’ਤੇ ਤਿੱਖੀ ਚਰਚਾ ਛਿੜ ਗਈ ਹੈ। ਇਹ ਮਤਾ ਪੰਚਾਇਤ ਦੀ ਇੱਕ ਬੈਠਕ ਦੌਰਾਨ ਪਾਸ ਕੀਤਾ ਗਿਆ, ਜਿਸ ਵਿੱਚ ਸਰਪੰਚ, ਨੰਬਰਦਾਰ ਅਤੇ ਪੰਚ ਮੈਂਬਰ ਸ਼ਾਮਲ ਸਨ।
ਮਤੇ ਅਨੁਸਾਰ ਜੇਕਰ ਪਿੰਡ ਦਾ ਕੋਈ ਵੀ ਨੌਜਵਾਨ ਲੜਕਾ ਜਾਂ ਲੜਕੀ ਪਿੰਡ ਦੇ ਹੀ ਕਿਸੇ ਹੋਰ ਵਸਨੀਕ ਨਾਲ ਵਿਆਹ ਕਰਦੇ ਹਨ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਸਮਾਜਿਕ ਬਾਈਕਾਟ ਅਤੇ ਪਿੰਡ ’ਚੋਂ ਕੱਢੇ ਜਾਣ ਵਰਗੀ ਸਜ਼ਾ ਵੀ ਮਿਲ ਸਕਦੀ ਹੈ। ਇਸ ਫ਼ੈਸਲੇ ਦਾ ਅਸਰ ਘੱਟੋ-ਘੱਟ ਇੱਕ ਪਰਿਵਾਰ ’ਤੇ ਪੈ ਚੁੱਕਾ ਹੈ।
ਓਇੰਦ ਪਿੰਡ ਦੇ ਸਰਪੰਚ ਮੇਜਰ ਸਿੰਘ ਨੇ ਮਤੇ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਇਹ ਫ਼ੈਸਲਾ “ਸਮਾਜਿਕ ਸਦਭਾਵਨਾ”ਅਤੇ ਰਵਾਇਤੀ ਕਦਰਾਂ-ਕੀਮਤਾਂ ਦੀ ਰੱਖਿਆ ਲਈ ਲਿਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਇਸ ਦੀ ਕਾਨੂੰਨੀ ਸਥਿਤੀ ਬਾਰੇ ਕੋਈ ਵਿਸਥਾਰ ਨਹੀਂ ਦਿੱਤਾ।
ਸੂਤਰਾਂ ਮੁਤਾਬਿਕ ਇਹ ਫ਼ੈਸਲਾ ਦੋ ਪਰਿਵਾਰਾਂ ਵਿਚਕਾਰ ਅੰਤਰ-ਜਾਤੀ ਵਿਆਹ ਮਗਰੋਂ ਲੋਕਾਂ ਵੱਲੋਂ ਕੀਤੇ ਗਏ ਵਿਰੋਧ ਤੋਂ ਬਾਅਦ ਲਿਆ ਗਿਆ ਹੈ। ਪੰਚਾਇਤ ਨੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਦੇ ਨਾਂ ’ਤੇ ਪਿੰਡ ਅੰਦਰ ਵਿਆਹਾਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ।
ਸਮਾਜਿਕ ਕਾਰਕੁਨਾਂ ਅਤੇ ਕਾਨੂੰਨੀ ਮਾਹਰਾਂ ਨੇ ਇਸ ਕਦਮ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਫ਼ੈਸਲੇ ਸੰਵਿਧਾਨ ਵੱਲੋਂ ਮਿਲੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹਨ, ਜਿਨ੍ਹਾਂ ਵਿੱਚ ਆਪਣੀ ਪਸੰਦ ਦਾ ਜੀਵਨ ਸਾਥੀ ਚੁਣਨ ਦਾ ਹੱਕ ਵੀ ਸ਼ਾਮਲ ਹੈ। ਸਮਾਜਿਕ ਕਾਰਕੁਨ ਅਰਵਿੰਦ ਕੁਮਾਰ ਨੇ ਕਿਹਾ ਕਿ “ਵਿਆਹ ਇੱਕ ਨਿੱਜੀ ਫ਼ੈਸਲਾ ਹੈ ਅਤੇ ਕਿਸੇ ਵੀ ਸੰਸਥਾ ਨੂੰ ਇਸ ਵਿੱਚ ਦਖ਼ਲ ਦੇਣ ਜਾਂ ਸਜ਼ਾ ਦੇਣ ਦਾ ਅਧਿਕਾਰ ਨਹੀਂ।
ਇਸ ਤੋਂ ਪਹਿਲਾਂ ਵੀ ਪੰਜਾਬ ਦੇ ਕਈ ਹਿੱਸਿਆਂ ਵਿੱਚ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿੱਥੇ ਪੰਚਾਇਤਾਂ ਵੱਲੋਂ ਇੱਕੋ ਪਿੰਡ ਜਾਂ ਗੋਤਰ ਵਿੱਚ ਵਿਆਹਾਂ ’ਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਅਜਿਹੇ ਮਾਮਲਿਆਂ ਵਿੱਚ ਅਕਸਰ ਕਾਨੂੰਨੀ ਵਿਵਾਦ ਪੈਦਾ ਹੋਏ ਅਤੇ ਪ੍ਰਸ਼ਾਸਨ ਨੂੰ ਦਖ਼ਲ ਦੇਣਾ ਪਿਆ।
ਭਾਵੇਂ ਸ਼ਹਿਰੀਕਰਨ ਅਤੇ ਆਧੁਨਿਕ ਸੋਚ ਦਾ ਪ੍ਰਭਾਵ ਵੱਧ ਰਿਹਾ ਹੈ, ਫਿਰ ਵੀ ਕਈ ਪੇਂਡੂ ਖੇਤਰਾਂ ਵਿੱਚ ਰਵਾਇਤੀ ਸਮਾਜਿਕ ਨਿਯਮ ਮਜ਼ਬੂਤੀ ਨਾਲ ਕਾਇਮ ਹਨ। ਓਇੰਦ ਦਾ ਇਹ ਮਾਮਲਾ ਵਿਅਕਤੀਗਤ ਅਧਿਕਾਰਾਂ ਅਤੇ ਸਮਾਜਿਕ ਰਿਵਾਜ਼ਾਂ ਵਿਚਕਾਰ ਚੱਲ ਰਹੇ ਟਕਰਾਅ ਨੂੰ ਇੱਕ ਵਾਰ ਫਿਰ ਉਜਾਗਰ ਕਰਦਾ ਹੈ।



# ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਸਹਾਰੇ ਦੀ ਲੋੜ



**ਆਤਮਹੱਤਿਆ ਦਾ ਫੌਰੀ ਕਾਰਨ ਕੁਝ ਵੀ ਹੋਵੇ, ਖ਼ੁਦਕੁਸ਼ੀ ਪੀੜਤ ਪਰਿਵਾਰ ਨੂੰ ਸਾਰੀ ਉਮਰ ਖ਼ਾਮਿਆਜ਼ਾ ਭੁਗਤਣਾ ਪੈਂਦਾ ਹੈ। ਸਰਕਾਰਾਂ ਵੱਲੋਂ ਪੀੜਤ ਪਰਿਵਾਰ ਨੂੰ ਦੋ ਜਾਂ ਤਿੰਨ ਲੱਖ ਰੁਪਏ ਦੀ ਉੱਕਾ-ਪੁੱਕਾ ਰਾਸ਼ੀ ਦੇਣ ਨਾਲ ਫੌਰੀ ਤੌਰ ’ਤੇ ਭਾਵੇਂ ਕੁਝ ਰਾਹਤ ਮਿਲ ਜਾਂਦੀ ਹੋਵੇ ਪਰ ਪਰਿਵਾਰ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਹੋਣ ਲਈ ਇਹ ਰਕਮ ਨਿਗੂਣੀ ਹੈ। ਆਤਮਹੱਤਿਆ ਨਾਲ ਜ਼ਿੰਦਗੀ ਖ਼ਤਮ ਕਰ ਲੈਣ ਜਿਹੇ ਵਰਤਾਰੇ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ 4 ਸਾਲਾਂ ਦੌਰਾਨ ਆਤਮਹੱਤਿਆ ਕਰ ਚੁੱਕੇ ਕਿਸਾਨਾਂ ਦੇ ਕਿਸੇ ਵੀ ਪਰਿਵਾਰ ਨੂੰ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ।**

ਭਾਰਤ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਦਾ ਵਰਤਾਰਾ ਲਗਾਤਾਰ ਜਾਰੀ ਹੈ। ਆਰਥਿਕ ਬੋਝ ਥੱਲੇ ਦੱਬਿਆ ਵਿਅਕਤੀ ਜਦੋਂ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਅਤੇ ਭਾਵਨਾਤਮਕ ਤੌਰ ’ਤੇ ਇਕੱਲਿਆਂ ਅਤੇ ਬੇਸਹਾਰਾ ਮਹਿਸੂਸ ਕਰਨ ਲੱਗੇ ਤਾਂ ਉਸ ਹਾਲਤ ਵਿੱਚ ਉਸ ਦਾ ਮਨੋਬਲ ਡੋਲ ਜਾਂਦਾ ਹੈ ਅਤੇ ਮਾਨਸਿਕ ਸੰਤੁਲਨ ਵੀ ਸਹੀ ਨਹੀਂ ਰਹਿੰਦਾ। ਪਰਿਵਾਰ, ਸਮਾਜ ਅਤੇ ਭਾਈਚਾਰੇ ਵਿੱਚ ਆਮ ਵਾਂਗ ਵਿਚਰਨ ਤੋਂ ਅਸਮਰੱਥ ਹੋ ਜਾਣ ਦੀ ਸੂਰਤ ਵਿੱਚ ਨਿਰਾਸ਼ ਹੋਇਆ ਵਿਅਕਤੀ ਆਤਮਹੱਤਿਆ ਨੂੰ ਹੀ ਇੱਕ ਮਾਤਰ ਵਿਕਲਪ ਸਮਝਦਾ ਹੈ ਅਤੇ ਆਪਣੀ ਜੀਵਨ ਲੀਲ੍ਹਾ ਨੂੰ ਖ਼ਤਮ ਕਰ ਬੈਠਦਾ ਹੈ। ਹਾਲ ਹੀ ਵਿੱਚ ਕੋਟਕਪੂਰੇ ਵਿੱਚ ਦੋ ਸਕੇ ਕਿਸਾਨ ਭਰਾਵਾਂ ਵੱਲੋਂ ਰੇਲਗੱਡੀ ਅੱਗੇ ਛਾਲ ਮਾਰ ਕੇ ਇਕੱਠਿਆਂ ਖ਼ੁਦਕੁਸ਼ੀ ਕਰਨਾ ਦਿਲ ਕੰਬਾਊ ਘਟਨਾ ਹੈ। ਉਹ ਕਿਸਾਨ ਭਰਾ ਨਸ਼ੇੜੀ ਨਹੀਂ, ਸਗੋਂ ਮਿਹਨਤੀ ਸਨ। ਆਧੁਨਿਕ ਖੇਤੀ ਦੇ ਪੈਟਰਨ, ਖੇਤੀ ਵਿਭਿੰਨਤਾ ਤਹਿਤ ਖੇਤੀ ਕਾਰਜ ਕਰ ਰਹੇ ਸਨ। ਕਰਜ਼ੇ ਦਾ ਭਾਰ 50 ਲੱਖ ਰੁਪਏ ਤੱਕ ਪੁੱਜ ਚੁੱਕਾ ਸੀ ਜਿਸ ਨੂੰ ਲਾਹੁਣਾ ਉਨ੍ਹਾਂ ਨੂੰ ਅਸੰਭਵ ਜਾਪਿਆ ਅਤੇ ਭਵਿੱਖ ਧੁੰਦਲਾ ਨਜ਼ਰ ਆਇਆ। ਸੰਭਾਵੀ ਸਮਾਜਿਕ ਨਮੋਸ਼ੀ ਕਾਰਨ ਉਨ੍ਹਾਂ ਖ਼ੁਦਕੁਸ਼ੀ ਕਰ ਲਈ। ਅਖ਼ਬਾਰਾਂ ਵਿੱਚ ਖ਼ਬਰਾਂ ਛਪੀਆਂ, ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਕੋਲ ਪਰਿਵਾਰ ਲਈ ਕੁਝ ਕਰਨ ਦੀ ਅਪੀਲ ਕੀਤੀ ਗਈ। ਪਰ ਸਰਕਾਰ ਵੱਲੋਂ ਕੋਈ ਵੀ ਉਸ ਪਰਿਵਾਰ ਦੀ ਸਾਰ ਲੈਣ ਲਈ ਜਾਂ ਦੁੱਖ ਸਾਂਝਾ ਕਰਨ ਲਈ ਨਹੀਂ ਪੁੱਜਿਆ। ਇਵੇਂ ਹੀ ਮਾਲੇਰਕੋਟਲਾ ਦੇ ਪਿੰਡ ਲੋਧਰਾਣੇ ਦੇ ਕਿਸਾਨ ਨੇ ਖੇਤ ਵਿੱਚ ਟਰਾਂਸਫਾਰਮਰ ਨਾਲ ਲਟਕ ਕੇ ਫਾਹਾ ਲੈ ਲਿਆ। ਉਹ ਵੀ ਮਿਹਨਤੀ ਕਿਸਾਨ ਸੀ ਪਰ ਪਿਛਲੇ ਪੰਜ ਮਹੀਨਿਆਂ ਦੌਰਾਨ ਉਸਦੀਆਂ ਅੱਠ ਗਊਆਂ ਮਰ ਗਈਆਂ ਸਨ ਅਤੇ ਮੰਡੀ ਵਿੱਚ ਖੀਰੇ ਦੀ ਫ਼ਸਲ ਦੇ ਡਿੱਗੇ ਭਾਅ ਨੇ ਉਸ ਨੂੰ ਆਰਥਿਕ ਤੌਰ ’ਤੇ ਤੋੜ ਦਿੱਤਾ ਸੀ। ਅਜਿਹੀਆਂ ਖ਼ਬਰਾਂ ਹੁਣ ਹਰ ਦੂਜੇ-ਤੀਜੇ ਦਿਨ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇਹ ਸਮੁੱਚੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਦਾਸਤਾਨ ਹੈ। ਜਦੋਂ ਕਰਜ਼ੇ ਦਾ ਭਾਰ ਵਿਆਜ ’ਤੇ ਵਿਆਜ ਲੱਗਣ ਕਾਰਨ ਇੰਨਾ ਜ਼ਿਆਦਾ ਵਧ ਜਾਂਦਾ ਹੈ ਕਿ ਸਥਿਤੀ ਵਿੱਤੋਂ ਬਾਹਰ ਹੋ ਜਾਂਦੀ ਹੈ ਤਾਂ ਆਤਮਹੱਤਿਆ ਦੀ ਨੌਬਤ ਆ ਜਾਂਦੀ ਹੈ। ਭਾਰਤ ਵਿੱਚ ਕਿਸਾਨ ਤੇ ਖੇਤ ਮਜ਼ਦੂਰਾਂ ਦੀਆਂ ਆਤਮਹੱਤਿਆਵਾਂ ਬਾਰੇ 1997 ਤੋਂ ਬਾਅਦ ਕੇਸ ਰਿਪੋਰਟ ਕੀਤੇ ਜਾਣ ਲੱਗੇ ਸਨ। 2003-04 ਵਿੱਚ ਲਹਿਰਾਗਾਗਾ ਇਲਾਕੇ ਦੇ 80 ਦੇ ਕਰੀਬ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਆਤਮਹੱਤਿਆਵਾਂ ਬਾਰੇ ਵਿਸਥਾਰਤ ਖੋਜ ਕੀਤੀ ਗਈ ਸੀ, ਜਿਸ ਵਿੱਚ ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਨਾ ਚੁਕਾਉਣ ਅਤੇ ਫ਼ਸਲ ਬਰਬਾਦ ਹੋਣਾ ਮੁੱਖ ਕਾਰਨ ਸਾਹਮਣੇ ਆਏ ਸਨ। ਇਸੇ ਤਰ੍ਹਾਂ 2014-15 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਕੀਤੀ ਵਿਸਤ੍ਰਿਤ ਖੋਜ ਦੇ ਆਧਾਰ ’ਤੇ ਦੇਖਿਆ ਗਿਆ ਕਿ ਪੰਜਾਬ ਵਿੱਚ 1997 ਤੋਂ 2017 ਤੱਕ 16,107 ਦੇ ਕਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ। ਨੈਸ਼ਨਲ ਕਰਾਈਮ ਰਿਪੋਰਟ ਬਿਊਰੋ ਅਨੁਸਾਰ ਭਾਰਤ ਵਿੱਚ 1997 ਤੋਂ ਲੈ ਕੇ ਹੁਣ ਤੱਕ ਲਗਪਗ 5 ਲੱਖ ਕਿਸਾਨਾਂ ਦੁਆਰਾ ਆਤਮਹੱਤਿਆਵਾਂ ਕੀਤੀਆਂ ਗਈਆਂ ਹਨ। ਇਹ ਵੀ ਨਿਸਚਿਤ ਹੈ ਕਿ ਪੰਜਾਬ ਦੇ ਮਾਲਵੇ ਦੇ ਖੇਤਰ ਵਿੱਚ ਜੋਤਾਂ ਦੇ ਆਕਾਰ ਵੱਡੇ ਹੋਣ ਦੇ ਬਾਵਜੂਦ ਵਧੇਰੇ ਆਤਮਹੱਤਿਆਵਾਂ ਦੇ ਕੇਸ ਰਿਪੋਰਟ ਕੀਤੇ ਗਏ ਹਨ। ਉਸ ਵੇਲੇ ਦੀ ਸਰਕਾਰ ਨੇ 3 ਲੱਖ ਰੁਪਏ ਦੀ ਉੱਕਾ-ਪੁੱਕਾ ਰਾਸ਼ੀ ਪੀੜਤ ਕਿਸਾਨ ਦੇ ਪਰਿਵਾਰ ਨੂੰ ਦੇਣੀ ਸ਼ੁਰੂ ਕੀਤੀ ਸੀ ਪ੍ਰੰਤੂ ਕਿਸਾਨਾਂ ਦੁਆਰਾ ਆਤਮਹੱਤਿਆ ਕਰਨ ਦਾ ਇਹ ਵਰਤਾਰਾ ਅਜੇ ਵੀ ਜਾਰੀ ਹੈ। 2017 ਵਿੱਚ ਕਿਸਾਨੀ ਕਰਜ਼ੇ ਅਤੇ ਕਿਸਾਨਾਂ ਦੁਆਰਾ ਕੀਤੀਆਂ ਜਾਂਦੀਆਂ ਆਤਮਹੱਤਿਆਵਾਂ ਦਾ ਮੁੱਦਾ ਹੋਰ ਵੀ ਉੱਭਰ ਕੇ ਸਾਹਮਣੇ ਆਇਆ। ਸਮੁੱਚੀ ਕਿਸਾਨੀ ਸੰਕਟ ਵਿੱਚ ਹੈ। ਖੇਤੀਬਾੜੀ ਹੁਣ ਲਾਹੇਵੰਦ ਧੰਦਾ ਨਹੀਂ ਰਹਿ ਗਈ ਕਿਉਂਕਿ ਖੇਤੀ ਉਤਪਾਦਨ ਦੀਆਂ ਲਾਗਤਾਂ ਲਗਾਤਾਰ ਵਧ ਰਹੀਆਂ ਹਨ। ਉਪਜ ਦੇ ਭਾਅ ਸਹੀ ਨਹੀਂ ਮਿਲ ਰਹੇ, ਬਹੁਤੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਰਿਹਾ, ਬੇਮੌਸਮੀ ਮੀਂਹ, ਝੱਖੜ ਜਾਂ ਗੜਿਆਂ ਕਾਰਨ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਉਪਜ ਦੀ ਮਾਰਕੀਟਿੰਗ ਅਤੇ ਸਟੋਰੇਜ ਦੇ ਸਰਕਾਰੀ ਪ੍ਰਬੰਧ ਨਾਕਾਫੀ ਹਨ। ਸਗੋਂ ਹੁਣ ਇਹ ਦੋਵੇਂ ਕੰਮ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਤਿਆਰੀ ਹੋ ਰਹੀ ਹੈ। ਇਸ ਤੋਂ ਇਲਾਵਾ ਛੋਟੇ ਅਤੇ ਸੀਮਾਂਤ ਕਿਸਾਨਾਂ ਵੱਲੋਂ ਗ਼ੈਰ-ਸੰਸਥਾਗਤ ਸੰਸਥਾਵਾਂ ਅਤੇ ਆੜ੍ਹਤੀਆਂ ਪਾਸੋਂ ਲਏ ਕਰਜ਼ੇ ਉੱਪਰ ਵਿਆਜ ਲਗਾਤਾਰ ਵਧਦਾ ਜਾਂਦਾ ਹੈ। ਕਈ ਵਾਰ ਕਿਸਾਨ ਸਮਾਜਿਕ ਰੁਤਬਾ ਕਾਇਮ ਰੱਖਣ ਵਾਸਤੇ ਸਮਾਜਿਕ ਰੀਤੀ ਰਿਵਾਜ ਅਤੇ ਸਮਾਗਮਾਂ ਵਾਸਤੇ ਵੀ ਕਰਜ਼ਾ ਲੈਂਦੇ ਹਨ। ਕੁੱਲ ਮਿਲਾ ਕੇ ਇਹ ਸਾਰਾ ਰੁਝਾਨ ਖੇਤੀ ਬਾੜੀ ਨੂੰ ਸੰਕਟ ਵੱਲ ਧੱਕ ਰਿਹਾ ਹੈ। ਛੋਟੇ ਅਤੇ ਸੀਮਾਂਤ ਜੋਤਾਂ ਵਾਲੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੀ ਪੰਡ ਭਾਰੀ ਹੁੰਦੇ ਦੇਖ ਆਤਮਹੱਤਿਆ ਕਰਦੇ ਹਨ, ਕਿਉਂਕਿ ਕਰਜ਼ਾ ਨਾ ਮੋੜਨ ਦੀ ਸੂਰਤ ਵਿੱਚ ਜ਼ਮੀਨ ਦੀ ਕੁਰਕੀ ਹੋਣ ਦਾ ਡਰ ਪੈਦਾ ਹੁੰਦਾ ਹੈ। ਕਈ ਕਿਸਾਨ ਤਾਂ ਜਿਹੜੇ

**ਕੰਵਲਜੀਤ ਕੌਰ ਗਿੱਲ**

ਜ਼ਮੀਨਾਂ ਦੇ ਮਾਲਕ ਸਨ, ਉਹ ਹੁਣ ਆਪਣੀ ਹੀ ਜ਼ਮੀਨ ’ਤੇ ਖੇਤ ਮਜ਼ਦੂਰ ਵਜੋਂ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ, ਜਿਹੜਾ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ।

ਆਤਮਹੱਤਿਆ ਦਾ ਫੌਰੀ ਕਾਰਨ ਕੁਝ ਵੀ ਹੋਵੇ, ਖ਼ੁਦਕੁਸ਼ੀ ਪੀੜਤ ਪਰਿਵਾਰ ਨੂੰ ਸਾਰੀ ਉਮਰ ਖ਼ਾਮਿਆਜ਼ਾ ਭੁਗਤਣਾ ਪੈਂਦਾ ਹੈ। ਸਰਕਾਰਾਂ ਵੱਲੋਂ ਪੀੜਤ ਪਰਿਵਾਰ ਨੂੰ ਦੋ ਜਾਂ ਤਿੰਨ ਲੱਖ ਰੁਪਏ ਦੀ ਉੱਕਾ-ਪੁੱਕਾ ਰਾਸ਼ੀ ਦੇਣ ਨਾਲ ਫੌਰੀ ਤੌਰ ’ਤੇ ਭਾਵੇਂ ਕੁਝ ਰਾਹਤ ਮਿਲ ਜਾਂਦੀ ਹੋਵੇ ਪਰ ਪਰਿਵਾਰ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਹੋਣ ਲਈ ਇਹ ਰਕਮ ਨਿਗੂਣੀ ਹੈ। ਆਤਮਹੱਤਿਆ ਨਾਲ ਜ਼ਿੰਦਗੀ ਖ਼ਤਮ ਕਰ ਲੈਣ ਜਿਹੇ ਵਰਤਾਰੇ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ 4 ਸਾਲਾਂ ਦੌਰਾਨ ਆਤਮਹੱਤਿਆ ਕਰ ਚੁੱਕੇ ਕਿਸਾਨਾਂ ਦੇ ਕਿਸੇ ਵੀ ਪਰਿਵਾਰ ਨੂੰ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ। ਕੇਂਦਰ ਸਰਕਾਰ ਦਾਅਵਾ ਕਰਦੀ ਹੈ ਕਿ ਉਸ ਨੇ ਪਿਛਲੇ 10 ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਹੈ। ਇਸ ਲਈ ਇਨ੍ਹਾਂ ’ਤੇ ਕੋਈ ਵਿੱਤੀ ਬੋਝ ਨਹੀਂ ਜਦੋਂਕਿ ਅੰਕੜੇ ਦੱਸਦੇ ਹਨ ਕਿ ਆਤਮਹੱਤਿਆ ਕਰਨ ਵਾਲਿਆਂ ਵਿੱਚ ਲਗਪਗ 86 ਫ਼ੀਸਦੀ ਗ਼ਰੀਬ ਕਿਸਾਨ ਛੋਟੇ ਅਤੇ ਸੀਮਾਂਤ ਜੋਤਾਂ ਵਾਲੇ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ, ਵਿਆਹੇ ਅਤੇ ਬਾਲ ਬੱਚਿਆਂ ਵਾਲੇ ਹਨ।

ਜਦੋਂ ਘਰ ਵਿੱਚੋਂ ਰੋਜ਼ੀ ਰੋਟੀ ਕਮਾਉਣ ਵਾਲਾ ਖ਼ਤਮ ਹੋ ਜਾਂਦਾ ਹੈ ਤਾਂ ਘਰ ਦੀ ਆਰਥਿਕਤਾ ਡਾਵਾਂਡੋਲ ਹੋ ਜਾਂਦੀ ਹੈ। ਘਰ ਵਿੱਚ ਰਹਿ ਗਈ ਇਕੱਲੀ ਔਰਤ ਲਈ ਸਿਰ ਚੜ੍ਹਿਆ ਕਰਜ਼ਾ ਉਤਾਰਨਾ, ਘਰ ਬਾਰ, ਡੰਗਰ-ਵੱਛਾ ਸਾਂਭਣਾ, ਬੱਚਿਆਂ ਦੀ ਪੜ੍ਹਾਈ ਲਿਖਾਈ, ਬਜ਼ੁਰਗਾਂ ਦੀ ਦੇਖਭਾਲ, ਸਭ ਕੁਝ ਔਖਾ ਹੋ ਜਾਂਦਾ ਹੈ। ਇਹੋ ਜਿਹੇ ਹਾਲਾਤ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਕਰਨੀ ਕਿਸਾਨ ਜਥੇਬੰਦੀਆਂ, ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਚੇਤੰਨ ਵਰਗ ਦੇ ਵਿਅਕਤੀਆਂ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ। ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ, ਵਿਦੇਸ਼ਾਂ ਵਿੱਚ ਰਹਿ ਰਿਹਾ ਭਾਰਤੀ ਤੇ ਪੰਜਾਬੀ ਭਾਈਚਾਰਾ ਇਸ ਨੇਕ ਕਾਰਜ ਵਿੱਚ ਯੋਗਦਾਨ ਪਾਉਣ ਲਈ ਯਤਨਸ਼ੀਲ ਹੈ, ਪਰ ਮੁੱਖ ਸਮੱਸਿਆ ਹੈ, ਉਸ ਪਰਿਵਾਰ ਨਾਲ ਨਿਰੰਤਰ ਤਾਲਮੇਲ ਰੱਖਣਾ ਅਤੇ ਇਹੋ ਜਿਹੇ ਪ੍ਰੋਗਰਾਮ ਉਲੀਕਣੇ ਜਿਸ ਨਾਲ ਉਹ ਪੀੜਤ ਪਰਿਵਾਰ ਆਰਥਿਕ ਮੰਦੀ ਵਿੱਚੋਂ ਨਿਕਲ ਕੇ ਮੁੜ ਜ਼ਿੰਦਗੀ ਜਿਊਣ ਦੇ ਕਾਬਲ ਹੋ ਸਕੇ। ਇਸ ਕਾਰਜ ਵਾਸਤੇ ਨਿਰੰਤਰ ਆਮਦਨ ਦਾ ਵਸੀਲਾ ਯਕੀਨੀ ਬਣਾਉਣਾ, ਬੱਚਿਆਂ ਦੀ ਪੜ੍ਹਾਈ ਲਿਖਾਈ ਯਕੀਨੀ ਬਣਾਉਣਾ, ਘਰ ਵਿੱਚ ਬਜ਼ੁਰਗਾਂ ਦੀ ਦੇਖਭਾਲ ਅਤੇ ਦਵਾਈ ਆਦਿ ਦਾ ਪ੍ਰਬੰਧ ਕਰਨਾ, ਬਹੁਤੇ ਗ਼ਰੀਬ ਪਰਿਵਾਰ ਲਈ ਘੱਟੋ-ਘੱਟ ਦੋ ਕਮਰਿਆਂ ਵਾਲਾ ਘਰ ਬਣਾਉਣ ਲਈ ਮਾਲੀ ਸਹਾਇਤਾ ਦਾ ਪ੍ਰਬੰਧ ਕਰਨਾ ਅਤੇ ਸਭ ਤੋਂ ਅਹਿਮ, ਪਰਿਵਾਰ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕਰਵਾਉਣਾ ਹੈ। ਵਿੱਤੀ ਸਹਾਇਤਾ ਦੇ ਨਾਲ-ਨਾਲ ਬਹੁਤੀ ਵਾਰ ਸਮਾਜਿਕ ਅਤੇ ਭਾਈਚਾਰਕ ਸਥਿਤੀ ਵਧੇਰੇ ਚਿੰਤਾਜਨਕ ਹੋ ਜਾਂਦੀ ਹੈ। ਪਰਿਵਾਰ ਉੱਪਰ ਜਦੋਂ ਵੀ ਇਸ ਪ੍ਰਕਾਰ ਦੀ ਨਮੋਸ਼ੀ ਭਰਪੂਰ ਭੀੜ ਪੈਂਦੀ ਹੈ ਤਾਂ ਸਭ ਤੋਂ ਪਹਿਲਾਂ ਮਨੋਬਲ ਡੋਲਦਾ ਹੈ। ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਅਜਿਹੇ ਬੇਯਕੀਨੀ ਵਾਲੇ ਮਾਹੌਲ ਵਿੱਚ ਸਮੁੱਚੇ ਕਿਸਾਨ ਭਾਈਚਾਰੇ ਦੇ ਸਾਥ ਦੀ ਲੋੜ ਹੁੰਦੀ ਹੈ। ਮਨੋਵਿਗਿਆਨਿਕ ਤੌਰ ’ਤੇ ਪਰਿਵਾਰ ਨੂੰ ਦਿਲਾਸਾ ਦੇਣਾ ਤੇ ਉਸ ਨੂੰ ਇਕੱਲਿਆਂ ਅਤੇ ਅਨਿਸ਼ਚਿਤਤਾ ਦੇ ਹਾਲਾਤ ਵਿੱਚੋਂ ਕੱਢਣਾ ਵੀ ਓਨਾ ਹੀ ਜ਼ਰੂਰੀ ਹੁੰਦਾ ਹੈ। ਸਮਾਜਿਕ ਸੰਬੰਧ ਬਣੇ ਰਹਿਣ ਇਸ ਦੇ ਲਈ ਉਸ ਪਰਿਵਾਰ ਨਾਲ ਨਿਰੰਤਰ ਰਾਬਤਾ ਰੱਖਣਾ, ਮਿਲਦੇ ਗਿਲਦੇ ਰਹਿਣਾ, ਉਨ੍ਹਾਂ ਦਾ ਮਨੋਬਲ ਬਣਾਈ ਰੱਖਣ ਵਾਸਤੇ ਅਗਲੇਰੀ ਕਾਰਵਾਈ ਲਈ ਸਲਾਹ-ਮਸ਼ਵਰਾ ਕਰਦੇ ਰਹਿਣ ਦੇ ਨਾਲ ਨਾਲ ਜ਼ਰੂਰੀ ਹੈ ਇਖ਼ਲਾਕੀ ਹਮਾਇਤ ਅਤੇ ਨੈਤਿਕ ਸਮਰਥਨ। ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ ਹਨ ਜਿਹੜੀਆਂ 2020-21 ਦੌਰਾਨ ਹੋਏ ਕਿਸਾਨ ਅੰਦੋਲਨ ਦੌਰਾਨ ਸਰਗਰਮ ਹੋਈਆਂ ਸਨ। ਉਨ੍ਹਾਂ ਇਸ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਦੀ ਮਾਇਕ ਸਹਾਇਤਾ ਦੇ ਨਾਲ ਨਾਲ ਪੀੜਤ ਪਰਿਵਾਰਾਂ ਨੂੰ ਗੋਦ ਲੈਣ ਦੇ ਪ੍ਰੋਗਰਾਮ ਵੀ ਉਲੀਕੇ ਸਨ ਤਾਂ ਕਿ ਉਨ੍ਹਾਂ ਦੇ ਘਰ ਪਰਿਵਾਰ ਨੂੰ ਸਾਂਭਣ ਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਲਿਖਾਈ ਆਦਿ ਦਾ ਪ੍ਰਬੰਧ ਵੀ ਹੋ ਸਕੇ। ਉਹ ਸੰਸਥਾਵਾਂ ਹੁਣ ਵੀ ਸਰਗਰਮ ਹਨ ਅਤੇ ਲਗਾਤਾਰ ਸੇਵਾ ਨਿਭਾ ਰਹੀਆਂ ਹਨ। ਆਤਮਹੱਤਿਆ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੀ ਸੰਭਾਲ ਵਾਸਤੇ ਇਸ ਪ੍ਰਕਾਰ ਦੀਆਂ ਸੰਸਥਾਵਾਂ ਦੀ ਜ਼ਰੂਰਤ ਹੈ। ਸਰਕਾਰੀ ਮਹਿਕਮੇ ਤੇ ਹੋਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਮਿਲਦੀਆਂ ਸਹੂਲਤਾਂ ਦੀ ਤਰਜ਼ ’ਤੇ ਦੁਰਘਟਨਾ ਹੋ ਜਾਣ ਦੀ ਸੂਰਤ ਵਿੱਚ ਉਸ ਦੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿਵਾਉਣਾ ਯਕੀਨੀ ਹੋਣਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਨੂੰ ਇਹ ਮੁੱਦਾ ਸਰਕਾਰ ਕੋਲ ਜ਼ੋਰਦਾਰ ਤਰੀਕੇ ਨਾਲ ਉਠਾਉਣਾ ਚਾਹੀਦਾ ਹੈ।

ਅਸਲ ਮਕਸਦ ਮਨੋਵਿਗਿਆਨਕ ਅਤੇ ਭਾਵਨਾਤਮਕ ਤੌਰ ’ਤੇ ਟੁੱਟ ਚੁੱਕੇ ਪਰਿਵਾਰ ਨੂੰ ਮੁੜ ਮੁੱਖ ਧਾਰਾ ਵਿੱਚ ਲਿਆਉਣਾ ਹੈ। ਕਿਸੇ ਵੀ ਕਾਰਨ ਕਰਕੇ ਆਤਮਹੱਤਿਆ ਕਰ ਚੁੱਕੇ ਕਿਸਾਨ ਦੇ ਪਰਿਵਾਰ ਨੂੰ ਕਿਸਾਨ ਭਾਈਚਾਰਾ ਬੇਸਹਾਰਾ ਨਹੀਂ ਛੱਡ ਸਕਦਾ। ਕਿਸਾਨ ਨੂੰ ਅੰਨਦਾਤਾ ਦਾ ਦਰਜਾ ਦਿੱਤਾ ਜਾਂਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਨ ਦੀ ਅਹਿਮ ਭੂਮਿਕਾ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਦੇ ਪੰਜਾਬੀਆਂ ’ਤੇ ਭੀੜ ਪਈ ਤਾਂ ਉਸ ਦਾ ਇਕੱਠਿਆਂ ਮਿਲਜੁਲ ਕੇ ਸਫ਼ਲਤਾਪੂਰਵਕ ਮੁਕਾਬਲਾ ਕੀਤਾ। ਬਜ਼ੁਰਗ ਦੱਸਦੇ ਹਨ ਕਿ ਪੁਰਾਣੇ ਸਮਿਆਂ ਵਿੱਚ ਜਦੋਂ ਕਦੇ ਪਿੰਡ ਵਿੱਚ ਕੋਈ ਮਰਗ ਆਦਿ ਵਰਗੀ ਦੁਰਘਟਨਾ ਹੋ ਜਾਂਦੀ ਸੀ, ਘਰ ਵਿੱਚ ਸੋਗ ਦਾ ਮਾਹੌਲ ਹੁੰਦਾ ਸੀ, ਤਾਂ ਪਿੰਡ ਵਾਲੇ ਇਕੱਠੇ ਹੋ ਕੇ ਉਸ ਘਰ ਦੀ ਫ਼ਸਲ ਦੀ ਵਾਢੀ ਆਦਿ ਕਰ ਕੇ ਦਾਣੇ ਉਸ ਘਰ ’ਚ ਪੁੱਜਦਾ ਕਰ ਦਿੰਦੇ ਸਨ। ਬਿਜਾਈ ਦੌਰਾਨ ਫ਼ਸਲ ਬੀਜਣ ਦਾ ਕੰਮ ਵੀ ਉਹ ਕਰ ਦਿੰਦੇ ਸਨ। ਸਿਹਤਮੰਦ ਅਤੇ ਮਜ਼ਬੂਤ ਭਾਈਚਾਰਾ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਹੱਲ ਕਰ ਸਕਦਾ ਹੈ। ਅੱਜ ਵੀ ਸਾਨੂੰ ਇਸ ਭਾਈਚਾਰਕ ਸਾਂਝ ਨੂੰ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਹੈ। ਕਮਜ਼ੋਰ ਪੈ ਚੁੱਕੇ ਕਿਸਾਨੀ ਭਾਈਚਾਰੇ ਨੂੰ ਮਜ਼ਬੂਤ ਕਰਨ ਵਾਸਤੇ ‘ਸਾਨੂੰ ਕੀ’ ਦੀ ਥਾਂ ’ਤੇ ‘ਸਾਨੂੰ ਹੀ’ ਦੇ ਨੁਕਤੇ ਨੂੰ ਅਪਣਾਉਣਾ ਪਵੇਗਾ ਜਿਸ ਵਾਸਤੇ ਵੱਡੀ ਪੱਧਰ ’ਤੇ ਮਿਲਜੁਲ ਕੇ ਹੰਭਲਾ ਮਾਰਨ ਦੀ ਲੋੜ ਹੈ।





# ਸਾਨੂੰ ਆਪਣੇ ਦੇਸ਼ ਦੀ ਅਰਥਵਿਵਸਥਾ ਦੇ ਭਵਿੱਖ ਦੀ ਚਿੰਤਾ ਹੋਣੀ ਚਾਹੀਦੀ ਹੈ

ਅਸੀਂ ਇਕ ਅਜਿਹੀ ਖਤਰਨਾਕ ਸਥਿਤੀ 'ਚੋਂ ਗੁਜ਼ਰ ਰਹੇ ਹਾਂ, ਜਦੋਂ ਸੰਸਾਰ ਪੱਧਰੀ ਪੈਦਾ ਹੋਈਆਂ ਹਾਲਤਾਂ ਦਾ ਭਾਰਤ ਦੀ ਆਰਥਿਕਤਾ ਤੇ ਰਾਜਨੀਤੀ 'ਤੇ ਬੁਰਾ ਅਸਰ ਪੈ ਰਿਹਾ ਹੈ। ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ਵਿਰੁੱਧ ਛੇੜੀ ਜੰਗ ਦੇ ਸਿੱਟੇ ਵਜੋਂ ਊਰਜਾ ਦੇ ਖੇਤਰ 'ਚ ਸੰਕਟ ਦੇ ਬੱਦਲ ਮੰਡਰਾਅ ਰਹੇ ਹਨ ਤੇ ਮਹਿੰਗਾਈ, ਬੇਰੁਜ਼ਗਾਰੀ ਰਾਕੇਟ ਵਾਂਗ ਉਤਾਂਹ ਵੱਲ ਨੂੰ ਵਧਦੀ ਜਾ ਰਹੀ ਹੈ। ਸਾਡੀ ਮੌਜੂਦਾ ਸਰਕਾਰ ਦੀ ਵਿਦੇਸ਼ੀ ਨੀਤੀ ਨੇ ਅਜਿਹੇ ਦੇਸ਼ਾਂ ਨੂੰ ਮਿੱਤਰ ਬਣਾਉਣ ਦਾ ਜੋਖਮ ਲਿਆ ਹੈ, ਜੋ ਆਪਣਿਆਂ ਨੂੰ ਵੀ ਨਹੀਂ ਬਖਸ਼ਦੇ। ਅਮਰੀਕਾ ਦਾ ਨਾਟੋ ਦੇ ਮੈਂਬਰ ਦੇਸ਼ਾਂ ਨਾਲ ਮੌਜੂਦਾ ਵਿਵਹਾਰ ਇਸ ਦਾ ਪ੍ਰਮਾਣ ਹੈ।

ਜੰਗ ਦੌਰਾਨ ਧਾੜਵੀ ਅਮਰੀਕਾ-ਇਜ਼ਰਾਈਲ ਨਾਲ ਖੜ੍ਹ ਕੇ ਅਸੀਂ ਈਰਾਨ, ਰੂਸ ਵਰਗੇ ਦੇਸ਼ਾਂ ਤੋਂ ਦੁਸ਼ਮਣਾਂ ਵਰਗੀ ਦੂਰੀ ਬਣਾ ਲਈ ਹੈ। ਲਗਭਗ ਇਕ ਕਰੋੜ ਭਾਰਤੀ, ਜੋ ਖਾੜੀ ਦੇਸ਼ਾਂ 'ਚ ਰੋਟੀ-ਰੋਜ਼ੀ ਲਈ ਪ੍ਰਵਾਸ ਕਰੀ ਬੈਠੇ ਹਨ, ਦੀ ਸੁਰੱਖਿਆ ਲਈ ਸਾਡੇ ਦੇਸ਼ ਦੀ ਸਰਕਾਰ ਵੱਲੋਂ ਜੰਗਬੰਦੀ ਕਰਾਉਣ ਲਈ ਲੋੜੀਂਦੀ ਪਹਿਲਕਦਮੀ ਨਹੀਂ ਕੀਤੀ ਗਈ। ਅੰਤਰਰਾਸ਼ਟਰੀ ਮਾਮਲਿਆਂ 'ਚ 'ਵਿਸ਼ਵ ਗੁਰੂ' ਦਾ ਕਿਧਰੇ ਨਾਂ ਨਜ਼ਰ ਨਹੀਂ ਆ ਰਿਹਾ। ਆਉਣ ਵਾਲੇ ਦਿਨਾਂ 'ਚ ਜੇਕਰ ਇਸ ਜੰਗ 'ਤੇ ਬਰੇਕ ਨਹੀਂ ਲੱਗਦੀ ਤਾਂ ਭਾਰਤੀ ਲੋਕਾਂ ਦੀਆਂ ਮੁਸ਼ਕਲਾਂ 'ਚ ਭਾਰੀ ਵਾਧਾ ਹੋਣ ਦੀ ਸੰਭਾਵਨਾ ਤੋਂ ਅੱਖਾਂ ਬੰਦ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ।

ਭਾਰਤੀ ਰੁਪਏ ਦੀ ਕਦਰ ਘਟਾਈ ਨੇ ਵਿਦੇਸ਼ੀ ਕਰਜ਼ਿਆਂ ਦੇ ਭਾਰ ਦੀ ਪੰਡ ਭਾਰੀ ਕਰ ਦਿੱਤੀ ਹੈ। ਵਿਦੇਸ਼ੀ ਵਪਾਰ 'ਚ ਅਸਾਵਾਂਪਨ ਵਧ ਗਿਆ ਹੈ। ਅਮੀਰ-ਗਰੀਬ ਦੇ ਵਧ ਰਹੇ ਭਿਆਨਕ ਪਾੜੇ ਬਾਰੇ ਸਿਰਫ ਸਰਕਾਰ ਵਿਰੋਧੀ ਦਲਾਂ ਵੱਲੋਂ ਹੀ ਚਿੰਤਾ ਨਹੀਂ ਪ੍ਰਗਟਾਈ ਜਾ ਰਹੀ, ਬਲਕਿ ਸੀ. ਰਘੂ ਰਾਜਨ ਵਰਗੇ ਸਰਮਾਏਦਾਰੀ ਪ੍ਰਬੰਧ ਦੇ ਹਮਾਇਤੀ ਅਰਥਸ਼ਾਸਤਰੀ ਵੀ ਅਮੀਰਾਂ-ਗਰੀਬਾਂ 'ਚ ਵਧ ਰਹੇ ਆਰਥਿਕ ਪਾੜੇ ਤੋਂ ਪੈਦਾ ਹੋਣ ਵਾਲੀ ਰਾਜਨੀਤਕ ਤੇ ਸਮਾਜਿਕ ਅਸਥਿਰਤਾ ਤੇ ਟਕਰਾਅ ਬਾਰੇ ਆਪਣੀ ਫਿਕਰਮੰਦੀ ਜ਼ਾਹਿਰ ਕਰ ਰਹੇ ਹਨ। ਕੱਚੇ ਤੇਲ ਦੀ ਆਮਦ 'ਚ ਆਈ ਕਮੀ ਤੇ ਭਵਿੱਖੀ ਅਨਿਸ਼ਚਿਤਤਾ 'ਚ ਹੋ ਰਹੇ ਵਾਧੇ ਨਾਲ ਹਜ਼ਾਰਾਂ ਛੋਟੇ ਤੇ ਦਰਮਿਆਨੇ ਸਨਅਤੀ ਅਦਾਰੇ ਬੰਦ ਹੋਣ ਨਾਲ ਲੱਖਾਂ ਮਜ਼ਦੂਰ ਆਪੋ ਆਪਣੇ ਪ੍ਰਾਂਤਾਂ ਨੂੰ ਬੇਰੁਜ਼ਗਾਰੀ ਦੀ ਮਾਰ ਝੱਲਣ ਲਈ ਵਾਪਸ ਪਰਤ ਰਹੇ ਹਨ।

ਖੇਤੀਬਾੜੀ ਦਾ ਧੰਦਾ, ਜੋ ਗਰੀਬ, ਛੋਟੇ ਤੇ ਦਰਮਿਆਨੇ ਦਰਜੇ ਦੇ ਕਿਸਾਨਾਂ ਲਈ ਪਹਿਲਾਂ ਹੀ ਘਾਟੇਬੰਦੀ ਦਾ ਸੌਦਾ ਬਣਿਆ ਹੋਇਆ ਹੈ, ਭਾਰਤ-ਅਮਰੀਕਾ ਦਰਮਿਆਨ ਹੋਏ ਸਮਝੌਤਿਆਂ ਨਾਲ ਹੋਰ ਵੀ ਚੌੜ ਚਪੱਟ ਹੋਣ ਵਾਲਾ ਹੈ। ਇਸ ਸਮਝੌਤੇ ਅੰਦਰ ਪ੍ਰਸਤਾਵਿਤ ਫਲਾਂ, ਸੁੱਕੇ ਮੇਵਿਆਂ, ਪਸ਼ੂਆਂ ਦੀ ਖੁਰਾਕ, ਮੱਕੇ ਤੇ ਇਸ ਤੋਂ ਤਿਆਰ ਕੀਤੇ ਤੇਲ ਦੀ ਆਮਦ ਨਾਲ ਭਾਰਤ ਦਾ ਕਿਸਾਨ ਇਨ੍ਹਾਂ ਵਸਤਾਂ ਦਾ ਮੰਡੀ 'ਚ ਕਿਵੇਂ ਮੁਕਾਬਲਾ ਕਰ ਸਕੇਗਾ? ਨੋਟ ਕਰਨ ਵਾਲੀ ਗੱਲ ਇਹ ਹੈ ਕਿ ਖੇਤੀਬਾੜੀ ਦਾ ਧੰਦਾ ਲਾਹੇਵੰਦਾ ਬਣਾਉਣ ਵਾਸਤੇ ਅਮਰੀਕਾ ਸਰਕਾਰ ਆਪਣੇ ਕਿਸਾਨਾਂ ਨੂੰ ਪ੍ਰਤੀ ਕਿਸਾਨ 6000 ਡਾਲਰ ਸਬਸਿਡੀ ਦਿੰਦੀ ਹੈ, ਜਦਕਿ ਭਾਰਤ ਸਰਕਾਰ ਸਿਰਫ 294 ਡਾਲਰ ਤੱਕ ਸੀਮਤ ਹੈ।

**-ਮੰਗਤ ਰਾਮ ਪਾਸਲਾ**

ਵਿਦੇਸ਼ੀ ਵਸਤਾਂ ਦੇ ਵੱਡੇ-ਵੱਡੇ ਹੱਟ ਜਿਸ ਮਾਤਰਾ 'ਚ ਖੁੱਲ੍ਹਦੇ ਜਾ ਰਹੇ ਹਨ, ਜਿੱਥੇ ਵਿਦੇਸ਼ੀ ਬ੍ਰਾਂਡਾਂ ਦਾ ਕੱਪੜਾ, ਹੋਰ ਵਰਤੋਂ ਦੀਆਂ ਚੀਜ਼ਾਂ ਤੇ ਖਾਧ ਪਦਾਰਥ ਵਿਕਣਗੇ, ਉਨ੍ਹਾਂ ਦਾ ਟਾਕਰਾ ਸਾਡੇ ਰੇਹੜੀਆਂ, ਖੋਖਿਆਂ ਤੇ ਛੋਟੀਆਂ ਦੁਕਾਨਾਂ ਵਾਲੇ ਦੁਕਾਨਦਾਰ ਕਿਵੇਂ ਕਰ ਸਕਣਗੇ? ਸਾਨੂੰ ਨੇੜ ਭਵਿੱਖ ਅੰਦਰ ਛੋਟੀਆਂ ਦੁਕਾਨਾਂ ਤੇ ਛੋਟੇ ਕਾਰੋਬਾਰੀਆਂ ਦੇ ਗੇਟਾਂ 'ਤੇ ਜੜ੍ਹੇ ਤਾਲਿਆਂ ਦੀ ਘਿਨਾਉਣੀ ਤਸਵੀਰ ਨਜ਼ਰ ਆ ਰਹੀ ਹੈ, ਜਿਵੇਂ ਕਿ ਮੈਕਸੀਕੋ, ਬ੍ਰਾਜ਼ੀਲ ਤੇ ਕਈ ਅਫਰੀਕੀ ਤੇ ਏਸ਼ੀਆਈ ਦੇਸ਼ਾਂ 'ਚ ਵਾਪਰਿਆ ਹੈ। ਅਫਸੋਸ ਹੈ ਕਿ ਇਹ ਕੌੜਾ ਸੱਚ ਹੁਕਮਰਾਨ ਮੋਦੀ ਸਰਕਾਰ ਨੂੰ ਨਹੀਂ ਦਿਸ ਰਿਹਾ। ਵਿਦੇਸ਼ੀ ਵਸਤਾਂ ਦੀ ਆਮਦ ਦਾ ਵਿਰੋਧ ਕਰਨ ਵਾਲਾ ਸੰਗਠਨ, ਆਰ. ਐੱਸ. ਐੱਸ., ਇਸ ਨਵੇਂ ਪ੍ਰਬੰਧ ਦਾ ਹਮਾਇਤੀ ਬਣ ਗਿਆ ਹੈ।

ਸਾਮਰਾਜ ਨਿਰਦੇਸ਼ਿਤ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦੇ ਸ਼ਿਕਾਰ ਹੋਏ ਸੰਸਾਰ ਦੇ ਆਰਥਿਕ ਤੌਰ 'ਤੇ ਗਰੀਬ ਤੇ ਪੱਛੜੇ ਦੇਸ਼ਾਂ ਦੀ ਤਰਸਯੋਗ ਸਥਿਤੀ ਨੂੰ ਦੇਖਦਿਆਂ, ਸਾਨੂੰ ਆਪਣੇ ਦੇਸ਼ ਦੇ ਅਰਥਚਾਰੇ ਦੀ ਭਵਿੱਖੀ ਹਾਲਤ ਬਾਰੇ ਚਿੰਤਾ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਭਾਰਤ ਦੀ ਆਰਥਿਕਤਾ ਅੰਦਰ ਸਾਮਰਾਜ ਦੇ ਕੰਟਰੋਲ ਵਾਲੀਆਂ ਵਿੱਤੀ ਸੰਸਥਾਵਾਂ ਤੇ ਸਾਮਰਾਜ ਦੀਆਂ ਨਿਰਦੇਸ਼ਿਤ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦੀ ਜਕੜ ਵਧਦੀ ਜਾ ਰਹੀ ਹੈ, ਉਸ ਨਾਲ ਦੇਸ਼ ਨੂੰ ਨਵੀਂ ਕਿਸਮ ਦੀ ਗੁਲਾਮੀ, ਭਾਵ ਨਵ-ਬਸਤੀਵਾਦ ਦਾ ਦਰਦ ਝੱਲਣਾ ਪੈ ਸਕਦਾ ਹੈ। ਉਸ ਤੋਂ ਮੁਕਤੀ ਹਾਸਲ ਕਰਨ ਲਈ ਸਾਨੂੰ ਆਜ਼ਾਦੀ ਦੀ ਦੂਸਰੀ ਜੰਗ ਲੜਨੀ ਵੀ ਪੈ ਸਕਦੀ ਹੈ। ਇਹ ਜੰਗ ਬਿਨਾਂ ਸ਼ੱਕ ਪਹਿਲੇ ਲੜੇ ਗਏ ਆਜ਼ਾਦੀ ਸੰਗਰਾਮ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋਵੇਗੀ, ਕਿਉਂਕਿ ਭਾਰਤੀ ਸਮਾਜ ਦੀ ਫੌਲਾਦੀ ਏਕਤਾ ਨੂੰ ਸੱਜੇ-ਪੱਖੀ ਸ਼ਕਤੀਆਂ ਨੇ ਫਿਰਕੂ ਲੀਹਾਂ 'ਤੇ ਵੰਡ ਕੇ ਬਹੁਤ ਕਮਜ਼ੋਰ ਕਰ ਦਿੱਤਾ ਹੈ।



ਆਰ. ਐੱਸ. ਐੱਸ. ਦੇ ਮਿਥੇ ਨਿਸ਼ਾਨੇ ਧਰਮ ਆਧਾਰਿਤ "ਗੈਰ-ਲੋਕਰਾਜੀ ਹਿੰਦੂਤਵੀ ਰਾਜ" ਦੀ ਸਥਾਪਨਾ ਲਈ ਯਤਨਸ਼ੀਲ ਲੋਕ ਸਥਿਤੀ ਦੀ ਗੰਭੀਰਤਾ ਨੂੰ ਸਮਝ ਕੇ ਅਗਾਂਹਵਧੂ ਨਜ਼ਰੀਏ ਨਾਲ ਦਰਪੇਸ਼ ਮੁਸ਼ਕਲਾਂ ਦੇ ਹੱਲ ਦੇ ਉਪਾਅ ਕਰਨ ਦੀ ਬਜਾਏ ਸਥਿਤੀ ਨੂੰ ਹੋਰ ਗੁੰਝਲਦਾਰ ਤੇ ਤਰਸਯੋਗ ਬਣਾਉਣ 'ਚ ਮਸ਼ਰੂਫ ਹਨ। ਉਨ੍ਹਾਂ ਦਾ ਏਜੰਡਾ 'ਅਨੇਕਤਾ 'ਚ ਏਕਤਾ' ਦੇ ਸੰਕਲਪ ਨੂੰ ਖਤਮ ਕਰਕੇ ਵੱਖ-ਵੱਖ ਧਰਮਾਂ 'ਚ ਖਟਾਸ ਪੈਦਾ ਕਰਨ ਵਾਲਾ ਹੈ। ਜਾਤੀ-ਪਾਤੀ ਵਿਵਸਥਾ ਮਜ਼ਬੂਤ ਕਰਨ ਲਈ 'ਮਨੂੰਵਾਦੀ' ਵਿਚਾਰਧਾਰਾ ਨੂੰ ਮੁੜ ਆਗੂ ਸੀਟ 'ਤੇ ਬਿਠਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਅਗਾਂਹਵਧੂ ਤੇ ਖੱਬੇ-ਪੱਖੀ ਵਿਚਾਰਧਾਰਾ ਨੂੰ ਦੇਸ਼ ਦੇ ਦੁਸ਼ਮਣ ਦੱਸ ਕੇ ਉਨ੍ਹਾਂ ਵਿਰੁੱਧ ਨਫਰਤੀ ਪ੍ਰਚਾਰ ਵਿੱਢਿਆ ਜਾਣਾ ਅਸਲ 'ਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਖਾਤਮਾ ਕਰਕੇ ਬਰਾਬਰਤਾ, ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦੇ ਮਾਨਵੀ ਫਲਸਫੇ ਦੇ ਜੜ੍ਹੀਂ ਤੇਲ ਦੇਣ ਦੇ ਬਰਾਬਰ ਹੈ, ਜਿਸ ਨੂੰ ਸੰਘ ਪਰਿਵਾਰ ਆਪਣਾ 'ਪਵਿੱਤਰ ਫਰਜ਼' ਸਮਝਣ ਦਾ ਭਰਮ ਪਾਲ ਰਿਹਾ ਹੈ। ਦੇਸ਼ ਦੇ ਅਨੇਕਾਂ ਹਿੱਸਿਆਂ 'ਚ ਇਲਾਕਾਈ, ਭਾਸ਼ਾਈ, ਧਾਰਮਿਕ ਤੇ ਸੱਭਿਆਚਾਰਕ ਵੱਖਰੇਵਿਆਂ 'ਤੇ ਆਧਾਰਿਤ 'ਯੁੱਧ' ਵਰਗੀ ਸਥਿਤੀ ਬਣੀ ਹੋਈ ਹੈ। ਦੇਸ਼ ਦੀ ਨਿਆਂਪਾਲਿਕਾ, ਸੰਵਿਧਾਨਕ ਸੰਸਥਾਵਾਂ, ਸਰਕਾਰੀ ਮਸ਼ੀਨਰੀ ਤੇ ਸੰਵਿਧਾਨਕ ਅਹੁਦਿਆਂ ਦੀ ਵਰਤੋਂ ਦੇਸ਼ ਦੇ ਸੰਵਿਧਾਨ ਅੰਦਰ ਦਰਜ ਧਾਰਾਵਾਂ ਅਨੁਸਾਰ ਨਿਰਪੱਖ ਰੂਪ 'ਚ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਬੇਵਿਸ਼ਵਾਸੀ, ਸ਼ੰਕਾਵਾਦੀ ਤੇ ਆਪਸੀ ਕੁੜੱਤਣ ਦਾ ਮਾਹੌਲ ਬਣਿਆ ਹੋਇਆ ਹੈ ਤੇ ਲੋਕਰਾਜੀ ਵਿਵਸਥਾ ਸੰਕਟ 'ਚ ਘਿਰੀ ਹੋਈ ਹੈ।

ਜਦੋਂ ਦੇਸ਼ ਵਿਦੇਸ਼ੀ ਤੇ ਅੰਦਰੂਨੀ ਖਤਰਿਆਂ ਦੇ ਸਨਮੁੱਖ ਖੜ੍ਹਾ ਹੋਵੇ, ਤਦ ਸਾਡਾ ਸਾਰੇ ਲੋਕਾਂ ਦਾ ਇਹ ਫਰਜ਼ ਬਣਦਾ ਹੈ ਕਿ ਸੌੜੇ ਤੇ ਫਿਰਕੂ ਦਾਇਰਿਆਂ 'ਚੋਂ ਬਾਹਰ ਨਿਕਲ ਕੇ ਦੇਸ਼ ਦੇ ਸੰਵਿਧਾਨ, ਅਗਾਂਹਵਧੂ ਸਮਾਜਿਕ ਤੇ ਧਰਮਨਿਰਪੱਖ ਕਦਰਾਂ-ਕੀਮਤਾਂ ਦੀ ਰਾਖੀ ਕਰਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਨ ਦਾ ਯਤਨ ਕਰੀਏ।




# ਜ਼ਹਿਰੀਲੇ ਤੀਰ ਨਾਕਾਮ ਕਰ ਦਿੱਤੇ ਗਏ

ਸਰਕਾਰ ਅਤੇ ਭਾਜਪਾ ਨੇ ਸੰਵਿਧਾਨ (131ਵੀਂ) ਸੋਧ ਬਿੱਲ, 2026 ਦੇ ਇਰਦ-ਗਿਰਦ ਇਕ ਬਿਰਤਾਂਤ ਬਣਾਉਣ ਦੀ ਕੋਸ਼ਿਸ਼ ਕੀਤੀ। ਇਹ ਬਿਰਤਾਂਤ ਪੂਰੀ ਤਰ੍ਹਾਂ ਦੋਸ਼ਪੂਰਨ, ਬਦਲੇ ਤੱਥਾਂ ਅਤੇ ਕਾਨੂੰਨ ਦੀ ਸ਼ੱਕੀ ਵਿਆਖਿਆ 'ਤੇ ਆਧਾਰਿਤ ਸੀ।

16 ਅਪ੍ਰੈਲ, 2026 ਨੂੰ ਕਾਨੂੰਨ ਪੂਰੀ ਤਰ੍ਹਾਂ ਸਪੱਸ਼ਟ ਸੀ। ਸੰਵਿਧਾਨ (106ਵੀਂ) ਸੋਧ ਸਤੰਬਰ 2023 'ਚ ਪਾਸ ਕੀਤੀ ਗਈ ਸੀ ਅਤੇ ਉਹ ਭਾਰਤ ਦੇ ਸੰਵਿਧਾਨ ਦਾ ਹਿੱਸਾ ਸੀ। ਇਸ ਨੇ ਸੰਵਿਧਾਨ 'ਚ ਧਾਰਾ 334ਏ ਨੂੰ ਸ਼ਾਮਲ ਕੀਤਾ ਸੀ ਪਰ ਸਿਰਫ ਸਰਕਾਰ ਹੀ ਜਾਣੇ ਕਿ ਕਿਨ੍ਹਾਂ ਕਾਰਨਾਂ ਕਰ ਕੇ ਇਸ ਸੋਧ ਨੂੰ ਨੋਟੀਫਾਈ ਨਹੀਂ ਕੀਤਾ ਗਿਆ ਸੀ। (ਇਸ ਨੂੰ 16 ਅਪ੍ਰੈਲ ਦੀ ਰਾਤ ਨੂੰ ਨੋਟੀਫਾਈ ਕੀਤਾ ਗਿਆ)। ਸੋਧ 'ਚ ਲੋਕ ਸਭਾ ਦੀ ਮੌਜੂਦਾ ਗਿਣਤੀ (543 ਮੈਂਬਰ) 'ਚ ਔਰਤਾਂ ਲਈ ਰਾਖਵੇਂਕਰਨ ਦੀ ਵਿਵਸਥਾ ਸੀ। ਔਰਤਾਂ ਲਈ ਰਾਖਵਾਂਕਰਨ ਇਕ ਤੈਅ ਤੱਥ ਸੀ। ਧਾਰਾ 334ਏ 'ਤੇ ਫਿਰ ਤੋਂ ਵਿਚਾਰ ਕਰਨ ਦਾ ਕੋਈ ਮੌਕਾ ਨਹੀਂ ਸੀ। ਇਸ ਦੇ ਉਲਟ ਦਿੱਤਾ ਗਿਆ ਬਿਰਤਾਂਤ ਇਕ ਝੂਠ ਸੀ।

ਹਾਲਾਂਕਿ, ਸਰਕਾਰ ਨੂੰ ਇਕ ਸ਼ਰਾਰਤਪੂਰਨ ਵਿਚਾਰ ਸੁੱਝਿਆ, ਜਿਸ ਨੂੰ ਸ਼ਾਸਕਾਂ ਨੇ ਸੋਚਿਆ ਕਿ ਇਹ ਕਈ ਉਦੇਸ਼ਾਂ ਨੂੰ ਪੂਰਾ ਕਰੇਗਾ—ਤਾਮਿਲਨਾਡੂ ਅਤੇ ਪੱਛਮੀ ਬੰਗਾਲ 'ਚ ਚੋਣ ਮੁਹਿੰਮ 'ਚ ਵਿਘਨ ਪਾਉਣਾ, ਨਿਰਪੱਖ ਹੱਦਬੰਦੀ ਦਾ ਭਰਮ ਪੈਦਾ ਕਰਨਾ, ਇਕ ਅਜਿਹੀ ਹੱਦਬੰਦੀ ਪ੍ਰਕਿਰਿਆ ਨੂੰ ਚੋਰੀ-ਛਿਪੇ ਦਾਖਲ ਕਰਨਾ, ਜੋ ਦੱਖਣੀ ਰਾਜਾਂ ਨਾਲ ਘੋਰ ਅਨਿਆਂਪੂਰਨ ਅਤੇ ਅਣਉਚਿਤ ਹੋਵੇਗੀ ਅਤੇ ਇਹ ਗਲਤ ਬਿਰਤਾਂਤ ਫੈਲਾਉਣਾ ਕਿ 'ਰਾਖਵਾਂਕਰਨ' 'ਹੱਦਬੰਦੀ' ਨਾਲ ਜੁੜਿਆ ਹੋਇਆ ਹੈ। ਜਦੋਂ ਇਨ੍ਹਾਂ 'ਚੋਂ ਹਰੇਕ ਉਦੇਸ਼ ਦਾ ਪਰਦਾਫਾਸ਼ ਹੋਇਆ, ਤਾਂ ਇਹ ਬਿਰਤਾਂਤ ਤਾਸ਼ ਦੇ ਪੱਤਿਆਂ ਦੇ ਮਹਿਲ ਵਾਂਗ ਢਹਿ ਗਿਆ।

**ਸਰਕਾਰ ਅਤੇ ਭਾਜਪਾ ਹੇਠ ਲਿਖੇ ਸਵਾਲਾਂ ਦਾ ਉੱਤਰ ਦੇਣ ਲਈ ਪਾਬੰਦ ਹਨ :**

**1. ਤੁਸੀਂ ਔਰਤਾਂ ਲਈ ਇਕ-ਤਿਹਾਈ ਸੀਟਾਂ ਦੇ ਰਾਖਵੇਂਕਰਨ ਦੇ ਸਵਾਲ ਨੂੰ ਫਿਰ ਤੋਂ ਕਿਉਂ ਖੋਲ੍ਹਿਆ?**

ਉਹ ਸਵਾਲ ਸੰਵਿਧਾਨ (106ਵੀਂ) ਸੋਧ ਐਕਟ ਦੁਆਰਾ ਤੈਅ ਕੀਤਾ ਗਿਆ ਸੀ, ਜਿਸ ਨੇ ਸੰਵਿਧਾਨ 'ਚ ਧਾਰਾ 334ਏ ਨੂੰ ਸ਼ਾਮਲ ਕੀਤਾ ਸੀ। ਧਾਰਾ 334ਏ 'ਚ ਕੀ ਕਮੀ ਸੀ? ਧਾਰਾ 334ਏ ਦੇ ਲਾਗੂਕਰਨ 'ਚ ਤੁਹਾਨੂੰ ਕੀ ਰੁਕਾਵਟ ਮਿਲੀ? ਤੁਸੀਂ ਲੋਕਾਂ ਦੇ ਮਨ 'ਚ ਅਤੇ ਵਿਸ਼ੇਸ਼ ਤੌਰ 'ਤੇ ਔਰਤਾਂ ਦੇ ਮਨ 'ਚ ਸ਼ੱਕ ਅਤੇ ਭਰਮ ਦੇ ਬੀਜ ਕਿਉਂ ਬੀਜੇ ਕਿ ਔਰਤਾਂ ਲਈ ਰਾਖਵੇਂਕਰਨ ਦੀ ਪ੍ਰਕਿਰਿਆ 'ਚ ਕੋਈ ਕਾਰਜ ਅਧੂਰਾ ਰਹਿ ਗਿਆ ਹੈ? ਧਾਰਾ 334ਏ ਪੂਰਨ ਅਤੇ ਸੰਪੂਰਨ ਸੀ। ਇਸ 'ਚ ਹੋਰ ਕੁਝ ਵੀ ਕੀਤਾ ਜਾਣਾ ਬਾਕੀ ਨਹੀਂ ਸੀ।

**2. 16-18 ਅਪ੍ਰੈਲ ਨੂੰ ਸੰਸਦ ਦੇ ਦੋਵਾਂ ਸਦਨਾਂ ਨੂੰ ਬੁਲਾਉਣ ਦੀ ਅਜਿਹੀ ਕੀ ਕਾਹਲੀ ਸੀ?**

ਤਾਮਿਲਨਾਡੂ ਅਤੇ ਪੱਛਮੀ ਬੰਗਾਲ 'ਚ ਪੋਲਿੰਗ ਦੀਆਂ ਤਰੀਕਾਂ ਦਾ ਐਲਾਨ 23 ਅਪ੍ਰੈਲ (ਪੱਛਮੀ ਬੰਗਾਲ ਲਈ 29 ਅਪ੍ਰੈਲ ਵੀ) ਵਜੋਂ ਕੀਤਾ ਗਿਆ ਸੀ। ਔਰਤਾਂ ਲਈ ਰਾਖਵਾਂਕਰਨ ਹੱਦਬੰਦੀ ਤੋਂ ਬਾਅਦ ਹੀ ਪ੍ਰਭਾਵੀ ਹੋਵੇਗਾ। ਪੂਰੇ ਦੇਸ਼ 'ਚ ਹੱਦਬੰਦੀ ਇਕ ਅਜਿਹੀ ਪ੍ਰਕਿਰਿਆ ਸੀ, ਜਿਸ 'ਚ ਕਈ ਮਹੀਨੇ, ਜੇ ਸਾਲ ਨਹੀਂ ਤਾਂ, ਲੱਗ ਜਾਂਦੇ। ਪਹਿਲੀ ਲੋਕ ਸਭਾ ਚੋਣ ਜਿਸ 'ਚ ਔਰਤਾਂ ਲਈ ਰਾਖਵਾਂਕਰਨ ਲਾਗੂ ਕੀਤਾ ਜਾ ਸਕਦਾ ਹੈ, 2029 'ਚ ਹੋਵੇਗੀ। ਭਾਵੇਂ ਧਾਰਾ 334ਏ ਨੂੰ ਸੋਧਣਾ ਹੁੰਦਾ, ਜੋ ਕਿ ਨਹੀਂ ਕਰਨਾ ਸੀ, ਫਿਰ ਵੀ 29 ਅਪ੍ਰੈਲ, 2026 ਤੋਂ ਬਾਅਦ ਸੰਸਦ ਦੇ ਦੋਵਾਂ ਸਦਨਾਂ ਨੂੰ ਬੁਲਾਉਣ ਲਈ ਲੋੜੀਂਦਾ ਸਮਾਂ ਸੀ। 16 ਅਪ੍ਰੈਲ ਨੂੰ ਸੰਸਦ ਮੈਂਬਰ ਨੂੰ ਬੁਲਾਉਣ ਅਤੇ ਚੋਣ ਮੁਹਿੰਮ ਨੂੰ ਬੇਰਹਿਮੀ ਨਾਲ ਰੋਕਣ ਦਾ ਕੋਈ ਕਾਰਨ ਨਹੀਂ ਸੀ, ਜਿਸ 'ਚ ਤਾਮਿਲਨਾਡੂ ਦੇ 39 ਸੰਸਦ ਮੈਂਬਰ ਅਤੇ ਪੱਛਮੀ ਬੰਗਾਲ ਦੇ 42 ਸੰਸਦ ਮੈਂਬਰ ਪੂਰੀ ਤਰ੍ਹਾਂ ਲੱਗੇ ਹੋਏ ਸਨ। ਇਹ ਕਾਹਲੀ ਨਕਲੀ ਸੀ ਅਤੇ ਇਸ ਨੇ ਸਰਕਾਰ ਦੇ ਇਰਾਦੇ ਨੂੰ ਉਜਾਗਰ ਕਰ ਦਿੱਤਾ।

**3. ਲੋਕ ਸਭਾ ਦੀ ਸਮਰੱਥਾ ਅਤੇ ਸਿੱਟੇ ਵਜੋਂ ਹਰੇਕ ਰਾਜ 'ਚ ਸੀਟਾਂ ਦੀ ਗਿਣਤੀ 'ਚ 50 ਫੀਸਦੀ ਦਾ ਵਾਧਾ ਕਰਨ ਦੀ ਕੀ ਲੋੜ ਸੀ?**

ਕਿਸੇ ਵੀ ਵਿਅਕਤੀ ਅਤੇ ਕਿਸੇ ਵੀ ਦਲ ਨੇ ਇਹ ਮੰਗ ਨਹੀਂ ਕੀਤੀ ਸੀ ਕਿ ਲੋਕ ਸਭਾ ਦੀ ਗਿਣਤੀ 50 ਫੀਸਦੀ ਵਧਾਈ ਜਾਣੀ ਚਾਹੀਦੀ ਹੈ। ਅਸਲ 'ਚ, ਇਸ ਵਿਚਾਰ ਦਾ ਸਰਵਵਿਆਪੀ ਵਿਰੋਧ ਸੀ। ਲੋਕ ਸਭਾ ਦੇ 815 ਮੈਂਬਰ ਸਦਨ ਨੂੰ ਬੋਝਲ ਬਣਾ ਦੇਣਗੇ ਅਤੇ ਸੰਸਦ ਮੈਂਬਰਾਂ ਨੂੰ ਸਾਰਥਕ ਯੋਗਦਾਨ ਦੇਣ ਦੇ ਮੌਕੇ ਘੱਟ ਮਿਲਣਗੇ। ਅਸਲ ਉਦੇਸ਼ ਇਹ ਭਰਮ ਪੈਦਾ ਕਰਨਾ ਸੀ ਕਿ ਲੋਕ ਸਭਾ 'ਚ ਹਰੇਕ ਰਾਜ ਦੀ ਤਾਕਤ 50 ਫੀਸਦੀ ਵਧ ਜਾਵੇਗੀ ਅਤੇ ਸਿੱਟੇ ਵਜੋਂ ਔਰਤਾਂ ਲਈ ਰਾਖਵੀਆਂ ਸੀਟਾਂ ਦੀ ਗਿਣਤੀ 50 ਫੀਸਦੀ ਵਧ ਕੇ 181 ਤੋਂ 272 ਹੋ ਜਾਵੇਗੀ, ਜਦਕਿ ਹਰੇਕ ਰਾਜ ਦੇ ਸੰਸਦ ਮੈਂਬਰਾਂ ਦੀ ਕੁੱਲ ਗਿਣਤੀ ਤਾਂ ਵਧ ਜਾਵੇਗੀ ਪਰ ਹਰੇਕ ਰਾਜ ਦੀ ਸਾਪੇਖਿਕ ਸ਼ਕਤੀ ਉਹੀ ਰਹੇਗੀ। ਹਾਲਾਂਕਿ, ਇਕ ਭਰਮ ਪੈਦਾ ਕੀਤਾ ਜਾਵੇਗਾ ਕਿ ਲੋਕ ਸਭਾ 'ਚ ਹਰੇਕ ਰਾਜ ਦੀ ਪ੍ਰਤੀਨਿਧਤਾ ਵਧ ਗਈ ਹੈ। ਇਹ ਦੁਖਦਾਈ ਹੈ ਕਿ ਸਰਕਾਰ (ਅਤੇ ਭਾਜਪਾ) ਨੇ ਸੋਚਿਆ ਕਿ ਲੋਕ ਇੰਨੇ ਅਣਜਾਣ ਅਤੇ ਮੂਰਖ ਹਨ ਕਿ ਉਹ ਇਸ ਭਰਮ ਨੂੰ ਮੰਨ ਲੈਣਗੇ।

**ਪੀ. ਚਿਦਾਂਬਰਮ**

**4. ਸੰਵਿਧਾਨ (131ਵੀਂ) ਸੋਧ ਬਿੱਲ, 2026 ਦੇ ਬਾਵਜੂਦ ਹੱਦਬੰਦੀ ਦਾ ਕੀ ਪ੍ਰਭਾਵ ਹੋਵੇਗਾ?**

ਜਦੋਂ ਤੱਕ ਧਾਰਾ 81(2)(ਏ) 'ਚ ਕੋਈ ਤਬਦੀਲੀ ਨਹੀਂ ਹੁੰਦੀ, ਹੱਦਬੰਦੀ 'ਇਕ ਵਿਅਕਤੀ, ਇਕ ਵੋਟ' ਦੇ ਸਿਧਾਂਤ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ। ਹਰੇਕ ਲੋਕ ਸਭਾ ਚੋਣ ਹਲਕੇ 'ਚ, ਜਿੱਥੋਂ ਤੱਕ ਸੰਭਵ ਹੋਵੇ, ਵੋਟਰਾਂ ਦੀ ਗਿਣਤੀ ਬਰਾਬਰ ਹੋਣੀ ਚਾਹੀਦੀ ਹੈ। ਇਸ ਦਾ ਲਾਜ਼ਮੀ ਤੌਰ 'ਤੇ ਉਨ੍ਹਾਂ ਰਾਜਾਂ 'ਚ ਸੀਟਾਂ ਦੀ ਗਿਣਤੀ ਘੱਟ ਹੋਣ ਦਾ ਨਤੀਜਾ ਹੋਵੇਗਾ, ਜਿਨ੍ਹਾਂ ਨੇ ਆਪਣੀ ਜਨਸੰਖਿਆ ਨੂੰ ਸਥਿਰ ਕਰ ਲਿਆ ਹੈ ਅਤੇ ਉਨ੍ਹਾਂ ਰਾਜਾਂ 'ਚ ਸੀਟਾਂ ਦੀ ਗਿਣਤੀ ਵਧ ਜਾਵੇਗੀ ਜਿਨ੍ਹਾਂ ਦੀ ਕੁੱਲ ਪ੍ਰਜਨਨ ਦਰ ਰਾਸ਼ਟਰੀ ਔਸਤ ਤੋਂ ਵੱਧ ਹੈ। ਹਾਰਨ ਵਾਲੇ 5 ਦੱਖਣੀ ਰਾਜ ਹੋਣਗੇ ਜਿਨ੍ਹਾਂ ਦੀ ਲੋਕ ਸਭਾ 'ਚ ਪ੍ਰਤੀਨਿਧਤਾ 24.3 ਫੀਸਦੀ ਤੋਂ ਘਟ ਕੇ 20.7 ਫੀਸਦੀ ਰਹਿ ਜਾਵੇਗੀ। ਇਸ ਦੇ ਉਲਟ ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਦੀ ਹਿੱਸੇਦਾਰੀ ਮਿਲ ਕੇ ਲਗਭਗ 5 ਫੀਸਦੀ ਵਧ ਜਾਵੇਗੀ। ਇਹੀ ਸਮੱਸਿਆ ਦੀ ਜੜ੍ਹ ਹੈ। ਇਸ ਨੂੰ ਸਿਰਫ ਇਕ ਨਿਰਪੱਖ ਅਤੇ ਨਿਆਂਪੂਰਨ ਫਾਰਮੂਲਾ ਤਿਆਰ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ, ਜੋ ਧਾਰਾ 81(2)(ਏ) ਦਾ ਬਦਲ ਹੋਵੇ। ਸਰਕਾਰ ਜਾਂ ਭਾਜਪਾ 'ਚ ਕੋਈ ਵੀ ਇਸ ਮੁੱਦੇ 'ਤੇ ਗੱਲ ਕਰਨ ਨੂੰ ਤਿਆਰ ਨਹੀਂ ਹੈ।

**5. ਸਰਕਾਰ 'ਔਰਤਾਂ ਲਈ ਰਾਖਵੇਂਕਰਨ' ਨੂੰ 'ਹੱਦਬੰਦੀ' ਨਾਲ ਜੋੜਨ ਲਈ ਕਿਉਂ ਬਜ਼ਿੱਦ ਸੀ?**

ਕਿਉਂਕਿ ਇਸ ਨਾਲ ਇਕ ਗਲਤ ਬਿਰਤਾਂਤ ਪੈਦਾ ਹੋਇਆ। ਦੋਵਾਂ ਮੁੱਦਿਆਂ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ।

**6. ਵਿਰੋਧੀ ਦਲਾਂ ਨੇ ਸੰਵਿਧਾਨ ਸੋਧ ਦੇ ਯਤਨ ਦਾ ਸਖ਼ਤ ਵਿਰੋਧ ਕਿਉਂ ਕੀਤਾ?**

2024 ਦੀਆਂ ਲੋਕ ਸਭਾ ਚੋਣਾਂ 'ਸੰਵਿਧਾਨ ਨੂੰ ਖਤਰਾ' ਦੇ ਮੁੱਦੇ 'ਤੇ ਲੜੀਆਂ ਗਈਆਂ ਸਨ। ਸੰਵਿਧਾਨ (131ਵੀਂ) ਸੋਧ ਬਿੱਲ ਨੇ ਉਨ੍ਹਾਂ ਡਰਾਂ ਨੂੰ ਫਿਰ ਤੋਂ ਜ਼ਿੰਦਾ ਕਰ ਦਿੱਤਾ। ਸ਼ੁਕਰ ਹੈ ਕਿ ਇਹ ਬਿੱਲ ਹਾਰ ਗਿਆ।

# ਵਿਸ਼ਵ ਵਿਰਾਸਤਾਂ ਨੂੰ ਸੰਭਾਲਣ ਦਾ ਵੇਲਾ



ਵਿਸ਼ਵ ਵਿਰਾਸਤਾਂ ਦਿਵਸ ਮਨਾਇਆ ਜਾ ਰਿਹਾ ਹੈ। ਇਸ ਦਿਵਸ ਦਾ ਉਦੇਸ਼ ਮਨੁੱਖਤਾ ਦੀ ਸਾਂਝੀ ਸੱਭਿਆਚਾਰਕ ਅਤੇ ਕੁਦਰਤੀ ਵਿਰਾਸਤ ਦੀ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਦਰਅਸਲ, ਵਿਸ਼ਵ ਵਿਰਾਸਤੀ ਸਥਾਨ ਉਹ ਥਾਵਾਂ ਹਨ ਜੋ ਮਨੁੱਖਤਾ ਲਈ ਉਨ੍ਹਾਂ ਦੇ ਅਸਾਧਾਰਨ ਵਿਸ਼ਵ-ਵਿਆਪੀ ਮਹੱਤਵ ਲਈ ਮਾਨਤਾ ਪ੍ਰਾਪਤ ਹਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣ ਲਈ ਵਿਸ਼ਵ ਵਿਰਾਸਤਾਂ ਦੀ ਸੂਚੀ ਵਿਚ ਦਰਜ ਹਨ। ਇਹ ਸਥਾਨ 1972 ਦੇ ਯੂਨੈਸਕੋ ਵਿਸ਼ਵ ਵਿਰਾਸਤ ਸੰਮੇਲਨ ਤਹਿਤ ਸੁਰੱਖਿਅਤ ਹਨ ਜਿਸ ਨੂੰ ਯੂਨੈਸਕੋ ਦੇ ਮੈਂਬਰ ਦੇਸ਼ਾਂ ਦੁਆਰਾ ਅਪਣਾਇਆ ਗਿਆ ਇਕ ਮਹੱਤਵਪੂਰਨ ਅੰਤਰਰਾਸ਼ਟਰੀ ਸਮਝੌਤਾ ਮੰਨਿਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਦੁਨੀਆ ਭਰ ਵਿਚ ਮਨੁੱਖੀ ਸੱਭਿਅਤਾ ਨਾਲ ਸਬੰਧਤ ਇਤਿਹਾਸਕ ਸਮਾਰਕਾਂ, ਸੱਭਿਆਚਾਰਕ ਸਥਾਨਾਂ, ਪੁਰਾਤੱਤਵ ਅਵਸ਼ੇਸ਼ਾਂ, ਕੁਦਰਤੀ ਸਰੋਤਾਂ ਅਤੇ ਅਨਮੋਲ ਵਿਰਾਸਤ ਦੀ ਸੰਭਾਲ ਬਾਰੇ ਜਨਤਕ ਜਾਗਰੂਕਤਾ ਪੈਦਾ ਕਰਨਾ ਹੈ।

ਅਸਲ ਵਿਚ, ਵਿਰਾਸਤੀ ਸਥਾਨ ਸਿਰਫ਼ ਪੱਥਰ ਦੀਆਂ ਬਣੀਆਂ ਇਮਾਰਤਾਂ ਨਹੀਂ ਹਨ; ਇਹ ਸਾਡੇ ਸੱਭਿਆਚਾਰ, ਪਰੰਪਰਾ, ਕਲਾ, ਗਿਆਨ, ਸੰਘਰਸ਼, ਇਤਿਹਾਸ ਅਤੇ ਸਮੂਹਿਕ ਪਛਾਣ ਦੇ ਜੀਵੰਤ ਪ੍ਰਤੀਕ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਇਸ ਦਿਨ ਦੀ ਸ਼ੁਰੂਆਤ 1982 ਵਿਚ ਟਿਊਨੀਸ਼ੀਆ ਵਿਚ ਅੰਤਰਰਾਸ਼ਟਰੀ ਸਮਾਰਕਾਂ ਅਤੇ ਸਥਾਨਾਂ ਦੀ ਪ੍ਰੀਸ਼ਦ ਦੁਆਰਾ ਆਯੋਜਿਤ ਇਕ ਮੀਟਿੰਗ ਵਿਚ ਹੋਈ ਸੀ ਜਿੱਥੇ ਇਸ ਨੂੰ 18 ਅਪ੍ਰੈਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਉਣ ਦਾ ਪ੍ਰਸਤਾਵ ਰੱਖਿਆ ਗਿਆ ਸੀ। ਇਸ ਤੋਂ ਬਾਅਦ 1983 ਵਿਚ ਯੂਨੈਸਕੋ ਦੀ 22ਵੀਂ ਜਨਰਲ ਅਸੈਂਬਲੀ ਨੇ ਇਸ ਨੂੰ ਰਸਮੀ ਤੌਰ 'ਤੇ ਮਾਨਤਾ ਦਿੱਤੀ। ਉਦੋਂ ਤੋਂ, ਇਹ ਦਿਨ ਹਰ ਸਾਲ 18 ਅਪ੍ਰੈਲ ਨੂੰ ਦੁਨੀਆ ਭਰ ਵਿਚ ਮਨਾਇਆ ਜਾਂਦਾ ਹੈ। ਵਿਸ਼ਵ ਵਿਰਾਸਤੀ ਸਥਾਨ ਹਨ ਉਹ ਵਿਸ਼ੇਸ਼ ਥਾਵਾਂ, ਇਮਾਰਤਾਂ, ਕਿਲ੍ਹੇ, ਸ਼ਹਿਰ, ਜੰਗਲ, ਪਹਾੜ, ਝੀਲਾਂ, ਮਾਰੂਥਲ ਜਾਂ ਕੁਦਰਤੀ ਖੇਤਰ ਜੋ ਮਨੁੱਖਤਾ ਲਈ ਅਸਾਧਾਰਨ ਮਹੱਤਵ ਰੱਖਦੇ ਹਨ। ਯੂਨੈਸਕੋ ਕਿਸੇ ਸਾਈਟ ਨੂੰ ਵਿਸ਼ਵ ਵਿਰਾਸਤੀ ਸੂਚੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਸਖ਼ਤ ਮਾਪਦੰਡਾਂ ਤਹਿਤ ਮੁਲਾਂਕਣ ਕਰਦਾ ਹੈ। ਵਰਤਮਾਨ ਵਿਚ 10 ਚੋਣ ਮਾਪਦੰਡ ਹਨ ਜਿਨ੍ਹਾਂ ਵਿੱਚੋਂ ਘੱਟੋ-ਘੱਟ ਇਕ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਨ੍ਹਾਂ ਵਿਚ ਇਤਿਹਾਸਕ ਮਹੱਤਵ, ਆਰਕੀਟੈਕਚਰ, ਸੱਭਿਆਚਾਰਕ ਪ੍ਰਭਾਵ, ਕੁਦਰਤੀ ਸੁੰਦਰਤਾ, ਜੈਵ-ਵਿਭਿੰਨਤਾ ਅਤੇ ਵਿਗਿਆਨਕ ਮਹੱਤਵ ਵਰਗੇ ਪਹਿਲੂ ਸ਼ਾਮਲ ਹਨ। ਵਿਸ਼ਵ ਵਿਰਾਸਤ ਦੀਆਂ ਮੁੱਖ ਤੌਰ 'ਤੇ ਤਿੰਨ ਕਿਸਮਾਂ ਹਨ-ਪਹਿਲਾ, ਸੱਭਿਆਚਾਰਕ ਵਿਰਾਸਤ, ਜਿਸ ਵਿਚ ਸਮਾਰਕ, ਮੰਦਰ, ਮਸਜਿਦਾਂ, ਚਰਚ, ਕਿਲ੍ਹੇ, ਮੂਰਤੀਆਂ, ਪ੍ਰਾਚੀਨ ਸ਼ਹਿਰ, ਆਰਕੀਟੈਕਚਰ, ਭਾਸ਼ਾ, ਸੰਗੀਤ, ਨਾਚ ਅਤੇ ਪਰੰਪਰਾਵਾਂ ਸ਼ਾਮਲ ਹਨ। ਦੂਜਾ, ਕੁਦਰਤੀ ਵਿਰਾਸਤ, ਜਿਨ੍ਹਾਂ ਵਿਚ ਪਹਾੜ, ਨਦੀਆਂ, ਸਮੁੰਦਰ, ਜੰਗਲ, ਜੰਗਲੀ ਜੀਵ, ਜੈਵ-ਵਿਭਿੰਨਤਾ ਅਤੇ ਵਿਲੱਖਣ ਕੁਦਰਤੀ ਦ੍ਰਿਸ਼ ਸ਼ਾਮਲ ਹਨ ਅਤੇ ਤੀਜਾ, ਮਿਸ਼ਰਤ ਵਿਰਾਸਤ, ਜਿਸ ਵਿਚ ਸੱਭਿਆਚਾਰਕ ਅਤੇ ਕੁਦਰਤੀ, ਦੋਵੇਂ ਵਿਸ਼ੇਸ਼ਤਾਵਾਂ ਹਨ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਯੂਨੈਸਕੋ ਨਾ ਸਿਰਫ਼ ਸਥਾਈ ਢਾਂਚੇ ਜਾਂ ਕੁਦਰਤੀ ਸਥਾਨਾਂ ਨੂੰ ਸਗੋਂ ਅਮੂਰਤ ਸੱਭਿਆਚਾਰਕ ਵਿਰਾਸਤ ਨੂੰ ਵੀ ਮਾਨਤਾ ਦਿੰਦਾ ਹੈ। ਭਾਰਤ ਦੀ ਯੋਗ ਪਰੰਪਰਾ ਅਤੇ ਕੁੰਭ ਮੇਲਾ ਇਸ ਦੀਆਂ ਪ੍ਰਮੁੱਖ ਉਦਾਹਰਨਾਂ ਹਨ।

ਇਟਲੀ ਵਿਚ ਵਿਸ਼ਵ ਪੱਧਰ 'ਤੇ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨਾਂ ਦੀ ਸਭ ਤੋਂ ਵੱਧ ਗਿਣਤੀ ਹੈ। ਉਸ ਤੋਂ ਬਾਅਦ ਚੀਨ ਹੈ। ਵਿਸ਼ਵ ਵਿਰਾਸਤੀ ਸਥਾਨਾਂ ਦੇ ਮਾਮਲੇ ਵਿਚ ਭਾਰਤ ਵੀ ਪ੍ਰਮੁੱਖ ਦੇਸ਼ਾਂ ਵਿੱਚੋਂ ਇਕ ਹੈ। ਯੂਨੈਸਕੋ ਇਕ ਵਿਸ਼ੇਸ਼ ਸੂਚੀ, 'ਵਿਸ਼ਵ ਵਿਰਾਸਤ ਖ਼ਤਰੇ ਵਿਚ' ਵੀ ਰੱਖਦਾ ਹੈ ਜਿਸ ਵਿਚ ਯੁੱਧ, ਪ੍ਰਦੂਸ਼ਣ, ਕੁਦਰਤੀ ਆਫ਼ਤਾਂ, ਕਬਜ਼ੇ, ਸੈਰ-ਸਪਾਟਾ, ਜਲਵਾਯੂ ਪਰਿਵਰਤਨ ਜਾਂ ਅਣਗਹਿਲੀ ਦੁਆਰਾ ਖ਼ਤਰੇ ਵਿਚ ਪਈਆਂ ਥਾਵਾਂ ਸ਼ਾਮਲ ਹਨ। ਜੇਕਰ ਕੋਈ ਸਾਈਟ ਸੰਭਾਲ ਦੇ ਮਿਆਰਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿੰਦੀ ਹੈ ਜਾਂ ਇਸ ਦੇ ਅਸਲ ਰੂਪ ਨੂੰ ਗੰਭੀਰਤਾ ਨਾਲ ਬਦਲਿਆ ਜਾਂਦਾ ਹੈ ਤਾਂ ਇਸ ਨੂੰ ਸੂਚੀ ਵਿੱਚੋਂ ਹਟਾਇਆ ਜਾ ਸਕਦਾ ਹੈ। ਉਦਾਹਰਨ ਵਜੋਂ, ਓਮਾਨ ਵਿਚ ਅਰੇਬੀਅਨ ਓਰੀਕਸ ਸੈਂਕਚੁਰੀ ਅਤੇ ਜਰਮਨੀ ਵਿਚ ਡਰੇਸਡਨ ਐਲਬੇ ਵੈਲੀ ਨੂੰ ਪਹਿਲਾਂ ਹੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਅਕਤੂਬਰ 2024 ਤੱਕ ਦੁਨੀਆ ਭਰ ਦੇ 196 ਦੇਸ਼ਾਂ ਵਿਚ ਲਗਪਗ 1,223 ਵਿਸ਼ਵ ਵਿਰਾਸਤੀ ਸਥਾਨ ਸਨ ਜਿਨ੍ਹਾਂ ਵਿਚ 952 ਸੱਭਿਆਚਾਰਕ, 231 ਕੁਦਰਤੀ ਅਤੇ 40 ਮਿਸ਼ਰਤ ਸਥਾਨ ਸ਼ਾਮਲ ਸਨ।

**ਸੁਨੀਲ ਕੁਮਾਰ ਮਾਹਲਾ**

ਭਾਰਤ ਵਰਗੇ ਪ੍ਰਾਚੀਨ ਅਤੇ ਬਹੁ-ਸੱਭਿਆਚਾਰਕ ਦੇਸ਼ ਵਿਚ ਇਹ ਦਿਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਅਪ੍ਰੈਲ 2025 ਤੱਕ, ਭਾਰਤ ਵਿਚ 43 ਵਿਸ਼ਵ ਵਿਰਾਸਤੀ ਸਥਾਨ (34 ਸੱਭਿਆਚਾਰਕ, 7 ਕੁਦਰਤੀ ਅਤੇ 2 ਮਿਸ਼ਰਤ) ਅਤੇ 62 ਸਥਾਨ ਅਸਥਾਈ ਸੂਚੀ ਵਿਚ ਸਨ। ਭਾਰਤ ਦੇ ਪ੍ਰਮੁੱਖ ਵਿਰਾਸਤੀ ਸਥਾਨਾਂ ਵਿਚ ਤਾਜ ਮਹਿਲ, ਆਗਰਾ ਕਿਲ੍ਹਾ, ਫਤਿਹਪੁਰ ਸੀਕਰੀ, ਅਜੰਤਾ-ਏਲੋਰਾ ਗੁਫਾਵਾਂ, ਐਲੀਫੈਂਟਾ ਗੁਫਾਵਾਂ, ਖਜੁਰਾਹੋ ਸਮੂਹ, ਸਾਂਚੀ ਸਤੂਪ, ਮਹਾਬੋਧੀ ਮੰਦਰ, ਹੰਪੀ, ਮਹਾਬਲੀਪੁਰਮ, ਜੰਤਰ-ਮੰਤਰ, ਕੁਤੁਬ ਮੀਨਾਰ, ਲਾਲ ਕਿਲ੍ਹਾ, ਕੋਨਾਰਕ ਸੂਰਜ ਮੰਦਰ, ਨਾਲੰਦਾ, ਭੀਮਬੇਟਕਾ, ਸੁੰਦਰਬਨ ਰਾਸ਼ਟਰੀ ਪਾਰਕ, ਕਾਜ਼ੀਰੰਗਾ ਰਾਸ਼ਟਰੀ ਪਾਰਕ, ਪੱਛਮੀ ਘਾਟ ਅਤੇ ਕੰਚਨਜੰਗਾ ਰਾਸ਼ਟਰੀ ਪਾਰਕ ਸ਼ਾਮਲ ਹਨ। ਰਾਜਸਥਾਨ ਵਿਰਾਸਤੀ ਸਰੋਤਾਂ ਨਾਲ ਭਰਪੂਰ ਰਾਜ ਹੈ। ਇਹ ਜੈਪੁਰ ਸ਼ਹਿਰ, ਜੰਤਰ ਮੰਤਰ ਜੈਪੁਰ, ਆਮੇਰ ਕਿਲ੍ਹਾ, ਚਿਤੌੜਗੜ੍ਹ ਕਿਲ੍ਹਾ, ਕੁੰਭਲਗੜ੍ਹ, ਰਣਥੰਬੋਰ ਕਿਲ੍ਹਾ, ਜੈਸਲਮੇਰ ਕਿਲ੍ਹਾ, ਗਗਰੋਨ ਕਿਲ੍ਹਾ ਅਤੇ ਕੇਵਲਾਦੇਵ ਰਾਸ਼ਟਰੀ ਪਾਰਕ ਵਰਗੀਆਂ ਵਿਸ਼ਵ ਵਿਰਾਸਤੀ ਥਾਵਾਂ ਦਾ ਘਰ ਹੈ। ਸੰਨ 2021 ਵਿਚ, ਭਾਰਤ ਦੇ ਰਾਮੱਪਾ ਮੰਦਰ (ਤੇਲੰਗਾਨਾ) ਅਤੇ ਧੋਲਾਵੀਰਾ (ਗੁਜਰਾਤ) ਨੂੰ ਵਿਸ਼ਵ ਵਿਰਾਸਤੀ ਸੂਚੀ ਵਿਚ ਸ਼ਾਮਲ ਕੀਤਾ ਗਿਆ। ਵਿਸ਼ਵ ਵਿਰਾਸਤ ਦਿਵਸ 'ਤੇ ਹਰ ਸਾਲ ਇਕ ਵਿਸ਼ੇਸ਼ ਥੀਮ ਦਾ ਐਲਾਨ ਕੀਤਾ ਜਾਂਦਾ ਹੈ। ਸੰਨ 2026 ਦਾ ਥੀਮ 'ਸੰਕਟਾਂ ਅਤੇ ਆਫ਼ਤਾਂ ਦੇ ਸੰਦਰਭ ਵਿਚ ਜੀਵੰਤ ਵਿਰਾਸਤ ਲਈ ਐਮਰਜੈਂਸੀ ਪ੍ਰਤੀਕਿਰਿਆ' ਹੈ। ਇਸ ਦਾ ਉਦੇਸ਼ ਯੁੱਧ, ਟਕਰਾਅ ਅਤੇ ਕੁਦਰਤੀ ਆਫ਼ਤਾਂ ਦੇ ਸਮੇਂ ਨਾ ਸਿਰਫ਼ ਇਮਾਰਤਾਂ ਅਤੇ ਸਮਾਰਕਾਂ, ਸਗੋਂ ਜੀਵੰਤ ਵਿਰਾਸਤ- ਜਿਵੇਂ ਲੋਕ ਪਰੰਪਰਾਵਾਂ, ਸਮਾਜਿਕ ਗਿਆਨ, ਸੱਭਿਆਚਾਰਕ ਪਛਾਣ ਅਤੇ ਭਾਈਚਾਰਾ-ਆਧਾਰਤ ਪਰੰਪਰਾਵਾਂ ਦੀ ਤੁਰੰਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।

ਵਧਦਾ ਸ਼ਹਿਰੀਕਰਨ, ਪ੍ਰਦੂਸ਼ਣ, ਜਲਵਾਯੂ ਪਰਿਵਰਤਨ, ਗ਼ੈਰ-ਕਾਨੂੰਨੀ ਉਸਾਰੀਆਂ, ਯੁੱਧ, ਕੁਦਰਤੀ ਆਫ਼ਤਾਂ ਅਤੇ ਲਾਪਰਵਾਹੀਆਂ ਬਹੁਤ ਸਾਰੀਆਂ ਵਿਰਾਸਤੀ ਥਾਵਾਂ ਦੀ ਹੋਂਦ ਨੂੰ ਖ਼ਤਰੇ ਵਿਚ ਪਾਉਂਦੀਆਂ ਹਨ। ਇਸ ਲਈ, ਉਨ੍ਹਾਂ ਦੀ ਸੰਭਾਲ ਨਾ ਸਿਰਫ਼ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਸਗੋਂ ਹਰ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ ਵੀ ਹੈ। ਵਿਰਾਸਤ ਸਾਡੀਆਂ ਜੜ੍ਹਾਂ ਨੂੰ ਮਜ਼ਬੂਤ ਕਰਦੀ ਹੈ, ਰਾਸ਼ਟਰੀ ਮਾਣ ਵਧਾਉਂਦੀ ਹੈ ਅਤੇ ਸੈਰ-ਸਪਾਟਾ ਉਦਯੋਗ ਨੂੰ ਇਕ ਨਵੀਂ ਦਿਸ਼ਾ ਦਿੰਦੀ ਹੈ। ਭਾਰਤ ਸਰਕਾਰ ਨੇ ਸੱਭਿਆਚਾਰਕ ਵਿਰਾਸਤਾਂ ਨੂੰ ਸੁਰੱਖਿਅਤ ਰੱਖਣ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਵੀ ਕੀਤੀਆਂ ਹਨ। ਵਿਦੇਸ਼ਾਂ ਵਿਚ ਗੁਆਚੀਆਂ ਪ੍ਰਾਚੀਨ ਪੁਰਾਤਨ ਵਸਤਾਂ ਨੂੰ ਵਾਪਸ ਲਿਆਉਣ ਲਈ ਯਤਨ ਤੇਜ਼ ਕੀਤੇ ਗਏ ਹਨ ਅਤੇ 1976 ਤੋਂ ਲਗਭਗ 655 ਪੁਰਾਤਨ ਵਸਤਾਂ ਨੂੰ ਭਾਰਤ ਵਾਪਸ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ, 2024 ਵਿਚ ਰਾਮਚਰਿਤਮਾਨਸ, ਪੰਚਤੰਤਰ ਅਤੇ ਸਹਿਰਦਿਯਾਲੋਕ-ਸਥਾਨਮ ਵਰਗੇ ਕੰਮਾਂ ਨੂੰ ਯੂਨੈਸਕੋ ਦੇ 'ਮੈਮੋਰੀ ਆਫ ਦਿ ਵਰਲਡ' ਦੇ ਏਸ਼ੀਆ-ਪ੍ਰਸ਼ਾਂਤ ਖੇਤਰੀ ਰਜਿਸਟਰ ਵਿਚ ਸ਼ਾਮਲ ਕੀਤਾ ਗਿਆ ਸੀ ਜਿਸ ਨਾਲ ਭਾਰਤੀ ਗਿਆਨ ਪਰੰਪਰਾ ਨੂੰ ਵਿਸ਼ਵਵਿਆਪੀ ਮਾਨਤਾ ਮਿਲੀ। ਇਹ ਖ਼ੁਸ਼ੀ ਦੀ ਗੱਲ ਹੈ ਕਿ 2017 ਵਿਚ ਸ਼ੁਰੂ ਕੀਤਾ ਗਿਆ 'ਅਡਾਪਟ ਏ ਹੈਰੀਟੇਜ ਪ੍ਰੋਗਰਾਮ', ਜਨਤਕ ਅਤੇ ਨਿੱਜੀ ਸੰਗਠਨਾਂ ਨੂੰ ਸੀਐੱਸਆਰ ਫੰਡਿੰਗ ਰਾਹੀਂ ਵਿਰਾਸਤੀ ਸਥਾਨਾਂ ਦੀ ਸੰਭਾਲ ਅਤੇ ਵਿਕਾਸ ਵਿਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਸ ਤੋਂ ਇਲਾਵਾ ਸਮਾਰਕਾਂ ਅਤੇ ਪੁਰਾਤਨ ਵਸਤਾਂ ਲਈ ਰਾਸ਼ਟਰੀ ਮਿਸ਼ਨ ਦੇ ਤਹਿਤ 1.23 ਮਿਲੀਅਨ ਤੋਂ ਵੱਧ ਪੁਰਾਤਨ ਵਸਤਾਂ ਅਤੇ 11,400 ਵਿਰਾਸਤੀ ਸਥਾਨਾਂ ਨੂੰ ਡਿਜੀਟਲਾਈਜ਼ ਕੀਤਾ ਗਿਆ ਹੈ। ਇਹੀ ਨਹੀਂ, 'ਇੰਡੀਅਨ ਹੈਰੀਟੇਜ ਇਨ ਡਿਜੀਟਲ ਸਪੇਸ' ਪਹਿਲਕਦਮੀ ਲੋਕਾਂ ਨੂੰ ਵਿਰਾਸਤੀ ਸਥਾਨਾਂ ਦਾ ਵਰਚੁਅਲ ਅਨੁਭਵ ਕਰਨ ਦੇ ਯੋਗ ਬਣਾ ਰਹੀ ਹੈ। ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਦੁਆਰਾ ਵਿਕਸਤ ਕੀਤਾ ਗਿਆ 'ਮਸਟ ਸੀ' ਪੋਰਟਲ, ਸੈਲਾਨੀਆਂ ਅਤੇ ਖੋਜਕਰਤਾਵਾਂ ਦੀ ਸਹੂਲਤ ਲਈ ਲਗਪਗ 100 ਪ੍ਰਮੁੱਖ ਸਮਾਰਕਾਂ ਦੀ ਜਾਣਕਾਰੀ, ਤਸਵੀਰਾਂ ਅਤੇ ਵਿਜ਼ੂਅਲ ਪ੍ਰਦਾਨ ਕਰਦਾ ਹੈ। ਜੁਲਾਈ 2024 ਵਿਚ ਭਾਰਤ ਦਿੱਲੀ ਵਿਚ ਯੂਨੈਸਕੋ ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ਦੀ ਮੇਜ਼ਬਾਨੀ ਕਰ ਚੁੱਕਾ ਹੈ।

ਸਿੱਟੇ ਵਜੋਂ, ਵਿਸ਼ਵ ਵਿਰਾਸਤ ਦਿਵਸ ਸਿਰਫ਼ ਕੈਲੰਡਰ 'ਤੇ ਇਕ ਤਰੀਕ ਹੀ ਨਹੀਂ ਹੈ ਸਗੋਂ ਮਨੁੱਖਤਾ ਦੀ ਸਾਂਝੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਇਕ ਵਿਸ਼ਵਵਿਆਪੀ ਵਚਨਬੱਧਤਾ ਹੈ। ਜੇਕਰ ਅਸੀਂ ਆਪਣੀ ਵਿਰਾਸਤ ਦੀ ਰੱਖਿਆ ਨਹੀਂ ਕਰਦੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ, ਸੱਭਿਆਚਾਰ ਅਤੇ ਪਛਾਣ ਤੋਂ ਵਾਂਝੀਆਂ ਹੋ ਜਾਣਗੀਆਂ। ਇਸ ਲਈ, ਸਾਨੂੰ ਵਿਕਾਸ ਦੇ ਨਾਲ-ਨਾਲ ਆਪਣੀ ਵਿਰਾਸਤ ਨੂੰ ਸੰਭਾਲਣ, ਪ੍ਰਫੁੱਲਿਤ ਕਰਨ ਅਤੇ ਸਤਿਕਾਰ ਦੇਣ ਲਈ ਦ੍ਰਿੜ੍ਹਤਾ ਨਾਲ ਕੰਮ ਕਰਨਾ ਚਾਹੀਦਾ ਹੈ।

# ਜਦੋਂ ਮੈਂ ਡੁੱਬਣ ਤੋਂ ਬਚਿਆ

ਮੈਂ ਸਤੰਬਰ 1966 ਵਿੱਚ ਜਦੋਂ ਗਿਆਰਾਂ ਸਾਲ ਦਾ ਸੀ, ਇੱਕ ਦਿਨ ਵੱਗ ਵਿੱਚ ਮੱਝਾਂ ਚਰਾ ਰਿਹਾ ਸੀ। ਅਗਲੇ ਦਿਨ ਸਾਡਾ ਸਾਇੰਸ ਦਾ ਪੇਪਰ ਹੋਣਾ ਸੀ। ਪੇਪਰ ਦੀ ਤਿਆਰੀ ਲਈ ਮੇਰਾ ਇੱਕ ਜਮਾਤੀ ਹਰਮਿੰਦਰ ਉਰਫ ਮਿੰਦੀ, ਜੋ ਸਾਡੇ ਪਿੰਡ ਦਾ ਦੋਹਤਾ ਸੀ, ਮੇਰੇ ਕੋਲੋਂ ਜਨਰਲ ਸਾਇੰਸ ਦੀ ਕਾਪੀ ਲੈਣ ਆਇਆ। ਸਾਡੀਆਂ ਮੱਝਾਂ ਟੋਭੇ ਦੇ ਵਿਚਕਾਰ ਪਹੁੰਚ ਗਈਆਂ ਸਨ। ਮੈਂ ਮਿੰਦੀ ਨੂੰ ਇੰਤਜ਼ਾਰ ਕਰਨ ਲਈ ਕਿਹਾ ਅਤੇ ਮੈਂ ਵੀ ਮੱਝਾਂ ਪਿੱਛੇ ਟੋਭੇ ਵਿੱਚ ਜਾ ਵੜਿਆ ਕਿਉਂਕਿ ਟੋਭਾ ਬਹੁਤਾ ਡੂੰਘਾ ਨਹੀਂ ਸੀ, ਪਰ ਟੋਭੇ ਦੇ ਅੱਧ-ਵਿਚਕਾਰ ਇੱਕ ਟੋਆ ਪੁੱਟਿਆ ਹੋਇਆ ਸੀ, ਜਿਸ ਬਾਰੇ ਮੈਨੂੰ ਪਤਾ ਨਹੀਂ ਸੀ। ਮੈਂ ਟੋਭੇ ਵਿਚਲੇ ਉਸ ਟੋਏ ਵਿੱਚ ਡਿੱਗ ਗਿਆ ਅਤੇ ਕਦੇ ਮੈਂ ਪਾਣੀ ਦੇ ਥੱਲੇ ਅਤੇ ਕਦੇ ਉੱਤੇ ਆਉਂਦਾ ਰਿਹਾ। ਕੁਝ ਦੇਰ ਬਾਅਦ ਇੱਕ ਔਰਤ ਅਤੇ ਉਸ ਦੀ ਸੱਸ ਜਾ ਰਹੀਆਂ ਸਨ ਤਾਂ ਮਿੰਦੀ ਨੇ ਉਨ੍ਹਾਂ ਨੂੰ ਮੇਰੇ ਬਾਰੇ ਦੱਸਿਆ। ਉਨ੍ਹਾਂ ਬੀਬੀਆਂ ਨੇ ਮੇਰੇ ਘਰ, ਜੋ ਉੱਥੋਂ 200 ਗਜ਼ ਦੂਰ ਸੀ, ਇਸ ਘਟਨਾ ਬਾਰੇ ਸੁਨੇਹਾ ਭੇਜਿਆ ਅਤੇ ਮੈਨੂੰ ਬਚਾਉਣ ਲਈ ਰੌਲਾ ਪਾਇਆ। ਮੇਰੇ ਮਾਤਾ ਜੀ ਦੌੜੇ ਆਏ ਅਤੇ ਮੈਨੂੰ ਬਚਾਉਣ ਲਈ ਟੋਭੇ ਵਿੱਚ ਵੜਨ ਲੱਗੇ। ਉੱਥੇ ਇਕੱਠੀਆਂ ਹੋਈਆਂ ਔਰਤਾਂ ਨੇ ਉਨ੍ਹਾਂ ਨੂੰ ਇਹ ਕਹਿੰਦਿਆਂ ਰੋਕੀ ਰੱਖਿਆ, 'ਤੂੰ ਵੀ ਡੁੱਬ ਜਾਏਂਗੀ'। ਹਾਲਾਂਕਿ, ਮੇਰੀ ਮਾਂ ਵਿਰਲਾਪ ਕਰਦੀ ਕਹਿ ਰਹੀ ਸੀ ਕਿ ਆਪਣੇ ਪੁੱਤ ਨੂੰ ਮਰਦਿਆਂ ਦੇਖਣ ਨਾਲੋਂ ਪਹਿਲਾਂ ਉਹ ਮਰ ਜਾਣਾ ਚਾਹੁੰਦੀ ਹੈ। ਸਾਡੇ ਪਿੰਡ ਦੇ ਅੱਧੇ ਨੌਜਵਾਨ ਅਤੇ ਆਦਮੀ ਤੈਰਨਾ ਜਾਣਦੇ ਸਨ ਪਰ ਔਰਤਾਂ ਜਾਂ ਲੜਕੀਆਂ ਬਿਨਾਂ ਕਿਸੇ ਨੂੰ ਇਸ ਘਟਨਾ ਬਾਰੇ ਪਤਾ ਨਾ ਲੱਗਿਆ। ਬੀਬੀਆਂ ਦਾ

**ਗੁਰਮੁਖ ਸਿੰਘ ਪੋਹਿਦ**

ਵਿਰਲਾਪ ਸੁਣ ਕੇ ਟੋਭੇ ਤੋਂ 200 ਗਜ਼ ਦੂਰ ਮਸੀਤ ਕੋਲ ਪੱਠੇ ਲੈਣ ਆਈਆਂ ਔਰਤਾਂ ਰੌਲਾ ਪਾਉਣ ਲੱਗੀਆਂ। ਮੈਂ ਸੱਜੇ ਹੱਥ ਨਾਲ ਖੱਬੀ ਬਾਂਹ 'ਤੇ ਚੂੰਢੀ ਵੱਢ ਕੇ ਦੇਖਿਆ ਕਿ ਮਰ ਗਿਆ ਜਾਂ ਅਜੇ ਜਿਉਂਦਾ ਹਾਂ। ਥੋੜ੍ਹੀ ਦੇਰ ਬਾਅਦ ਜੱਗੇ ਨਾਂ ਦੇ ਆਦਮੀ ਨੂੰ ਰੌਲਾ ਸੁਣਿਆ ਤਾਂ ਉਸ ਨੇ ਟੋਭੇ ਦੀ ਬਜਾਏ ਮਸੀਤ ਕੋਲ ਜਾ ਕੇ ਰੌਲਾ ਪਾਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਔਰਤਾਂ ਨੇ ਦੱਸਿਆ ਕਿ ਸਾਨੀ (ਸੁਲਤਾਨ ਸਿੰਘ) ਬਾਬੇ ਕੇ ਘਰ ਕੋਲ ਸ਼ਾਇਦ ਸੱਪ ਆਉਣ ਕਾਰਨ ਪਿਆ ਰੌਲਾ ਸੁਣ ਕੇ ਅਸੀਂ ਰੌਲਾ ਪਾਇਆ ਹੈ। ਫਿਰ ਜੱਗਾ ਉੱਥੇ ਭੱਜਿਆ ਆਇਆ ਅਤੇ ਉਸ ਨੂੰ ਜਦੋਂ ਮੇਰੇ ਡੁੱਬਣ ਬਾਰੇ ਪਤਾ ਲੱਗਾ ਤਾਂ ਉਸ ਨੇ ਮੈਨੂੰ ਟੋਭੇ 'ਚੋਂ ਜੂੜੇ ਤੋਂ ਫੜ ਕੇ ਬਾਹਰ ਕੱਢਿਆ। ਬਾਹਰ ਆਉਣ ਸਾਰ ਮੈਨੂੰ ਘੜੇ 'ਤੇ ਮੂਧਾ ਪੈਣ ਲਈ ਕਿਹਾ ਗਿਆ ਤਾਂ ਜੋ ਪੇਟ ਵਿਚਲਾ ਪਾਣੀ ਨਿਕਲ ਸਕੇ, ਲੇਕਿਨ ਮੇਰੇ ਪੇਟ ਵਿੱਚੋਂ ਇੱਕ ਤੁਪਕਾ ਵੀ ਪਾਣੀ ਦਾ ਨਾ ਨਿਕਲਿਆ। ਮਗਰੋਂ ਸਾਡੇ ਪਿੰਡ ਦੇ ਇੱਕ ਸਕੂਲ ਟੀਚਰ ਸੁਰਜੀਤ ਸਿੰਘ ਰੰਗੂਵਾਲੀਆ ਨੇ ਜਦੋਂ ਮੇਰੇ ਡੁੱਬਣ ਦੀ ਗੱਲ ਚੱਲੀ ਤਾਂ ਬਾਕੀ ਬੱਚਿਆਂ ਨੂੰ ਦੱਸਿਆ ਕਿ ਪੇਟ ਵਿੱਚ ਪਾਣੀ ਨਾ ਪੈਣ ਦਿੱਤਾ ਹੋਣ ਕਾਰਨ ਮੈਂ ਡੁੱਬ ਕੇ ਨਹੀਂ ਮਰਿਆ। ਮੈਂ ਬੜਾ ਸਿਆਣਾ ਬਣਦਿਆਂ ਦੱਸਿਆ, "ਹਾਂ ਜੀ, ਮੈਂ ਮੂੰਹ ਹੀ ਇੰਨਾ ਬੰਦ ਰੱਖਿਆ ਕਿ ਟੋਭੇ ਦੇ ਪਾਣੀ ਦਾ ਇੱਕ ਤੁਪਕਾ ਵੀ ਮੂੰਹ ਵਿੱਚ ਨਹੀਂ ਸੀ ਪੈਣ ਦਿੱਤਾ।" ਓਦਾਂ ਮੈਂ ਖ਼ੁਦ ਹੈਰਾਨ ਸੀ ਕਿ ਉਸ ਵੇਲੇ ਮੇਰਾ ਦਿਮਾਗ ਕਿੰਨਾ ਕੰਮ ਕਰ ਗਿਆ। ਖ਼ੈਰ, ਕਿਸੇ ਸੰਕਟ ਵੇਲੇ ਵਰਤੀ ਗਈ ਚੌਕਸੀ ਵੱਡੇ ਹਾਦਸੇ ਤੋਂ ਤੁਹਾਡਾ ਬਚਾਅ ਕਰ ਲੈਂਦੀ ਹੈ।



# ਅਕੀਦੇ 'ਤੇ ਕੰਟਰੋਲ ?



**ਜਸਟਿਸ ਆਰ.ਐਸ. ਸੋਢੀ ਸੇਵਾਮੁਕਤ**

ਸਿੱਖ ਵਿਦਵਾਨਾਂ, ਕਾਨੂੰਨਘਾੜਿਆਂ ਅਤੇ ਸਿੱਖ ਆਗੂਆਂ ਦਰਮਿਆਨ ਵਧ ਰਹੀ ਡੂੰਘੀ ਵਿਵਾਦਪੂਰਨ ਬਹਿਸ ਦੌਰਾਨ ਧਰਮ ਸ਼ਾਸਤਰ, ਅਥਾਰਿਟੀ ਅਤੇ ਆਧੁਨਿਕਤਾ ਦੇ ਕੇਂਦਰ ਵਿੱਚ ਸਵਾਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਦੇ ਕੀ ਮਾਅਨੇ ਹਨ ? ਪਵਿੱਤਰ ਗ੍ਰੰਥ ਦੀ ਰੱਖਿਆ ਕਰਨ ਦੀਆਂ ਕੋਸ਼ਿਸ਼ਾਂ ਸਮਝ ਆਉਂਦੀਆਂ ਹਨ, ਪਰ ਕਾਨੂੰਨ ਅਤੇ ਨੇਮਾਂ ਰਾਹੀਂ ਸ਼ਰਧਾ ਨੂੰ ਨਿਯਮਬੱਧ ਕਰਨਾ ਇਸ ਨੂੰ ਬੌਧਿਕ ਅਤੇ ਅਧਿਆਤਮਿਕ ਜਗਿਆਸਾ ਦਾ ਸਰੋਤ ਬਣਾਈ ਰੱਖਣ ਦੀ ਥਾਂ ਸੰਸਥਾਗਤ ਨਿਗਰਾਨੀ ਹੇਠ ਲਿਆਉਣ ਕਰਕੇ ਇਸ ਅੰਦਰਲੇ ਸੰਦੇਸ਼ ਦੇ ਪਸਾਰ 'ਚ ਰੁਕਾਵਟ ਬਣ ਸਕਦਾ ਹੈ। ਅਜਿਹਾ ਨਜ਼ਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਨੂੰ ਸਮਝ ਕੇ ਇਸ ਅਨੁਸਾਰ ਜੀਵਨ ਜਾਚ ਅਪਣਾਉਣ ਦੀ ਥਾਂ ਮਹਿਜ਼ ਰਹੁ-ਰੀਤਾਂ ਦੀ ਪਾਲਣਾ ਕਰਨ ਵਾਲੀ ਗੱਲ ਹੈ। ਅਜਿਹਾ ਕਰਨ ਨਾਲ ਸ਼ਬਦ ਗੁਰੂ ਦੇ ਦਰਸਾਏ ਜੀਵਨ ਤੱਤ ਨੂੰ ਵਿਸਾਰੇ ਜਾਣ ਦਾ ਜੋਖ਼ਮ ਹੈ।

ਬੇਅਦਬੀ ਅਤੇ ਮਰਯਾਦਾ ਭੰਗ ਕਰਨ ਬਾਰੇ ਹੋਰ ਸਖ਼ਤ ਕਾਨੂੰਨ ਬਣਾਉਣ ਦਾ ਮੌਜੂਦਾ ਕਦਮ ਇੱਕ ਠੋਸ ਧਾਰਮਿਕ ਜਾਂ ਵਿਧਾਨਕ ਦਖ਼ਲ ਘੱਟ ਅਤੇ ਸਿਆਸੀ ਨਜ਼ਰੀਏ ਨੂੰ ਨੈਤਿਕ ਜ਼ਰੂਰਤ ਦਾ ਲਬਾਦਾ ਪਾ ਕੇ ਕੀਤੀ ਗਈ ਕਾਰਵਾਈ ਵਧੇਰੇ ਜਾਪਦਾ ਹੈ। ਬੇਅਦਬੀ ਬਾਰੇ ਚਿੰਤਾ ਪ੍ਰੇਸ਼ਾਨ ਕਰਨ ਵਾਲਾ ਵਿਰੋਧਾਭਾਸ ਉਪਜਾਉਂਦੀ ਹੈ। ਕੀ ਸਹਸ ਸਿਆਣਪਾਂ ਅਤੇ ਸਮਾਨਤਾਵਾਦੀ ਕਦਰਾਂ-ਕੀਮਤਾਂ ਨੂੰ ਦਰਸਾਉਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰ੍ਹਾਂ ਨਿਯਮਾਂ ਅਧੀਨ ਲਿਆਂਦਾ ਜਾ ਸਕਦਾ ਹੈ, ਜੋ ਸ਼ਬਦ ਗੁਰੂ ਤੱਕ ਪਹੁੰਚ ਨੂੰ ਸੀਮਿਤ ਕਰਦੇ ਹੋਣ ? ਇਤਿਹਾਸਕ ਤੌਰ 'ਤੇ ਧਾਰਮਿਕ ਰਵਾਇਤਾਂ ਦੀ ਤਾਕਤ ਉਨ੍ਹਾਂ ਨੂੰ ਸੀਮਿਤ ਕਰਨ ਵਿੱਚ ਨਹੀਂ, ਸਗੋਂ ਇਨ੍ਹਾਂ ਦੇ ਪਸਾਰ ਅਤੇ ਇਨ੍ਹਾਂ ਨੂੰ ਸਾਂਝੀਆਂ ਮੰਨਣ ਦੀ ਸਮਰੱਥਾ ਵਿੱਚ ਹੈ।

ਬਾਈਬਲ ਦਾ ਦੁਨੀਆ ਦੇ ਸਾਰੇ ਮਹਾਂਦੀਪਾਂ ਵਿੱਚ ਪਸਾਰ ਹੋਇਆ; ਕੁਰਾਨ ਸ਼ਰੀਫ਼ ਦਾ ਤਰਜਮਾ ਹੋਇਆ ਅਤੇ ਇਹ ਹੋਰ ਭਾਸ਼ਾਵਾਂ ਸਮਝਣ ਵਾਲੇ ਦੂਜੇ ਸੱਭਿਆਚਾਰਾਂ ਦੇ ਲੋਕਾਂ ਤੇ ਖ਼ਿੱਤਿਆਂ ਤੱਕ ਵੀ ਪੁੱਜੀ; ਭਗਵਦ ਗੀਤਾ ਦੇ ਅੱਜ ਅਣਗਿਣਤ ਸੰਸਕਰਣ ਅਤੇ ਵਿਆਖਿਆਵਾਂ ਮੌਜੂਦ ਹਨ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਅਜਿਹੇ ਢਾਂਚੇ ਤੱਕ ਮਹਿਦੂਦ ਕਿਉਂ ਕੀਤਾ ਜਾਵੇ, ਜਿਸ ਕਾਰਨ ਸ਼ਬਦ ਗੁਰੂ ਦੀਆਂ ਸਿੱਖਿਆਵਾਂ ਦਾ ਪਸਾਰ ਹੋਣ ਦੀ ਥਾਂ ਇਨ੍ਹਾਂ ਦਾ ਦਾਇਰਾ ਸੀਮਿਤ ਹੁੰਦਾ ਹੈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾਂ ਹੀ ਅੰਗਰੇਜ਼ੀ ਅਤੇ ਕਈ ਹੋਰ ਭਾਸ਼ਾਵਾਂ ਵਿੱਚ ਤਰਜਮਾ ਹੋ ਚੁੱਕਾ ਹੈ, ਜੋ ਸ਼ਬਦ ਗੁਰੂ ਦੇ ਸਦੀਵੀ ਸੰਦੇਸ਼ ਅਤੇ ਵਿਆਖਿਆ ਲਈ ਖੁੱਲ੍ਹੇਪਨ ਦਾ ਪ੍ਰਮਾਣ ਹੈ। ਤਰਜਮੇ ਸਦਕਾ ਇਸ ਦਾ ਸੰਦੇਸ਼ ਕੁੱਲ ਲੋਕਾਈ ਤੱਕ ਗੁੰਜਾਇਮਾਨ ਹੁੰਦਾ ਹੈ, ਤਰਜਮਾ ਇਸ ਦੀ ਪਵਿੱਤਰਤਾ ਨੂੰ ਘਟਾਉਂਦਾ ਨਹੀਂ। ਇਹ ਵੱਖ-ਵੱਖ ਸੱਭਿਆਚਾਰਾਂ ਅਤੇ ਪੀੜ੍ਹੀਆਂ ਤੱਕ ਸ਼ਬਦ ਗੁਰੂ ਦੇ ਪਸਾਰ, ਹਿਰਦੇ ਤੇ ਜੀਵਨ ਰੁਸ਼ਨਾਉਣ ਦਾ ਸਬੱਬ ਬਣਦਾ ਹੈ। ਬੇਅਦਬੀ ਰੋਕਣ ਦੇ ਨਾਮ 'ਤੇ ਪਹੁੰਚ ਨੂੰ ਨਿਯਮਿਤ ਜਾਂ ਸੀਮਿਤ ਕਰਨ ਦੀ ਕੋਸ਼ਿਸ਼ ਕਰਨਾ ਪਸਾਰ ਦੀ ਭਾਵਨਾ ਦੇ ਉਲਟ ਹੈ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਕਤੀ ਸ਼ਬਦ ਗੁਰੂ ਦੇ ਗਹਿਰਾਈ ਨਾਲ ਚਿੰਤਨ ਮੰਥਨ ਕਰਨ ਦੇ ਵਿਹਾਰਕ ਉਪਦੇਸ਼ ਵਿੱਚ ਹੈ, ਨਾ ਕਿ ਇਸ ਨੂੰ ਸੀਮਿਤ ਕਰਨ ਵਿੱਚ।

ਅਜਿਹੇ ਸਵਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਦਿਆਂ ਗੁਰਬਾਣੀ ਦੇ ਉਪਦੇਸ਼ਾਂ ਤੇ ਸੰਦੇਸ਼ਾਂ ਨੂੰ ਗੰਭੀਰਤਾ ਨਾਲ ਲੈਣ ਦੀ ਇੱਛਾ 'ਚੋਂ ਉਪਜਦੇ ਹਨ। 'ਗੁਰੂ ਮਾਨਯੋ ਗ੍ਰੰਥ' ਦੇ ਸਿਧਾਂਤ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਵਜੋਂ ਮਾਨਤਾ ਦਿੱਤੀ ਗਈ, ਜੋ ਸਿੱਖੀ ਦੀ ਰੂਹਾਨੀ ਜੀਵਨ ਜਾਚ ਦਾ ਧੁਰਾ ਹੈ। ਫਿਰ ਵੀ ਸ਼ਬਦ ਗੁਰੂ ਨੂੰ ਮੰਨਣ ਦਾ ਮਤਲਬ ਇਹ ਨਹੀਂ ਕਿ ਅਸੀਂ ਇਸ ਨੂੰ ਰਸਮੀ ਪੂਜਾ ਪਾਠ ਤੱਕ ਮਹਿਦੂਦ ਕਰ ਦੇਈਏ, ਸਗੋਂ ਲੋੜ ਤਾਂ ਇਸ ਗੱਲ ਦੀ ਹੈ ਕਿ ਇਸ ਨੂੰ ਗਿਆਨ, ਹੁਕਮਨਾਮੇ ਅਤੇ ਹੋਂਦ ਦਾ ਸਰੋਤ ਸਮਝਦਿਆਂ ਗੁਰਬਾਣੀ ਨਾਲ ਜੁੜਨ ਦੀ ਕੋਸ਼ਿਸ਼ ਕਰੀਏ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਗਏ ਸਿੱਖ ਪੰਥ ਵਿੱਚ ਕਰਮ-ਕਾਂਡਾਂ ਅਤੇ ਦਰਜਾਬੰਦੀ ਲਈ ਕੋਈ ਥਾਂ ਨਹੀਂ, ਇਉਂ ਵਿਚੋਲਿਆਂ ਨੂੰ ਨਕਾਰਦਿਆਂ ਇਹ ਮਨੁੱਖ ਅਤੇ ਇਲਾਹੀ ਬਾਣੀ ਦਰਮਿਆਨ ਸਿੱਧੇ ਰਿਸ਼ਤੇ ਦੇ ਸਿਧਾਂਤ 'ਤੇ ਜ਼ੋਰ ਦਿੰਦਾ ਹੈ। ਇਸ ਨਜ਼ਰੀਏ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਈ ਅਜਿਹੀ ਭੌਤਿਕ ਸ਼ੈਅ ਨਹੀਂ, ਜਿਸ ਦੀ ਰੱਖਿਆ ਕਰਨ ਦੀ ਲੋੜ ਪਵੇ, ਸਗੋਂ ਇਹ ਤਾਂ ਅਜਿਹਾ ਪਵਿੱਤਰ ਗ੍ਰੰਥ ਹੈ, ਜਿਸ ਦੇ ਰੂਹਾਨੀ ਸੰਦੇਸ਼ ਮਨੁੱਖਤਾ ਦੀ ਅਗਵਾਈ ਕਰਦੇ ਹਨ।

ਬੇਅਦਬੀ ਨੂੰ ਅਪਰਾਧ ਮੰਨਣ ਵਾਲਾ ਕਾਨੂੰਨ ਬਣਾ ਕੇ ਸਖ਼ਤ ਸਜ਼ਾਵਾਂ ਨਿਰਧਾਰਤ ਕਰ ਕੇ ਅਤੇ ਨੌਕਰਸ਼ਾਹੀ ਵੱਲੋਂ ਨਿਗਰਾਨੀ ਨੂੰ ਸਮਰੱਥ ਬਣਾ ਕੇ ਇਸ ਰੂਹਾਨੀ ਖੇਤਰ ਵਿੱਚ ਸਟੇਟ ਦੇ ਦਖ਼ਲ ਦਾ ਵਧਦਾ ਰੁਝਾਨ ਸ਼ਰਧਾ ਅਤੇ ਸੱਤਾ ਦੇ ਖ਼ਤਰਨਾਕ ਢੰਗ ਨਾਲ ਰਲਗੱਡ ਹੋਣ ਦਾ ਸੰਕੇਤ ਹੈ। ਜਦੋਂ ਸ਼ਰਧਾ ਤੇ ਅਕੀਦੇ ਦੇ ਮਾਮਲੇ ਕਮੇਟੀਆਂ ਨੂੰ ਸੌਂਪੇ ਜਾਂਦੇ ਹਨ, ਪ੍ਰਸ਼ਾਸਕਾਂ ਨੂੰ ਇਨ੍ਹਾਂ ਬਾਰੇ ਨਿਰਣਾ ਕਰਨ ਦੇ ਅਧਿਕਾਰ ਦਿੱਤੇ ਜਾਂਦੇ ਹਨ ਜਾਂ ਇਹ ਦੰਡ ਸੰਹਿਤਾ ਦੇ ਢਾਂਚੇ ਤਹਿਤ ਲਿਆਂਦੇ ਜਾਂਦੇ ਹਨ ਤਾਂ ਰੂਹਾਨੀ ਤੌਰ 'ਤੇ ਜੁੜਨ ਦੀ ਥਾਂ ਪਵਿੱਤਰ ਮਸਲਿਆਂ ਦੇ ਕਾਨੂੰਨ ਦੇ ਕਟਹਿਰੇ 'ਚ ਆਉਣ ਦਾ ਜੋਖ਼ਮ ਹੁੰਦਾ ਹੈ।

ਅਜਿਹੇ ਰੁਝਾਨ ਨੂੰ ਸਪੱਸ਼ਟ ਤੌਰ 'ਤੇ ਧਰਮ ਤੰਤਰ 'ਚ ਸਖ਼ਤੀ ਲਿਆਉਣਾ, ਧਾਰਮਿਕ ਕੱਟੜਤਾ ਵੱਲ ਵਧਣਾ ਅਤੇ ਸਿਧਾਂਤਕ ਕਠੋਰਤਾ ਵੱਲ ਕਦਮ ਵਧਾਉਣਾ ਆਖਿਆ ਜਾ ਸਕਦਾ ਹੈ। ਸਿੱਖੀ ਪਰੰਪਰਾ ਤਾਂ ਖੁੱਲ੍ਹਦਿਲੀ ਅਤੇ ਗੋਸ਼ਟਿ ਦੀ ਰਵਾਇਤ ਨੂੰ ਪ੍ਰਣਾਈ ਹੈ। ਬੇਅਦਬੀ ਤੋਂ ਰੱਖਿਆ ਦੇ ਨਾਂ 'ਤੇ ਸਖ਼ਤ ਦੰਡਕਾਰੀ ਪ੍ਰਕਿਰਿਆ ਅਪਣਾਉਣ ਨੂੰ ਨਿਯੰਤਰਣ ਦੀ ਕੋਸ਼ਿਸ਼ ਆਖਿਆ ਜਾ ਸਕਦਾ ਹੈ। ਅਜਿਹੇ ਰੁਝਾਨ ਸੱਚਮੁੱਚ ਸਮਝ ਉੱਤੇ ਡਰ ਨੂੰ ਭਾਰੂ ਪਾਉਂਦੇ ਹਨ ਅਤੇ ਹੁਕਮਾਂ ਦੀ ਤਾਮੀਲ ਡੂੰਘੇ ਚਿੰਤਨ ਤੇ ਭਰੋਸੇ ਦੇ ਰਾਹ ਦੀ ਰੁਕਾਵਟ ਬਣ ਸਕਦੀ ਹੈ।

ਇਤਿਹਾਸ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਸਜ਼ਾ ਦੇ ਡਰ ਨਾਲ ਕਾਇਮ ਰੱਖਿਆ ਗਿਆ ਅਦਬ ਸਿਰਫ਼ ਬੇਚੈਨੀ ਨਾਲ ਨਿਯਮਾਂ ਦੀ ਪਾਲਣਾ ਕਰਦਿਆਂ ਖੋਖਲੀ ਪ੍ਰਕਿਰਿਆ ਬਣ ਕੇ ਰਹਿ ਜਾਂਦਾ ਹੈ। ਵਿਸ਼ਵਾਸ ਨੂੰ ਕਾਨੂੰਨ ਤਹਿਤ ਕਾਇਮ ਨਹੀਂ ਰੱਖਿਆ ਜਾ ਸਕਦਾ ਤੇ ਨਾ ਹੀ ਸਜ਼ਾ ਜਾਂ ਡਰ ਰਾਹੀਂ ਸ਼ਰਧਾ ਉਪਜਾਈ ਜਾ ਸਕਦੀ ਹੈ। ਇਹ ਪ੍ਰਤੱਖ ਹੈ ਕਿ ਅਜਿਹੇ ਕਾਨੂੰਨੀ ਢਾਂਚੇ ਤਹਿਤ ਸਿੱਖ ਭਾਈਚਾਰੇ ਅੰਦਰ ਬੇਅਦਬੀ ਦੇ ਕਿਸੇ ਵੀ ਚਰਚਿਤ ਮਾਮਲੇ ਵਿੱਚ ਯੋਜਨਾਬੱਧ ਮੁਕੱਦਮੇਬਾਜ਼ੀ ਦੀ ਕੋਈ ਖ਼ਾਸ ਮਿਸਾਲ ਨਹੀਂ ਮਿਲਦੀ। ਫਿਰ ਹੁਣ ਸਖ਼ਤ ਕਾਨੂੰਨ ਬਣਾ ਕੇ ਸਜ਼ਾਵਾਂ ਵਧਾਉਣ ਨਾਲ ਕੀ ਹਾਸਲ ਹੋਵੇਗਾ ? ਇਹ ਕਦਮ ਧਰਮ ਸਿਧਾਂਤਕ ਤੇ ਰੂਹਾਨੀ ਘੱਟ ਅਤੇ ਸਿਆਸੀ ਤੇ ਸੰਕੇਤਕ ਵਧੇਰੇ ਜਾਪਦਾ ਹੈ।

ਇਸ ਦੀ ਵਿਆਖਿਆ ਦਾ ਇੱਕ ਹਿੱਸਾ ਧਰਮ ਨੂੰ ਸੰਸਥਾਗਤ ਰੂਪ ਦੇਣ ਵਿੱਚ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀਆਂ ਸੰਸਥਾਵਾਂ ਨੇ ਇਤਿਹਾਸਕ ਤੌਰ 'ਤੇ ਸਿੱਖੀ ਰਵਾਇਤਾਂ ਦੀ ਪਾਲਣਾ ਵਿੱਚ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਰ ਵੀ ਸੰਸਥਾਵਾਂ ਦੀ ਅੰਦਰੂਨੀ ਸਮਝ ਤਹਿਤ ਆਧੁਨਿਕ ਸੰਸਾਰ ਦੀਆਂ ਪੇਚੀਦਗੀਆਂ ਨਾਲ ਸਿੱਝਣ ਵਿੱਚ ਮੁਸ਼ਕਿਲ ਆਉਣ ਦੀ ਸੰਭਾਵਨਾ ਹੈ।

ਆਲਮੀ ਸਿੱਖ ਭਾਈਚਾਰੇ ਕਾਰਨ ਇਸ ਦੀ ਜ਼ਰੂਰਤ ਹੋਰ ਵੀ ਵਧੇਰੇ ਹੈ। ਜਿਉਂ-ਜਿਉਂ ਸਿੱਖ ਭਾਈਚਾਰਾ ਹੋਰ ਮਹਾਂਦੀਪਾਂ ਵਿੱਚ ਫੈਲ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਪਹੁੰਚ, ਵੱਖ-ਵੱਖ ਭਾਸ਼ਾਵਾਂ ਵਿੱਚ ਤਰਜਮਾ ਅਤੇ ਸੰਦਰਭ ਮੁਤਾਬਿਕ ਸੇਧ ਲੈਣਾ ਲਾਜ਼ਮੀ ਹੋ ਜਾਂਦਾ ਹੈ।

ਆਖ਼ਰਕਾਰ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਦਾ ਨਹੀਂ ਹੈ। ਇਸ ਸੰਦਰਭ 'ਚ ਇਸ ਦੇ ਸਤਿਕਾਰ ਲਈ ਬਣਾਏ ਗਏ ਨਿਯਮ ਅਤੇ ਸ਼ਰਤਾਂ ਪੜਚੋਲ ਦੀ ਮੰਗ ਕਰਦੇ ਹਨ। ਸਖ਼ਤ ਢੰਗ-ਤਰੀਕੇ ਵਰਤ ਕੇ ਸ਼ਬਦ ਗੁਰੂ ਦੀ ਰੱਖਿਆ ਕਰਨ ਦਾ ਮਤਲਬ ਅਸਿੱਧੇ ਤੌਰ 'ਤੇ ਇਹ ਮੰਨਣਾ ਜਾਪਦਾ ਹੈ ਕਿ ਇਸ ਦੀ ਰੂਹਾਨੀ ਸ਼ਕਤੀ ਮਨੁੱਖੀ ਜਾਂਚ-ਪੜਤਾਲ ਦੇ ਘੇਰੇ ਵਿੱਚ ਲਿਆਂਦੀ ਜਾ ਸਕਦੀ ਹੈ। ਉਸ ਸੂਰਤ ਵਿੱਚ ਕੀ ਕਿਹਾ ਜਾਵੇਗਾ, ਜਦੋਂ ਕਿਸੇ ਪਵਿੱਤਰ ਧਰਮ ਗ੍ਰੰਥ ਦੀ ਸ਼ਕਤੀ ਦਾ ਅਸਲ ਮਾਪਦੰਡ ਇਸ ਦੀ ਬੇਅਦਬੀ ਕੀਤੇ ਜਾਣ ਤੋਂ ਰੋਕਣ ਵਿੱਚ ਨਹੀਂ ਸਗੋਂ ਸ਼ਰਧਾਵਾਨਾਂ ਨੂੰ ਘੋਖ-ਪੜਤਾਲ ਵਾਲੇ ਸਵਾਲ ਕਰਨ ਲਈ ਉਤਸ਼ਾਹਿਤ ਕਰਨ ਦੀ ਸਮਰੱਥਾ ਵਿੱਚ ਹੋਵੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਇਸ ਨੂੰ ਸੁਰੱਖਿਅਤ ਰੱਖਣ ਲਈ ਅਜਾਇਬਘਰ ਦੀਆਂ ਸ਼ੈਆਂ ਵਾਂਗ ਇਸ ਨੂੰ ਲੋਕਾਂ ਤੋਂ ਦੂਰ ਰੱਖਣ ਨਾਲ ਨਹੀਂ ਹੋਣਾ, ਜਿਸ ਬਾਰੇ ਸਵਾਲ ਨਾ ਕੀਤੇ ਜਾ ਸਕਨ, ਸਗੋਂ ਇਲਾਹੀ ਬਾਣੀ ਨੂੰ ਜਾਗਤ ਜੋਤ ਮੰਨਦਿਆਂ ਇਸ ਦੇ ਮਨੁੱਖ ਨੂੰ ਹਰ ਪੱਖ ਤੋਂ ਬਦਲਣ ਦੀ ਸਮਰੱਥਾ ਨੂੰ ਸਮਝਣ ਨਾਲ ਹੋਵੇਗਾ। ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨ ਦੀ ਥਾਂ ਸੁਰੱਖਿਆ ਦੀ ਰੱਟ ਲਗਾਉਣਾ ਇਸ ਪਾਵਨ ਪਵਿੱਤਰ ਧਰਮ ਗ੍ਰੰਥ ਨੂੰ ਮਹਿਜ਼ ਪਵਿੱਤਰ ਨਿਸ਼ਾਨੀ ਬਣਾਉਣ ਦਾ ਯਤਨ ਜਾਪਦਾ ਹੈ। ਇਸ ਦੇ ਨਾਲ ਹੀ ਇਸ ਦਾ ਮਤਲਬ ਕੱਟੜਤਾ ਅਤੇ ਨਿਯੰਤਰਣ ਤੇ ਦੰਡਕਾਰੀ ਅਥਾਰਿਟੀ ਦੇ ਪ੍ਰਭਾਵ ਕਾਰਨ ਰੂਹਾਨੀ ਸੱਚ ਦੀ ਭਾਲ ਨੂੰ ਤਿਆਗ ਦੇਣਾ ਜਾਪਦਾ ਹੈ। ਕਿਸੇ ਧਾਰਮਿਕ ਗ੍ਰੰਥ ਪ੍ਰਤੀ ਸ਼ਰਧਾ ਦਾ ਮਾਪਦੰਡ ਇਹ ਨਹੀਂ ਹੈ ਕਿ ਕਿਸੇ ਪਵਿੱਤਰ ਗ੍ਰੰਥ ਦੀ ਕਿੰਨੀ ਸਖ਼ਤ ਸੁਰੱਖਿਆ ਕੀਤੀ ਜਾਂਦੀ ਹੈ, ਸਗੋਂ ਇਸ ਨੂੰ ਸਮਝਣ ਅਤੇ ਇਸ ਅਨੁਸਾਰ ਜੀਵਨ ਜਿਊਣ ਵਿੱਚ ਹੈ।

ਜਦੋਂ ਧਰਮ ਨੂੰ ਕਾਨੂੰਨ ਦੇ ਦਾਇਰੇ ਹੇਠ ਲਿਆਇਆ ਜਾਂਦਾ ਹੈ ਤਾਂ ਇਹ ਉਨ੍ਹਾਂ ਲੋਕਾਂ ਦੀ ਪਹੁੰਚ ਤੋਂ ਦੂਰ ਚਲਾ ਜਾਂਦਾ ਹੈ, ਜਿਨ੍ਹਾਂ ਦਾ ਇਸ ਨੇ ਮਾਰਗਦਰਸ਼ਨ ਕਰਨਾ ਹੁੰਦਾ ਹੈ। ਧਰਮ ਦੀ ਅਹਿਮੀਅਤ ਇਸ ਨੂੰ ਸੀਮਿਤ ਕਰਨ ਵਿੱਚ ਨਹੀਂ ਸਗੋਂ ਮਨੁੱਖਤਾ ਦੀ ਸੇਵਾ ਲਈ ਇਸ ਮੁਤਾਬਿਕ ਜੀਵਨ ਜਿਊਣ ਵਿੱਚ ਹੈ।

# ਧੰਨ ਹੈ ਭਗਤ ਧੰਨਾ ਦੀ ਪ੍ਰਭੂ ਨਾਲ ਪ੍ਰੀਤ

**ਨੂਰ ਸੰਤੋਖਪੁਰੀ**

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਅਵਤਾਰ ਧਾਰਨ ਕਰਨ ਤੋਂ 53 ਸਾਲ ਪਹਿਲਾਂ ਭਾਵ ਸੰਨ 1416 ਈ. ਨੂੰ ਭਗਤ ਧੰਨਾ ਜੀ ਦਾ ਜਨਮ ਰਾਜਪੂਤਾਨੇ (ਰਾਜਸਥਾਨ) ਦੇ ਧੁਆਨ ਕਲਾਂ ਪਿੰਡ ਵਿਚ ਇਕ ਸਾਧਾਰਨ ਕਿਰਤੀ ਕਿਸਾਨ ਪਰਿਵਾਰ 'ਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂਅ ਭੋਲਾ ਜੀ ਤੇ ਮਾਤਾ ਦਾ ਨਾਂਅ ਧੰਨੋ ਜੀ ਸੀ। ਭਗਤ ਧੰਨਾ ਜੀ ਬਚਪਨ ਤੋਂ ਹੀ ਆਪਣੇ ਜੱਦੀ-ਪੁਸ਼ਤੀ ਕੰਮ ਖੇਤੀਬਾੜੀ ਤੇ ਪਸ਼ੂ ਪਾਲਣ ਵਾਲੇ ਕੰਮ ਵਿਚ ਲੱਗ ਗਏ। ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਅਕਾਲ ਪੁਰਖ ਪਰਮਾਤਮਾ ਨਾਲ ਬਹੁਤ ਸਨੇਹ ਸੀ। ਉਹ ਸੁਭਾਅ ਪੱਖੋਂ ਬੜੇ ਭੋਲੇ-ਭਾਲੇ ਤੇ ਸਿੱਧੇ-ਸਾਦੇ ਸਨ।

ਉਨ੍ਹਾਂ ਨੇ ਜਦੋਂ ਇਕ ਪੰਡਤ (ਪੁਜਾਰੀ) ਨੂੰ ਠਾਕੁਰ ਦੀ ਪੂਜਾ ਕਰਦੇ ਵੇਖਿਆ ਤਾਂ ਉਸ ਕੋਲੋਂ ਆਪਣੇ ਲਈ ਠਾਕੁਰ ਦੀ ਮੰਗ ਕੀਤੀ। ਪੰਡਤ ਨੇ ਉਨ੍ਹਾਂ ਦੇ ਭੋਲੇਪਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਕਾਲੇ ਰੰਗ ਦਾ ਪੱਥਰ ਦੇ ਕੇ ਉਨ੍ਹਾਂ ਦੀ ਮੰਗ ਪੂਰੀ ਕਰ ਦਿੱਤੀ। ਉਸ ਸਾਧਾਰਨ ਪੱਥਰ ਨੂੰ ਭਗਤ ਧੰਨਾ ਜੀ ਆਪਣੇ ਘਰ ਲੈ ਆਏ ਤੇ ਉਸ ਪ੍ਰਤੀ ਸ਼ਰਧਾ ਤੇ ਭਰੋਸਗੀ ਜ਼ਾਹਰ ਕੀਤੀ। ਅੰਤ ਉਨ੍ਹਾਂ ਨੂੰ ਅੰਦਰੋਂ ਹੀ ਗਿਆਨ ਦੀ ਪ੍ਰਾਪਤੀ ਹੋ ਗਈ। ਉਨ੍ਹਾਂ ਨੇ ਆਪਣੀ ਸੱਚੀ-ਸੁੱਚੀ ਭਗਤੀ ਰਾਹੀਂ ਇਹ ਰੂਹਾਨੀ ਭੇਤ ਪਾ ਲਿਆ ਸੀ ਕਿ ਸੱਚੇ ਪ੍ਰੇਮ ਦੀ ਬਦੌਲਤ ਪਰਮਾਤਮਾ ਨੂੰ ਆਪਣੇ ਅੰਦਰੋਂ ਹੀ ਪਾਇਆ ਜਾ ਸਕਦਾ ਹੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੇ ਬਾਰੇ ਧੰਨੈ ਸੇਵਿਆ ਬਾਲ ਬੁਧਿ॥ ਆਖ ਕੇ ਉਨ੍ਹਾਂ ਦੀ ਪ੍ਰਭੂ-ਭਗਤੀ ਦੀ ਪ੍ਰਸੰਸਾ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦਸਮ ਗ੍ਰੰਥ ਵਿਚ ਪਰਮਾਤਮਾ ਨੂੰ ਪ੍ਰੇਮ ਰਾਹੀਂ ਪਾਉਣ ਦਾ ਅਤਿ ਸੁੰਦਰ ਜ਼ਿਕਰ ਕੀਤਾ ਹੈ- ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿੰਨ ਹੀ ਪ੍ਰਭ ਪਾਇਓ॥

ਭਗਤ ਧੰਨਾ ਜੀ ਫ਼ਰਮਾਨ ਕਰਦੇ ਹਨ ਕਿ ਲੋਭ-ਲਾਲਚ ਜ਼ਹਿਰ ਸਮਾਨ ਹੈ। ਪ੍ਰਭੂ ਭਗਤੀ ਰਾਹੀਂ



ਮਨ ਦਾ ਸੱਚਾ ਸੁੱਖ ਮਿਲਦਾ ਹੈ। ਮੈਂ ਜਾਣ ਲਿਆ ਹੈ ਕਿ ਪਰਮਾਤਮਾ ਦੀ ਭਗਤੀ ਨਾਲ ਤ੍ਰਿਪਤੀ ਪਾ ਕੇ ਆਵਾ-ਗਵਨ ਦੇ ਚੱਕਰਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀਹੈ। ਰਾਗ ਆਸਾ ਵਿਚ ਉਹ ਫ਼ਰਮਾਨ ਕਰਦੇ ਹਨ:-

**ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥**
**ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ॥**
-0-
**ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥**
**ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥**
**(ਆਸਾ, ਭਗਤ ਧੰਨਾ ਜੀ, ਅੰਗ : 487)**

ਭਗਤ ਧੰਨਾ ਜੀ ਨੇ ਆਪਣੇ ਭੋਲੇਪਨ ਵਿਚ ਹੀ ਪ੍ਰਭੂ ਦੇ ਦਰਸ਼ਨ ਕਰਨ ਦੀ, ਉਸ ਨੂੰ ਪਾਉਣ ਦੀ ਜ਼ਿੱਦ ਕੀਤੀ ਤੇ ਥਾਂ-ਥਾਂ ਉਤਾਰੀ ਜਾ ਰਹੀ ਆਰਤੀ ਨੂੰ ਵੇਖ ਕੇ ਆਪਣੇ ਸ਼ਬਦਾਂ 'ਚ ਆਰਤਾ ਸ਼ਬਦ ਦਾ ਉਚਾਰਨ ਕੀਤਾ:-

ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥ ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥ ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥ ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥

(ਧਨਾਸਰੀ, ਭਗਤ ਧੰਨਾ ਜੀ, ਅੰਗ : 695)

ਆਰਤਾ ਸ਼ਬਦ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਇਹ ਜਾਣ ਸਕੇ ਹਾਂ ਕਿ ਭਗਤ ਧੰਨਾ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਭਗਤੀ ਲਈ ਜਿੱਥੇ ਸੱਚੀ-ਸੁੱਚੀ ਭਾਵਨਾ ਤੇ ਮਨ ਦੀ ਇਕਾਗਰਤਾ ਜ਼ਰੂਰੀ ਹੈ, ਉੱਥੇ ਸਰੀਰਕ ਸ਼ਕਤੀ, ਭੋਜਨ ਤੇ ਹੋਰ ਸੁੱਖ-ਸਹੂਲਤਾਂ ਵੀ ਅਤਿ ਜ਼ਰੂਰੀ ਹਨ। ਨੇਕ ਤੇ ਚੰਗੀ ਔਰਤ ਤਾਂ ਭਗਤੀ ਲਈ ਸਹਾਇਕ ਸਿੱਧ ਹੁੰਦੀ ਹੈ। ਇਸੇ ਲਈ ਉਨ੍ਹਾਂ ਨੇ ਹੋਰ ਵਸਤਾਂ ਮੰਗਣ ਦੇ ਨਾਲ-ਨਾਲ ਪ੍ਰਭੂ ਤੋਂ ਚੰਗੀ ਤੇ ਯੋਗ ਪਤਨੀ ਦੀ ਮੰਗ ਵੀ ਕੀਤੀ। ਉਨ੍ਹਾਂ ਦਾ ਸਿੱਖ ਧਰਮ ਵਿਚ ਖ਼ਾਸ ਮੁਕਾਮ ਹੈ। ਉਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ।

# ਚੇਤਿਆਂ ਵਿੱਚ ਵਸਿਆ ਨਾਨਕਾ ਘਰ



ਬਚਪਨ ਦੀਆਂ ਸਿਮਰਤੀਆਂ ਦਾ ਕੈਨਵਸ ਬਹੁਤ ਵਿਸ਼ਾਲ ਹੁੰਦਾ ਹੈ, ਪਰ ਇਸ ਉੱਤੇ ਸਭ ਤੋਂ ਗੂੜ੍ਹੇ ਅਤੇ ਖ਼ੂਬਸੂਰਤ ਰੰਗ ਨਾਨਕੇ ਘਰ ਦੇ ਹੀ ਹੁੰਦੇ ਹਨ। ਇਹ ਗੱਲ 1989-90 ਦੇ ਆਸ-ਪਾਸ ਦੀ ਹੈ, ਜਦੋਂ ਹਰ ਬੱਚੇ ਵਾਂਗ ਮੇਰੇ ਅੰਦਰ ਵੀ ਆਪਣੇ ਨਾਨਕੇ ਘਰ ਦਾ ਇੱਕ ਅਥਾਹ ਤੇ ਅਕਹਿ ਚਾਅ ਵਸਿਆ ਹੋਇਆ ਸੀ। ਹਰਿਆਣੇ ਦੀ ਧਰਤੀ 'ਤੇ ਵਸਦਾ ਮੇਰਾ ਨਾਨਕਾ ਪਿੰਡ 'ਦੇਸੂ ਜੋਧਾ' ਮੇਰੇ ਲਈ ਮਹਿਜ਼ ਇੱਕ ਪਿੰਡ ਨਹੀਂ, ਸਗੋਂ ਮੇਰੀਆਂ ਬਾਲ-ਭਾਵਨਾਵਾਂ ਦਾ ਉਹ ਸਵਰਗ ਸੀ ਜਿੱਥੇ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਤੇ ਲੰਮੇ ਅਰਸੇ ਬਿਤਾਏ। ਉਸ ਦੌਰ ਵਿੱਚ, ਮੇਰੇ ਨਾਨਕਿਆਂ ਕੋਲ ਇੱਕ ਐਸਕਾਰਟ ਟਰੈਕਟਰ ਹੁੰਦਾ ਸੀ। ਟਰੈਕਟਰ ਦੇ ਉੱਪਰ ਚਿੱਟੇ ਅੱਖਰਾਂ ਵਿੱਚ ਉੱਕਰਿਆ ਮੇਰੇ ਨਾਨਾ ਜੀ ਦਾ ਨਾਂ 'ਸ੍ਰ. ਜੱਗਰ ਸਿੰਘ' ਮੈਨੂੰ ਬੜਾ ਚੰਗਾ-ਚੰਗਾ ਜਿਹਾ ਲੱਗਦਾ ਤੇ ਨਾਨਾ ਜੀ ਦਾ ਨਾਂ ਨੂੰ ਪੜ੍ਹਦਿਆਂ ਮੇਰੇ ਬਾਲ ਮਨ ਅੰਦਰ ਇੱਕ ਅਜੀਬ ਜਿਹਾ ਮਾਣ ਭਰ ਜਾਂਦਾ ਸੀ।

ਮੇਰੇ ਛੋਟੇ ਮਾਮੇ ਦਾ ਘਰ, ਜਿੱਥੇ ਮੇਰੇ ਨਾਨਾ-ਨਾਨੀ ਜੀ ਦੀ ਨਿੱਘੀ ਛੋਹ ਵਸਦੀ ਸੀ, ਮੈਨੂੰ ਕਿਸੇ ਜੰਨਤ ਤੋਂ ਘੱਟ ਨਹੀਂ ਸੀ ਜਾਪਦਾ। ਘਰ ਦੀ ਦਹਿਲੀਜ਼ ਪਾਰ ਕਰਦਿਆਂ ਹੀ ਸਾਹਮਣੇ ਇੱਕ ਵਰਾਂਡਾ ਸੀ। ਉਸ ਵਰਾਂਡੇ ਵਿੱਚ ਇੱਕ ਹਰੇ ਰੰਗ ਦੀ ਅਲਮਾਰੀ ਹੁੰਦੀ ਸੀ, ਜਿਸ ਉੱਪਰ ਪੀਰਾਂ, ਫ਼ਕੀਰਾਂ ਅਤੇ ਸੰਤਾਂ-ਮਹਾਤਮਾਵਾਂ ਦੀਆਂ ਤਸਵੀਰਾਂ ਸਜੀਆਂ ਹੋਈਆਂ ਸਨ। ਉਨ੍ਹਾਂ ਤਸਵੀਰਾਂ ਵਾਲੇ ਚਿਹਰਿਆਂ 'ਤੇ ਇੱਕ ਅਜਿਹਾ ਅਨੋਖਾ ਤੇ ਇਲਾਹੀ ਨੂਰ ਸੀ, ਜੋ ਮੇਰੇ ਅੰਦਰ ਇੱਕ ਅਜੀਬ ਜਿਹੀ ਰੂਹਾਨੀਅਤ ਭਰ ਦਿੰਦਾ ਸੀ। ਇਸੇ ਵਰਾਂਡੇ ਦੇ ਉੱਪਰ ਪੁਰਾਤਨ ਨਮੂਨੇ ਦਾ ਇੱਕ ਚੁਬਾਰਾ ਹੁੰਦਾ ਸੀ। ਭਾਵੇਂ ਉਹ ਚੁਬਾਰਾ ਪੁਰਾਣਾ ਹੋਣ ਕਾਰਨ ਮੇਰੇ ਬਚਪਨ ਵਿੱਚ ਹੀ ਢਾਹ ਦਿੱਤਾ ਗਿਆ ਸੀ, ਪਰ ਉਸ ਨਾਲ ਮੇਰੀ ਰੂਹ ਦਾ ਮੋਹ ਇੰਨਾ ਡੂੰਘਾ ਸੀ ਕਿ ਉਸ ਵਿੱਚ ਬੈਠ ਕੇ ਮੈਨੂੰ ਜੋ ਸਕੂਨ ਮਿਲਦਾ ਸੀ, ਉਹ ਦੁਨੀਆ ਦੀ ਕਿਸੇ ਹੋਰ ਨੁੱਕਰ ਵਿੱਚ ਕਦੇ ਨਸੀਬ ਨਹੀਂ ਹੋਇਆ।

ਵਰਾਂਡੇ ਦੇ ਖੱਬੇ ਪਾਸੇ ਇੱਕ ਵੱਡੀ ਸਾਰੀ ਸਬਾਤ ਸੀ। ਸਿਆਲ ਦੀਆਂ ਠੰਢੀਆਂ ਰਾਤਾਂ ਵਿੱਚ, ਉਸ ਹਨੇਰੀ ਸਬਾਤ ਦੇ ਕਿਸੇ ਕੋਨੇ ਵਿੱਚ ਮੇਰੇ ਨਾਨਾ ਜੀ ਲਈ ਬਣਾਈਆਂ ਮੇਥਿਆਂ ਦੀਆਂ ਪਿੰਨੀਆਂ ਰੱਖੀਆਂ ਹੁੰਦੀਆਂ ਸਨ। ਮੇਰੀ ਨਾਨੀ ਜਦੋਂ ਆਪਣੇ ਮੋਹ ਭਿੱਜੇ ਹੱਥਾਂ ਨਾਲ ਮੈਨੂੰ ਉਹ ਪਿੰਨੀਆਂ ਖਵਾਉਂਦੀ, ਤਾਂ ਮੈਨੂੰ ਲੱਗਦਾ ਜਿਵੇਂ ਦੁਨੀਆ ਭਰ ਦਾ ਸਵਾਦ ਅਤੇ ਵਾਤਸਲ ਮੇਰੀ ਝੋਲੀ ਪੈ ਗਿਆ ਹੋਵੇ।

ਮੇਰੇ ਛੋਟੇ ਮਾਮੇ ਦਾ ਪੁੱਤਰ ਲਛਮਣ, ਜਿਸਨੂੰ ਨਾਨਾ ਜੀ 'ਲਫ਼ਣ' ਆਖਦੇ ਸਨ, ਭਾਵੇਂ ਮੇਰੇ ਤੋਂ ਛੋਟਾ ਸੀ ਪਰ ਮੇਰਾ ਪੱਕਾ ਆੜੀ ਸੀ। ਨਾਨਾ ਜੀ ਆਪਣੇ ਹੱਥੀਂ ਸਾਨੂੰ ਗੁੱਲੀ ਘੜ ਕੇ ਦਿੰਦੇ ਅਤੇ ਅਸੀਂ ਘੰਟਿਆਂ-ਬੱਧੀ ਬਾੜੇ ਵਿੱਚ ਗੁੱਲੀ-ਡੰਡਾ ਖੇਡਦੇ ਰਹਿੰਦੇ। ਸਾਡੀ ਉਸ ਖੇਡ ਵਿੱਚ ਦੁਨੀਆਂ ਭਰ ਦੀ ਬਾਦਸ਼ਾਹਤ ਛੁਪੀ ਹੁੰਦੀ।

ਛੋਟੇ ਮਾਮੇ ਦੇ ਘਰ ਤੋਂ ਵੱਡੇ ਮਾਮੇ ਦੇ ਘਰ ਤੱਕ ਦਾ ਪੈਂਡਾ ਮੇਰੇ ਲਈ ਕਿਸੇ ਰੋਮਾਂਚਕ ਸਫ਼ਰ ਤੋਂ ਘੱਟ ਨਹੀਂ ਸੀ। ਰਸਤੇ ਵਿੱਚ ਪੈਦਲ ਤੁਰਦਿਆਂ ਸਭ ਤੋਂ ਪਹਿਲਾਂ ਦੋ ਛੱਪੜ ਆਉਂਦੇ ਤੇ ਫਿਰ ਲਸੂੜੇ ਦੇ ਰੁੱਖ ਮਿਲਦੇ, ਇੱਕ ਪੁਰਾਣਾ ਖੂਹ ਆਉਂਦਾ ਜਿੱਥੋਂ ਸੁਆਣੀਆਂ ਪਾਣੀ ਭਰਦੀਆਂ। ਉਸ ਖੂਹ ਦੇ ਨਾਲ ਹੀ ਇੱਕ ਡੇਰਾ ਹੁੰਦਾ ਸੀ। ਇਸ ਡੇਰੇ ਨਾਲ ਜੁੜੀ ਇੱਕ ਘਟਨਾ ਨੇ ਮੇਰੇ ਬਾਲ-ਮਨ ਨੂੰ ਕਿਸੇ ਤਲਿਸਮੀ ਦੁਨੀਆ ਦਾ ਹਿੱਸਾ ਬਣਾ ਦਿੱਤਾ ਸੀ। ਇੱਕ ਵਾਰ ਮਾਤਾ ਜੀ ਨੇ ਦੱਸਿਆ ਕਿ ਵੱਡੇ ਮਾਮਾ ਜੀ ਖੇਤਾਂ ਵਿੱਚ ਪਾਣੀ ਲਾ ਰਹੇ ਸਨ ਤਾਂ ਉਨ੍ਹਾਂ ਨੂੰ 'ਕੀੜਾ' ਛੋਹ ਗਿਆ। ਮੈਂ ਕੰਬਦੀ ਆਵਾਜ਼ ਵਿੱਚ ਪੁੱਛਿਆ, 'ਫਿਰ ਕੀ ਹੋਇਆ?' ਤਾਂ ਮਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਤੁਰੰਤ ਉਸੇ ਡੇਰੇ ਲਿਆਂਦਾ ਗਿਆ। ਡੇਰੇ ਵਿੱਚ ਇੱਕ ਥਾਲੀ ਖੜਕਾਈ ਗਈ ਅਤੇ ਉਸ ਥਾਲੀ ਦੀ ਆਵਾਜ਼ ਸੁਣਦਿਆਂ ਹੀ ਪਿੰਡ ਦੇ ਸਾਰੇ 'ਗਾਰੜੂ' ਇਕੱਠੇ ਹੋ ਗਏ। ਉਹ ਆਪਣੇ ਮੂੰਹ ਨਾਲ ਜ਼ਹਿਰ ਚੂਸਦੇ ਅਤੇ ਘਿਓ ਦੀਆਂ ਕੁਰਲੀਆਂ ਕਰਦੇ। ਇਸ ਤਰ੍ਹਾਂ

ਉਨ੍ਹਾਂ ਨੇ ਸਾਰਾ ਜ਼ਹਿਰ ਮਾਮਾ ਜੀ ਦੇ ਸਰੀਰ 'ਚੋਂ ਬਾਹਰ ਕੱਢ ਦਿੱਤਾ ਤੇ ਕੁਝ ਹੀ ਸਮੇਂ ਬਾਅਦ ਮਾਮਾ ਜੀ ਬਿਲਕੁਲ ਨੌਂ-ਬਰ-ਨੌਂ ਹੋ ਗਏ। ਮਾਂ ਦੇ ਮੂੰਹੋਂ ਸੁਣੀ ਇਹ ਘਟਨਾ ਮੈਨੂੰ ਕਿਸੇ ਅਲੌਕਿਕ ਤੇ ਜਾਦੂਈ ਦੁਨੀਆ ਦੀ ਬਾਤ ਜਾਪਦੀ ਸੀ। ਅੱਜ ਵੀ ਉਸ ਡੇਰੇ ਵਿੱਚ ਵੱਜਦੀ ਘੰਟੀ ਦੀ ਪਵਿੱਤਰ ਆਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਹੈ, ਜਿਵੇਂ ਉਹ ਫ਼ਿਜ਼ਾਵਾਂ ਵਿੱਚ ਕਿਤੇ ਗੂੰਜ ਰਹੀ ਹੋਵੇ।

ਨਾਨਕੇ ਪਿੰਡ ਕੋਲੋਂ ਦੀ ਹੀ ਇੱਕ ਨਹਿਰ ਗੁਜ਼ਰਦੀ ਸੀ, ਜਿਸ ਨੂੰ ਅਸੀਂ 'ਮਸੀਤਾਂ ਵਾਲੀ ਨਹਿਰ' ਆਖਦੇ ਸਾਂ। ਖੇਡਦੇ-ਖੇਡਦੇ ਮੈਂ ਅਤੇ ਵੱਡੇ ਮਾਮੇ ਦਾ ਮੁੰਡਾ ਭਜਨਾ ਅਕਸਰ ਇਸ ਨਹਿਰ 'ਤੇ ਜਾ ਵੜਦੇ। ਭਜਨਾ ਤਾਂ ਬੇਖ਼ੌਫ਼ ਹੋ ਕੇ ਨਹਿਰ ਦੇ ਪਾਣੀਆਂ ਵਿੱਚ ਤਾਰੀਆਂ ਲਾਉਂਦਾ, ਪਰ ਮੈਨੂੰ ਪਾਣੀ ਤੋਂ ਡਰ ਲੱਗਦਾ ਸੀ। ਮੈਂ ਨਹਿਰ ਵਿੱਚ ਵੜਨ ਦੀ ਬਜਾਏ, ਘੰਟਿਆਂਬੱਧੀ ਉਸਦੇ ਕਿਨਾਰੇ ਬੈਠਾ ਰਹਿੰਦਾ। ਪਾਣੀ ਦੀਆਂ ਛੱਲਾਂ ਦਾ ਸੰਗੀਤ ਅਤੇ ਉਹ ਸ਼ਾਂਤ ਮਾਹੌਲ ਮੈਨੂੰ ਅਕਹਿ ਸਕੂਨ ਬਖ਼ਸ਼ਦਾ। ਮੈਂ ਅਕਸਰ ਭਜਨੇ ਨਾਲ ਉਸਦੇ ਸਕੂਲ ਵੀ ਚਲਿਆ ਜਾਂਦਾ। ਉਹ ਸਕੂਲ ਜਾਂਦਿਆਂ ਗਰਮ-ਗਰਮ ਰੋਟੀਆਂ ਦੇ ਵਿਚਕਾਰ ਗੁੜ ਰੱਖ ਕੇ ਲੈ ਜਾਂਦਾ। ਅੱਧੀ ਛੁੱਟੀ ਵੇਲੇ ਜਦੋਂ ਉਹ ਰੋਟੀ ਖੋਲ੍ਹਦਾ, ਤਾਂ ਗਰਮ ਰੋਟੀ ਕਾਰਨ ਪਿਘਲੇ ਹੋਏ ਗੁੜ ਦੀ ਉਹ ਮਹਿਕ ਅਤੇ ਉਸਦਾ ਲਾਜਵਾਬ ਜ਼ਾਇਕਾ ਬਿਆਨੋਂ



ਨਵਦੀਪ ਸਿੰਘ ਝੁਨੀਰ
+91 9876968193

ਬਾਹਰ ਹੁੰਦਾ ਸੀ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਬਚਪਨ ਦੇ ਉਨ੍ਹਾਂ ਬੇਫ਼ਿਕਰੇ ਦਿਨਾਂ ਵਿੱਚ ਹੀ ਮੈਨੂੰ ਪਿੰਡ ਛੱਡ ਕੇ ਆਪਣੀ ਭੂਆ ਦੇ ਪਿੰਡ ਰਹਿਣ ਜਾਣਾ ਪਿਆ। ਬੱਸ, ਉੱਥੋਂ ਹੀ ਮੇਰਾ ਨਾਨਕੇ ਜਾਣ ਦਾ ਸਿਲਸਿਲਾ ਟੁੱਟ ਗਿਆ। ਵੱਡੇ ਮਾਮੇ ਦੇ ਮੁੰਡੇ ਦਾ ਵਿਆਹ ਹੋ ਗਿਆ, ਛੋਟੇ ਮਾਮੇ ਦੇ ਮੁੰਡੇ ਦਾ ਵੀ ਘਰ ਵਸ ਗਿਆ। ਮੈਂ ਨੌਕਰੀ ਲੱਗ ਗਿਆ, ਮੇਰਾ ਆਪਣਾ ਵਿਆਹ ਹੋ ਗਿਆ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਵਿੱਚ ਮੇਰਾ ਨਾਨਕੇ ਜਾਣ ਦਾ ਕਦੇ ਸਬੱਬ ਹੀ ਨਾ ਬਣਿਆ।

ਪਰ ਮੇਰੇ ਅੰਦਰ ਦਾ ਬਾਲਕ ਕਦੇ ਉਸ ਪਿੰਡੋਂ ਬਾਹਰ ਨਹੀਂ ਆਇਆ। ਜਾਗਦੀਆਂ ਅੱਖਾਂ ਨੇ ਭਾਵੇਂ ਉਹ ਪਿੰਡ ਨਹੀਂ ਵੇਖਿਆ, ਪਰ ਮੇਰੇ ਸੁਪਨਿਆਂ ਵਿੱਚ ਅਕਸਰ ਮੇਰਾ ਨਾਨਕਾ ਘਰ ਆਉਂਦਾ ਹੈ। ਸੁਪਨਿਆਂ ਵਿੱਚ ਮੈਂ ਆਪਣੇ ਨਾਨਕੇ ਪਿੰਡ ਦੀਆਂ ਉਨ੍ਹਾਂ ਤਲਿਸਮੀ ਗਲੀਆਂ ਵਿੱਚ ਨੱਠ-ਭੱਜ ਰਿਹਾ ਹੁੰਦਾ ਹਾਂ। ਉਹ ਗਲੀਆਂ ਮੈਨੂੰ 'ਅਲਿਫ਼ ਲੈਲਾ' ਦੇ ਰਹੱਸਮਈ ਕਿੱਸਿਆਂ ਵਰਗੀਆਂ ਲੱਗਦੀਆਂ ਹਨ, ਅਤੇ ਮੇਰਾ ਦਿਲ ਕਰਦਾ ਹੈ ਕਿ ਮੈਂ ਬੱਸ ਉਮਰ ਭਰ ਇਨ੍ਹਾਂ ਗਲੀਆਂ ਵਿੱਚ ਹੀ ਭਟਕਦਾ ਰਹਾਂ।

ਮੇਰੇ ਮਾਮੇ ਦਾ ਪੁੱਤਰ ਅਕਸਰ ਫ਼ੋਨ 'ਤੇ ਉਲਾਂਭਾ ਦਿੰਦਾ ਹੈ, 'ਮਾਸਟਰ, ਤੂੰ ਹੁਣ ਆਪਣੇ ਨਾਨਕੇ ਕਿਉਂ ਨਹੀਂ ਆਉਂਦਾ? ਤੇਰਾ ਦਿਲ ਨਹੀਂ ਕਰਦਾ ਆਪਣੇ ਨਾਨਕੇ ਘਰ ਆਉਣ ਨੂੰ?'

ਮੈਂ ਹਰ ਵਾਰ ਉਸਨੂੰ ਲਾਰਾ ਲਾ ਦਿੰਦਾ ਹਾਂ ਕਿ 'ਇਸ ਸਾਲ ਪੱਕਾ ਆਵਾਂਗਾ।' ਪਰ ਜੇ ਆਪਣੇ ਮਨ ਦਾ ਸੱਚ ਦੱਸਾਂ ਤਾਂ ਮੇਰਾ ਨਾਨਕੇ ਜਾਣ ਨੂੰ ਹੁਣ ਬਿਲਕੁਲ ਵੀ ਦਿਲ ਨਹੀਂ ਕਰਦਾ। ਇਹ ਕੋਈ ਬੇਰੁਖ਼ੀ ਨਹੀਂ, ਸਗੋਂ ਇਹ ਮੇਰੇ ਨਾਨਕੇ ਪਿੰਡ ਪ੍ਰਤੀ ਮੇਰੇ ਅੰਤਾਂ ਦੇ ਮੋਹ ਦਾ ਇੱਕ ਵੱਖਰਾ ਰੂਪ ਹੈ। ਮੈਨੂੰ ਪਤਾ ਹੈ ਕਿ ਮੇਰੀਆਂ ਸਿਮਰਤੀਆਂ ਵਿੱਚ ਵਸਿਆ ਮੇਰੇ ਛੋਟੇ ਮਾਮੇ ਦਾ ਉਹ ਪੁਰਾਣਾ, ਪਿਆਰਾ ਜਿਹਾ ਘਰ ਹੁਣ ਇੱਕ ਆਲੀਸ਼ਾਨ ਕੋਠੀ ਵਿੱਚ ਤਬਦੀਲ ਹੋ ਚੁੱਕਾ ਹੈ। ਬਾੜੇ ਦੀ ਉਹ ਮਿੱਟੀ, ਜਿੱਥੇ ਸਾਡਾ ਗੁੱਲੀ-ਡੰਡਾ ਖੜਕਦਾ ਸੀ, ਹੁਣ ਸੀਮਿੰਟ ਦੀਆਂ ਇੱਟਾਂ ਹੇਠ ਦੱਬੀ ਗਈ ਹੈ, ਉੱਥੇ ਇੱਕ ਵੱਖਰੀ ਕੋਠੀ ਉਸਰ ਚੁੱਕੀ ਹੈ। ਨਾਨਕੇ ਘਰ ਦੇ ਜਿਸ ਜ਼ੱਰੇ-ਜ਼ੱਰੇ ਨਾਲ ਮੈਨੂੰ ਇਸ਼ਕ ਸੀ, ਉਹ ਹੁਣ ਆਪਣੇ ਉਸ ਸਥੂਲ ਰੂਪ ਵਿੱਚ ਮੌਜੂਦ ਨਹੀਂ ਹੈ।

ਪਰ ਮੇਰੇ ਚੇਤਿਆਂ ਦੇ ਇਤਿਹਾਸ ਵਿੱਚ... ਉਹ ਘਰ, ਉਹ ਪਿੰਡ, ਉਹ ਕੱਚੇ ਰਸਤੇ ਅੱਜ ਵੀ ਹੂ-ਬ-ਹੂ ਉਸੇ ਤਰ੍ਹਾਂ ਜਿਉਂਦੇ ਹਨ, ਜਿਵੇਂ ਬਚਪਨ ਵਿੱਚ ਹੁੰਦੇ ਸਨ। ਮੇਰੇ ਅੰਦਰ ਇੱਕ ਡਰ ਬੈਠਾ ਹੈ ਕਿ ਜੇ ਮੈਂ ਹੁਣ ਨਾਨਕੇ ਗਿਆ, ਤਾਂ ਮੈਨੂੰ ਸਭ ਕੁਝ ਬਦਲਿਆ ਹੋਇਆ ਮਿਲੇਗਾ। ਮੇਰੀਆਂ ਯਾਦਾਂ ਵਿੱਚ ਵਸਿਆ ਮੇਰੇ ਪਿਆਰੇ ਨਾਨਕੇ ਪਿੰਡ ਅਤੇ ਮੇਰੇ ਨਾਨਕੇ ਘਰ ਦਾ ਉਹ ਪਵਿੱਤਰ ਅਕਸ ਧੁੰਦਲਾ ਹੋ ਜਾਵੇਗਾ। ਸ਼ਾਇਦ ਮੇਰੇ ਜ਼ਿਹਨ ਵਿੱਚੋਂ ਮੇਰੇ ਬਚਪਨ ਦੀਆਂ ਉਹ ਅਨਮੋਲ ਯਾਦਾਂ ਕਿਰ ਜਾਣਗੀਆਂ, ਜੋ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹਨ। ਮੈਂ ਆਪਣੇ ਅੰਦਰ ਵਸਦੇ ਉਸ ਪੁਰਾਣੇ, ਸਾਦੇ ਤੇ ਮੋਹ-ਭਿੱਜੇ ਨਾਨਕੇ ਪਿੰਡ ਨੂੰ ਮਰਨ ਨਹੀਂ ਦੇਣਾ ਚਾਹੁੰਦਾ। ਸ਼ਾਇਦ, ਇਸੇ ਕਰਕੇ ਮੈਂ ਹੁਣ ਕਦੇ ਆਪਣੇ ਨਾਨਕੇ ਘਰ ਜਾਵਾਂ ਵੀ ਨਾ... ਕਿਉਂਕਿ ਮੇਰਾ ਨਾਨਕਾ ਘਰ ਹੁਣ ਹਰਿਆਣੇ ਦੀ ਧਰਤੀ 'ਤੇ ਨਹੀਂ, ਮੇਰੀ ਰੂਹ ਦੇ ਅੰਦਰ ਵਸਦਾ ਹੈ।






# ਪਿੱਪਲ ਦੇ ਕਣ ਤੇ ਸਿਆਣਾ



ਮੁਖਤਿਆਰ ਸਿੰਘ ਪਖੋ ਕਲਾਂ

ਪੰਜਾਬ ਵਿੱਚ ਅਤਿਵਾਦ ਦੇ ਦੌਰ ਦੌਰਾਨ ਧਾਗੇ ਤਵੀਤਾਂ ਅਤੇ ਪੁੱਛਾਂ ਦੇਣ ਵਾਲਿਆਂ ਨੇ ਵੀ ਦੜ ਵੱਟੀ ਹੋਈ ਸੀ। ਜਿਉਂ ਹੀ ਅਤਿਵਾਦ ਦਾ ਦੌਰ ਖ਼ਤਮ ਹੋਇਆ ਪੁੱਛਾਂ ਕੱਢਣ ਵਾਲਿਆਂ ਨੇ ਦੁਬਾਰਾ ਆਪਣਾ ਧੰਦਾ ਚਲਾ ਲਿਆ। ਸਾਡੇ ਪਿੰਡ ਦੇ ਛਿਪਦੇ ਵੱਲ ਵੀ ਇੱਕ ਪੁੱਛਾਂ ਕੱਢਣ ਵਾਲੇ ਦਾ ਡੇਰਾ ਸੀ। ਕਾਲੇਕਿਆਂ ਵਾਲੇ ਮੇਲੇ ਦੀ ਰਾਤ ਨੂੰ ਜਗਰਾਤਾ ਹੁੰਦਾ। ਸਾਰੀ ਰਾਤ ਢੋਲਕੀ-ਛੈਣੇ ਖੜਕਦੇ ਅਤੇ ਪੁੱਛਾਂ ਦੇ ਹੋਕਰੇ ਵੱਜਦੇ ਰਹਿੰਦੇ। ਫੱਗਣ ਦਾ ਮਹੀਨਾ ਸੀ। ਰਾਤ ਨੂੰ ਅਸੀਂ ਸੱਥ ਵਿੱਚ ਬੈਠੇ ਸਾਂ। ਇਤਫ਼ਾਕਵੱਸ ਗੁਰਵਿੰਦਰ ਵੀ ਆਇਆ ਹੋਇਆ ਸੀ।

ਗੁਰਵਿੰਦਰ ਮੇਰਾ ਜਮਾਤੀ ਸੀ, ਸਾਡੇ ਗੁਆਂਢੀ ਜਥੇਦਾਰ ਅਜੀਤ ਸਿੰਘ ਦਾ ਭਾਣਜਾ। ਪਿੰਡ ਉਸ ਦਾ ਭੀਖੀ ਸੀ, ਪਰ ਪੜ੍ਹਨ ਲਈ ਨਾਨਕੇ ਘਰ ਰਹਿੰਦਾ ਸੀ। ਸੋਹਣਾ ਸੁਨੱਖਾ, ਤੇਜ਼ ਤਰਾਰ। ਜਦੋਂ ਸੱਤਵੀਂ 'ਚ ਇੱਥੇ ਦਾਖ਼ਲ ਕਰਵਾਇਆ ਤਾਂ ਉਸ ਦਾ ਧਿਆਨ ਪੜ੍ਹਾਈ ਦੀ ਥਾਂ ਸ਼ਰਾਰਤਾਂ ਵੱਲ ਵੱਧ ਸੀ। ਜਥੇਦਾਰ ਵੀ ਫ਼ੌਜੀ ਸੀ, ਉਸ ਦੇ ਅਨੁਸ਼ਾਸਨ ਤੇ ਕੋਰਟ ਮਾਰਸ਼ਲ ਤੋਂ ਗੁਰਵਿੰਦਰ ਤਾਂ ਕੀ, ਗੁਆਂਢੀਆਂ ਦੇ ਨਿਆਣੇ ਵੀ ਡਰਦੇ ਸਨ ਜਿਸ ਕਰ ਕੇ ਉਸ ਨੇ ਗੁਰਵਿੰਦਰ ਨੂੰ ਪੜ੍ਹਨ ਦੀ ਆਦਤ ਪਾ ਦਿੱਤੀ। ਸੰਨ 1986 ਵਿੱਚ ਦਸਵੀਂ ਕਰ ਕੇ ਪਿੰਡ ਚਲਾ ਗਿਆ, ਅੱਗੇ ਵੀ ਪੜਿਆ ਅਤੇ ਪੁਲੀਸ 'ਚ ਭਰਤੀ ਹੋ ਗਿਆ।

ਪੁੱਛਾਂ ਕੱਢਣ ਵਾਲਿਆਂ ਦਾ ਸਪੀਕਰ ਜ਼ੋਰ ਦੀ ਵੱਜ ਰਿਹਾ ਸੀ। ਗੁਆਂਢੀ ਜਗਤਾਰ ਨੇ ਸੁਭਾਵਿਕ ਹੀ ਕਹਿ ਦਿੱਤਾ, "ਅੱਜ ਇਹ ਸਾਰੀ ਰਾਤ ਕੰਨ ਖਾਣਗੇ।" ਗੁਰਵਿੰਦਰ ਕਹਿਣ ਲੱਗਾ, "ਤੁਸੀ ਮੰਨੋ ਭਾਵੇਂ ਨਾ, ਹੁੰਦਾ ਤਾਂ ਸਭ ਕੁਝ ਹੈ।" ਪਟਿਆਲਾ ਦੇ ਇੱਕ ਤਾਂਤਰਿਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਨੇ ਪ੍ਰਤੱਖ ਦੇਖਿਆ ਹੈ, ਉਹ ਤੁਹਾਡੇ ਬਾਰੇ ਸਭ ਕੁਝ ਦੱਸ ਦਿੰਦਾ ਹੈ। ਇਸ ਗੱਲ ਤੋਂ ਸੱਥ ਵਿੱਚ ਬਹਿਸ ਛਿੜ ਗਈ, ਅੱਧੇ ਮੰਨਣ ਵਾਲੇ ਤੇ ਅੱਧੇ ਨਾ ਮੰਨਣ ਵਾਲੇ। ਸਾਡੇ ਘਰ 'ਚ ਤਰਕਸ਼ੀਲ ਵਿਚਾਰਧਾਰਾ ਭਾਰੂ ਸੀ। ਸਾਡੀ ਸੱਥ ਵਿੱਚ ਜਾਦੂਗਰ ਵੀ ਖੇਲ ਦਿਖਾਉਣ ਤੋਂ ਕੰਨੀ ਕਤਰਾਉਂਦਾ ਸੀ। ਅਖ਼ੀਰ ਗੱਲ ਸ਼ਰਤ 'ਤੇ ਆ ਗਈ ਕਿ ਕਿਉਂ ਨਾ ਅੱਜ ਇਸ ਸਿਆਣੇ ਦਾ ਪਰਤਿਆਵਾ ਲਿਆ ਜਾਵੇ। ਗੁਰਵਿੰਦਰ ਵਾਲੀ ਗੱਲ ਤਾਂ ਪਾਸੇ ਰਹਿ ਗਈ, ਬਹਿਸ-ਬਹਿਸ ਵਿੱਚ ਕਿਸੇ ਹੋਰ ਨਾਲ ਵੱਡੇ ਭਰਾ ਨੇ ਸੌ ਰੁਪਏ ਦੀ ਸ਼ਰਤ ਲਾ ਲਈ। ਗੁਰਵਿੰਦਰ ਹੱਲਾਸ਼ੇਰੀ ਦਿੰਦਿਆਂ ਕਹਿਣ ਲੱਗਾ, "ਕੋਈ ਗੱਲ ਨ੍ਹੀਂ ਯਾਰ! ਜੇ ਤੂੰ ਹਾਰ ਗਿਆ ਤਾਂ ਸ਼ਰਤ ਮੈਂ ਦੇ ਦਊਂ, ਅੱਜ ਨਿਤਾਰਾ ਕਰ ਹੀ ਲੈਂਦੇ ਹਾਂ।"

ਪੁੱਛਾਂ ਕੱਢਣ ਵਾਲੇ ਸਿਆਣਿਆਂ ਦੇ ਜਾਣ ਵਾਲੇ ਲੋਕ ਅਨਾਜ ਜਾਂ ਪੈਸਾ ਘਰ ਦੇ ਜੀਅ ਜਾਂ ਮੱਝ ਬਗੈਰਾ ਉੱਪਰੋਂ ਦੀ ਝਹਾ ਕੇ (ਵਾਰ ਕੇ), ਜਿਸ ਨੂੰ ਕਣ ਕਿਹਾ ਜਾਂਦਾ ਸੀ, ਸਿਆਣੇ ਦੀ ਲਗਾਈ ਚੌਂਕੀ 'ਤੇ ਮੱਥਾ ਟੇਕ ਕੇ ਬੈਠ ਜਾਂਦੇ ਸਨ। ਸਿਆਣਾ ਵਾਲ ਖੋਲ੍ਹ ਕੇ ਸਿਰ ਘੁਮਾ-ਘੁਮਾ ਕੇ ਖੇਡਦਾ। ਉਹ ਕਣ ਪਾਉਣ ਵਾਲਿਆਂ ਨੂੰ ਹਾਕਾਂ ਮਾਰ ਕੇ ਕਹਿੰਦਾ, "ਉੱਠੋ ਜੀਹਦੀ ਮੱਝ ਨ੍ਹੀਂ ਮਿਲਦੀ... ਉੱਠੋ ਜਿਨ੍ਹਾਂ ਦਾ ਮੁੰਡਾ ਬਿਮਾਰ ਹੈ।" ਮੇਰਾ ਵੱਡਾ ਭਰਾ ਘਰੋਂ ਲਿਫ਼ਾਫ਼ੇ ਵਿੱਚ ਕਣਕ ਪਾ ਲਿਆਇਆ। ਉਸ ਨੇ ਸੱਥ ਵਿਚਕਾਰ ਖੜ੍ਹੇ ਪਿੱਪਲ ਉੱਤੋਂ ਦੀ ਸੱਤ ਗੇੜੇ ਦੇ ਕੇ ਕਣ ਪਾ ਲਏ। ਸੱਥ ਵਿੱਚੋਂ ਹੋਰ ਵੀ ਪੰਦਰਾਂ ਸੋਲਾਂ ਜਣੇ ਉੱਠ ਕੇ ਨਾਲ ਤੁਰ ਪਏ ਅਤੇ ਸਿਆਣੇ ਦੀ ਚੌਂਕੀ 'ਤੇ ਜਾ ਮੱਥਾ ਟੇਕਿਆ। ਤੁਰਨ ਵੇਲੇ ਪਹਿਲਾਂ ਇਹ ਗੱਲ ਮਿੱਥ ਲਈ ਕਿ ਆਪਣੇ 'ਚੋਂ ਕੋਈ ਵੀ ਉੱਥੇ ਕਿਸੇ ਨਾਲ ਗੱਲ ਨਹੀਂ ਕਰੇਗਾ। ਜੇ ਕਿਸੇ ਨੇ ਦੂਜੇ ਬੰਦੇ ਨਾਲ ਗੱਲਬਾਤ ਕੀਤੀ ਤਾਂ ਉਸ ਦਾ ਨਾਲ ਦਿਆਂ ਵੱਲੋਂ ਉੱਥੇ ਹੀ ਕੁਟਾਪਾ ਕੀਤਾ ਜਾਵੇਗਾ।

ਅਸੀਂ ਸਾਰੇ ਉੱਥੇ ਮੱਥਾ ਟੇਕ ਕੇ ਇੱਕ ਪਾਸੇ ਬਹਿ ਗਏ। ਸਾਨੂੰ ਪੰਦਰਾਂ ਵੀਹ ਜਣੇ ਇਕੱਠੇ ਆਇਆਂ ਦੇਖ ਕੇ ਪੁੱਛਾਂ ਕੱਢਣ ਵਾਲਾ ਬਾਬਾ ਅਤੇ ਉਸ ਦੇ ਚੇਲੇ ਚਪਟੇ ਹੈਰਾਨ ਹੋ ਗਏ ਕਿ ਇਹ ਕਦੇ ਅੱਗੇ ਨਾ ਪਿੱਛੇ, ਅੱਜ ਕਿਵੇਂ ਆ ਗਏ। ਸਾਰੇ ਹਨ ਵੀ ਪੜ੍ਹੇ-ਲਿਖੇ ਪਰਿਵਾਰਾਂ 'ਚੋਂ ਅਤੇ ਇਨ੍ਹਾਂ ਗੱਲਾਂ ਨੂੰ ਮੰਨਦੇ ਵੀ ਨਹੀਂ, ਫਿਰ ਇਹ ਅੱਜ ਕਿਵੇਂ ਆਏ ਨੇ? ਬਾਬੇ ਦੇ ਚੇਲੇ-ਚਪਟਿਆਂ ਨੇ ਸਾਡੇ ਦੁਆਲੇ ਗੇੜਾ ਬੰਨ੍ਹ ਲਿਆ। ਇੱਕ-ਦੋ ਨੂੰ ਉਠਾ ਕੇ ਪਾਸੇ ਲਿਜਾਣ ਦੀ ਕੋਸ਼ਿਸ਼ ਵੀ ਕੀਤੀ, ਪਰ ਪਹਿਲਾਂ ਮਿਥੀ ਗੱਲ ਅਨੁਸਾਰ ਕੋਈ ਵੀ ਪਾਸੇ ਨਾ ਗਿਆ। ਅੱਧੀ ਰਾਤ ਹੋ ਗਈ। ਪੁੱਛਾਂ ਦੀਆਂ ਹਾਕਾਂ ਵੱਜਦੀਆਂ ਰਹੀਆਂ। "ਉੱਠੋ ਜਿਹੜੀ ਗੁਆਂਢਣ ਤੋਂ ਦੁਖੀ ਐ... ਉੱਠੋ ਜੀਹਦਾ ਘਰ ਵਾਲਾ ਕਹਿਣੇ 'ਚ ਨਹੀਂ..."। ਅਸੀਂ ਉਡੀਕਦੇ ਰਹੇ ਪਰ ਇਹ ਹਾਕ ਨਹੀਂ ਵੱਜੀ, "ਆਜੋ ਜਿਹੜਾ ਪਿੱਪਲ ਉੱਤੋਂ ਦੀ ਕਣ ਵਾਰ ਕੇ ਲਿਆਇਆ ਹੈ?" ਅਖ਼ੀਰ ਸਿਰ ਘੁਮਾ ਕੇ ਖੇਡ ਰਹੇ ਬਾਬੇ ਨੇ ਆਪ ਹੀ ਪੁੱਛ ਲਿਆ, "ਭਗਤੋ! ਤੁਸੀਂ ਕਿਵੇਂ ਆਏ?" "ਬਾਬਾ ਜੀ, ਇਹ ਤਾਂ ਤੁਸੀਂ ਦੱਸੋ ਕਿ ਅਸੀਂ ਕਿਵੇਂ ਆਏ ਹਾਂ? ਹੋਰਾਂ ਨੂੰ ਵੀ ਦੱਸ ਹੀ ਰਹੇ ਹੋ ਤੇ ਸਾਨੂੰ ਵੀ ਦੱਸੋ ਕਿ ਸਾਨੂੰ ਕੀ ਦੁੱਖ ਹੈ?"

ਬਾਬਾ ਸਮਝ ਗਿਆ ਕਿ ਇਹ ਤਾਂ ਕੋਈ ਹੋਰ ਮਸਲਾ ਹੈ, "ਥੋਡਾ ਦੁੱਖ ਤਾਂ ਭਾਈ ਉੱਪਰ ਵਾਲਾ ਹੀ ਸੁਣੇਗਾ।" ਕਹਿ ਕੇ ਬਾਬਾ ਸਿਰ ਘੁਮਾ ਕੇ ਹਾਤ-ਹਾਤ ਕਰ ਕੇ ਖੇਡਣ ਲੱਗ ਪਿਆ। ਬਾਬੇ ਅਤੇ ਉਸ ਦੇ ਚੇਲੇ-ਚਪਟਿਆਂ ਨੂੰ ਇਹ ਵੀ ਡਰ ਪੈਦਾ ਹੋ ਗਿਆ ਕਿ ਕਿਤੇ ਉਨ੍ਹਾਂ ਦੇ ਸ਼ਰਧਾਲੂਆਂ ਸਾਹਮਣੇ ਉਸ ਦਾ ਭਾਂਡਾ ਨਾ ਭੰਨ੍ਹ ਦੇਣ। ਇੱਕ ਚੇਲਾ ਚੁਪਕੇ ਜਿਹੇ ਸਾਡੇ ਵਿੱਚ ਆ ਕੇ ਬਹਿ ਗਿਆ ਤੇ ਕਹਿੰਦਾ, "ਜੇਕਰ ਕੁਝ ਨਹੀਂ ਦੱਸਣਾ ਤਾਂ ਇੱਥੋਂ ਚਲੇ ਜਾਵੋ, ਬਾਹਰੋਂ ਹੋਰ ਸੰਗਤ ਆਉਣੀ ਹੈ, ਉਨ੍ਹਾਂ ਨੂੰ ਬੈਠਣ ਲਈ ਥਾਂ ਛੱਡ ਦਿਓ।"

ਅਸੀਂ ਇਹੀ ਚਾਹੁੰਦੇ ਸੀ, ਬਾਰਾਂ ਸਾਢੇ ਬਾਰਾਂ ਦਾ ਟਾਈਮ ਸੀ। ਅਸੀਂ ਉੱਥੋਂ ਉੱਠ ਕੇ ਆ ਗਏ। ਗੁਰਵਿੰਦਰ ਅਤੇ ਉਸ ਦੇ ਸਾਥੀ ਨੇ ਇਹ ਕਹਿੰਦਿਆਂ ਹਾਰ ਮੰਨ ਲਈ ਕਿ ਇਹ ਤਾਂ ਕੱਚਾ ਖਿਡਾਰੀ ਐ, ਮੇਰੇ ਨਾਲ ਕਦੇ ਪਟਿਆਲੇ ਚੱਲਿਓ! ਉੱਥੇ ਇੱਕ ਤਾਂਤਰਿਕ ਹੈ ਜੋ ਸਭ ਕੁਝ ਸੱਚ ਦੱਸ ਦਿੰਦਾ ਹੈ। ਉਸ ਨੇ ਕਿਸੇ ਦੂਜੇ ਦੀ ਥਾਂ ਸੌ ਰੁਪਏ ਦੇ ਦਿੱਤੇ। ਹੁਣ ਇਹ ਮਸਲਾ ਹੋ ਗਿਆ ਕਿ ਇਹ ਸੌ ਦਾ ਕੀ ਕੀਤਾ ਜਾਵੇ। ਮੁੰਡੀਹਰ ਇਕੱਠੀ ਹੋਈ ਸੀ, ਕਹਿੰਦੇ, "ਚਲੋ ਅੰਡੇ ਖਾਂਦੇ ਹਾਂ।" ਪਰ ਆਪਸ 'ਚ ਕਹਿਣ ਲੱਗੇ, "ਅੱਧੀ ਰਾਤ ਨੂੰ ਥੋਨੂੰ ਆਂਡੇ ਕੌਣ ਦਿਊ?" ਦੂਜੇ ਕਹਿੰਦੇ, "ਅੱਡੇ 'ਤੇ ਚਲਦੇ ਹਾਂ, ਅਹਾਤੇ ਵਾਲੇ ਨੂੰ ਉਠਾ ਲੈਂਦੇ ਹਾਂ।" ਅਖੇ, "ਜੇ ਨਾ ਉੱਠਿਆ?" "ਫਿਰ ਨਾ ਸਹੀ, ਵਾਪਸ ਮੁੜ ਆਵਾਂਗੇ। ਐਂ ਸਮਝ ਲਓ ਕਿ ਆਪਾਂ ਵੀ ਕਾਲੇਕਿਆਂ ਵਾਲੀ ਮਾਈ ਦਾ ਜਗਰਾਤਾ ਹੀ ਕੱਟ ਰਹੇ ਹਾਂ।" ਹੱਸਦੇ-ਹਸਾਉਂਦੇ ਅੱਡੇ 'ਤੇ ਜਾ ਕੇ ਅਹਾਤੇ ਵਾਲਾ ਸ਼ੰਕਰ ਉਠਾ ਲਿਆ। ਉਹ ਵੀ ਹੈਰਾਨ ਕਿ ਐਨੇ ਲੋਕ ਇਸ ਵੇਲੇ ਕਿਵੇਂ? ਉਸ ਦੇ ਭਾਂਡੇ 'ਚ ਉੱਬਲੇ ਆਂਡੇ ਪਏ ਸਨ, ਪਰ ਠੰਢੇ ਸਨ। ਦੋ ਰੁਪਏ ਦਾ ਇੱਕ ਆਂਡਾ ਸੀ, ਸੌ ਦੇ ਪੰਜਾਹ ਆ ਗਏ। ਕਿਸੇ ਨੂੰ ਤਿੰਨ ਕਿਸੇ ਨੂੰ ਚਾਰ ਆ ਗਏ, ਮਸਾਂ ਖਾਧੇ। ਹਾਸਾ-ਠੱਠਾ ਕਰਦੇ ਰਾਤ ਨੂੰ ਦੋ ਢਾਈ ਵਜੇ ਘਰ ਵੜੇ। ਸਾਲਾਂ ਦੇ ਸਾਲ ਲੰਘ ਗਏ। ਗੁਰਵਿੰਦਰ ਹੁਣ ਏ ਐੱਸ ਆਈ ਬਣ ਗਿਆ ਸੀ। ਜਦ ਨਾਨਕੇ ਆਉਂਦਾ ਤਾਂ ਮਾਮੇ ਦੇ ਘਰ ਜਾਣ ਤੋਂ ਪਹਿਲਾਂ ਸੱਥ 'ਚ ਜਾਂਦਾ, ਇਹ ਉਹਦਾ ਸੁਭਾਅ ਸੀ। ਆਂਢ-ਗੁਆਂਢ ਵਿੱਚ ਜਾਂਦਾ। ਬਚਪਨ ਦੇ ਬੇਲੀਆਂ ਨਾਲ ਹਾਸਾ-ਠੱਠਾ ਕਰਦਾ। ਸਾਡੇ ਜਮਾਤੀ ਟਿੱਡੀ ਦਾ ਬਚਪਨ ਦਾ ਡਾਇਲਾਗ, 'ਮੱਲਾ ਓਏ! ਥੋਡੀ ਛੱਤਣ 'ਚ ਸੱਪ ਰਹਿੰਦਾ' ਜ਼ਰੂਰ ਬੋਲਦਾ। ਅਸੀਂ ਉਹਨੂੰ ਛੇੜਨਾ ਕਿ ਤੇਰਾ ਤਾਂਤਰਿਕ ਤਾਂ ਸਾਨੂੰ ਮਿਲਾ। ਇੱਥੇ ਤਾਂ ਸੌ ਦੇ ਅੰਡਿਆਂ ਨਾਲ ਸਰ ਗਿਆ, ਉੱਥੇ ਤਾਂ ਸ਼ਰਤ ਵੀ ਵੱਡੀ ਲਾਵਾਂਗੇ। 2007 ਵਿੱਚ ਇੱਕ ਦਿਨ ਮਨਹੂਸ ਖ਼ਬਰ ਸੁਣੀ ਕਿ ਪਟਿਆਲਾ ਨੇੜੇ ਗੁਰਵਿੰਦਰ ਇੱਕ ਸੜਕ ਹਾਦਸੇ 'ਚ ਸਾਥੋਂ ਸਦਾ ਲਈ ਵਿੱਛੜ ਗਿਆ। ਉਸ ਨਾਲ ਬਚਪਨ ਦੀਆਂ ਅੰਦਰ-ਬਾਹਰ ਦੀਆਂ ਅਨੇਕਾਂ ਕੌੜੀਆਂ ਮਿੱਠੀਆਂ ਯਾਦਾਂ ਜੁੜੀਆਂ ਹਨ, ਪਰ ਇਹ ਸ਼ਰਤ ਵਾਲੀ ਯਾਦ ਪਿੰਡ ਦੀ ਸੱਥ 'ਚੋਂ ਪਾਠਕਾਂ ਦੀ ਸੱਥ ਤੱਕ ਸਫ਼ਰ ਕਰਦਿਆਂ 35 ਸਾਲ ਲੰਘ ਗਏ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਕੁੱਪ ਦੀ ਗਾਥਾ

ਐਵੇਂ ਐਰੇ ਗੈਰੇ ਨੱਥੂ ਖੈਰੇ ਦਾ ਕੰਮ ਨਹੀਂ ਸੀ,
ਕੁੱਪ ਦਾ ਮੁੱਢ ਬੰਨ੍ਹਣਾ ਹੁੰਦਾ ਬੜਾ ਕਮਾਲ ਦਾ ਜੀ।

ਸਾਰੇ ਪਿੰਡ ਵਿੱਚ ਬੰਦੇ ਦੋ ਚਾਰ ਹੁੰਦੇ ਸੀ,
ਕੁੱਪ ਦਾ ਜਾਣਕਾਰ ਹੋਵੇ ਉਹੀ ਜ਼ੁੰਮਾ ਸੰਭਾਲਦਾ ਜੀ।

ਹਾੜ੍ਹੀ ਵੇਲ਼ੇ ਹੁੰਦੀ ਉਹਦੀ ਪੁੱਛ ਗਿੱਛ ਬਾਹਲੀ,
ਕੁੱਪ ਬੰਨ੍ਹਣ ਲਈ ਹਰ ਕੋਈ ਫਿਰਦਾ ਭਾਲਦਾ ਸੀ।

ਕਿੰਝ ਬੈਠ ਗੱਭੇ ਬੇੜ ਨਾਲ ਗੋਲ ਘੇਰਾ ਲਾਉਣਾ,
ਸਭ ਕਮਾਲ ਹੁੰਦਾ ਸੀ ਹੁਨਰ ਤੇ ਖਿਆਲ ਦਾ ਜੀ।

ਫਿਰ ਸੱਬਲ ਨਾਲ ਗਿੱਠ ਗਿੱਠ 'ਤੇ ਖੱਡੇ ਕੱਢ ਕੇ ,
ਵਿੱਚ ਗੱਡਣੇ ਕਪਾਹ ਜਾਂ ਸਰ੍ਹੋਂ ਦੀਆਂ ਛਿਟੀਆਂ ਜੀ।

ਉੱਤੇ ਲੰਬੀ ਕਾਹੀ ਤੇ ਕਾਨਿਆਂ ਦਾ ਬਾਰ ਲਾ ਕੇ,
ਥੱਲੇ 'ਚ ਤੂੜੀ ਭਰਨੀ ਤੇ ਖੱਡੇ ਪਾ ਕੇ ਮਿੱਟੀਆਂ ਜੀ।

ਮੋੜੀ ਨਾਲ ਬੰਨ੍ਹ ਕੇ ਬੇੜ ਉਪਰ ਦੋ ਗੇੜੇ ਦੇਣੇ,
ਪੱਕਾ ਕਰ ਕੇ ਰੱਸੀ ਦੇ ਡੰਗਿਆਂ ਨਾਲ ਬੰਨ੍ਹਣਾ ਜੀ।

ਫਿਰ ਉੱਪਰ ਉੱਪਰ ਤੂੜੀ ਦੇ ਤੰਗੜ ਸੁੱਟੀ ਜਾਣੇ,
ਕੁੱਪ ਭਰਕੇ ਵਾਂਗ ਪਤੀਲੇ ਦੇ ਉੱਪਰ ਵੱਲ ਢੁੱਕਣਾ ਜੀ।

ਇੱਕ ਬੇੜ ਖਿੱਚੇ ਦੂਜਾ ਤੂੜੀ ਤੌਅਵੇ ਨਾਲੇ ਤੰਗੜ ਫੜੇ,
ਤੀਜੇ ਨੇ ਤੰਗੜ ਭਰਨੇ ਚੌਥੇ ਸਿਰ 'ਤੇ ਧਰ ਚੁੱਕਣਾ ਜੀ।

ਪੰਜਵੇਂ ਚੜ੍ਹ ਪੌੜੀ ਬੇੜ ਸਿੱਧੀ ਕਰਨੀ ਤੇ ਡੰਗੇ ਲਾਉਣੇ,
ਕਿਤੇ ਕੁੱਪ ਟੇਢਾ ਨਾ ਹੋ ਜਾਏ ਦਾ ਖਿਆਲ ਰੱਖਣਾ ਜੀ।

ਅੱਧੇ ਤੋਂ ਬਾਅਦ ਹੌਲੀ ਹੌਲੀ ਘੇਰਾ ਤੰਗ ਕਰਨਾ,
ਕਾਹੀ ਦੇ ਗੇੜ ਦੇ ਨਾਲ ਨਾਲ ਫਿਰ ਵੇੜ ਨੂੰ ਦੱਬਣਾ ਜੀ।

ਡੰਗੇ ਇੰਝ ਲੱਗਣੇ ਜਿਉਂ ਡੱਬੀਆਂ ਵਾਲੀ ਕਮੀਜ਼ ਹੋਵੇ,
ਗੇੜੇ ਵੇੜ ਦੇ ਜਿਉਂ ਬੱਚੇ ਦੇ ਲੱਕ ਤੜਾਗੀਆਂ ਬੰਨ੍ਹਣਾ ਜੀ।

ਆਖਰੀ ਬਾਰਾਂ ਨੂੰ ਹੌਲੀ-ਹੌਲੀ ਤੰਗ ਕਰਨਾ,
ਬੋਦੀ ਬਣਾ ਕੇ ਫਿਰ ਨਾਲ ਹੁਸ਼ਿਆਰੀ ਦੇ ਬੰਨ੍ਹਣਾ ਜੀ।

ਪਰਾਂਹ ਖੜ੍ਹੋ ਹੋ ਕੇ ਜਦੋਂ ਕੁੱਪ 'ਤੇ ਨਿਗਾਹ ਮਾਰਨੀ,
ਲੰਮਾ ਸੁਲੰਮੀ ਮੁਟਿਆਰ ਜਿਹਾ ਕੁੱਪ ਦਿਸਣਾ ਜੀ।

ਫਿਰ ਧੁੱਪ, ਮੀਂਹ ਹਨ੍ਹੇਰੀ ਜਾਂ ਤੂਫਾਨ ਦਾ ਬਾਪ ਆਵੇ,
ਕੁੱਪ ਹਮੇਸ਼ਾਂ ਖੜ੍ਹਾ ਰਹਿਣਾ ਨਾ ਕਦੇ ਹਿੱਲਣਾ ਜੀ।

ਸਾਲ ਭਰ ਲਈ ਮਾਲ ਡੰਗਰ ਦਾ ਸਾਂਭ ਚਾਰਾ,
ਵਿਹਲੇ ਹੋਣਾ ਫਿਰ ਜਾ ਕੇ ਕਿਰਸਾਨਾਂ ਕਾਮਿਆਂ ਜੀ।

ਇਹ ਗੱਲ ਪੰਜਾਬ ਦੇ ਪੁਰਾਣੇ ਸਭਿਆਚਾਰ ਦੀ ਹੈ ,
ਵਾਢੀ ਹੱਥੀਂ ਕਰਦੇ ਤੇ ਫਲ਼ੇ ਚੱਲਦੇ ਨਾਲ ਕਾਮਿਆਂ ਜੀ।

ਹਰੀ ਕ੍ਰਾਂਤੀ ਦੇ ਨਾਲ ਸ਼ੁਰੂ ਮਸ਼ੀਨੀਕਰਨ ਹੋਇਆ,
ਹੁਣ ਵਾਢੀ ਮੁੱਕਦੀ ਹੈ ਝੱਟ ਪੱਟ ਹੁਣ ਬਿਨਾਂ ਕਾਮਿਆਂ ਜੀ।

ਉਡਾਉਂਦੇ ਤੂੜੀ ਕੰਬਾਈਨਾਂ ਦੇ ਨਾਲ ਵੱਢ ਕਣਕਾਂ,
ਨਾੜ ਸਾੜਨ ਨਾਲ ਆਣ ਜ਼ਮੀਨ 'ਚ ਖਾਮੀਆਂ ਜੀ।

-ਸੇਵਾ ਸਿੰਘ ਨੂਰਪੁਰੀ

## ਸੰਪੂਰਨਤਾ

ਸ਼ਿਵ ਦੀ ਬਰਸੀ 'ਤੇ
ਸ਼ਿਵ ਨੂੰ ਯਾਦ ਕਰਦਿਆਂ
ਸ਼੍ਰੋਮਣੀ ਕਵੀ ਪਾਤਰ ਆਖਦੈ
ਸ਼ਿਵ ਦੇ ਬੋਲ ਕਿ
'ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ'
ਮੈਨੂੰ ਨਹੀਂ ਪਤਾ
ਸ਼ਿਵ ਜੋਬਨ ਰੁੱਤੇ ਜਾਣ ਮਗਰੋਂ
ਫੁੱਲ ਬਣਿਆ ਜਾਂ ਤਾਰਾ
ਪਰ ਮੈਂ ਉਸ ਨੂੰ ਜਿਉਂਦੇ ਜੀਅ
ਫੁੱਲ ਅਤੇ ਤਾਰਾ ਦੋਨੋ ਬਣਦੇ ਦੇਖਿਆ
ਜਦ ਉਹ ਹੇਠਲੀਆਂ ਸੁਰਾਂ 'ਚ ਗਾਉਂਦਾ
ਉਹ ਫੁੱਲਾਂ ਵਾਂਗ ਵਿਚਰਦਾ
ਪਰ ਜਦ ਉਹ
ਉੱਤਲੀਆਂ ਸੁਰਾਂ 'ਚ ਗਾਉਂਦਾ
ਉਹ ਸਦਾ ਤਾਰਿਆਂ ਵਾਂਗ ਵਿਚਰਿਆ
ਸ਼ਾਇਦ ਇਹ ਹੀ 'ਸ਼ਿਵ' ਵਰਗੇ
ਕਿਸੇ ਸੰਪੂਰਨ ਸਾਹਿਤਕਾਰ
ਅਤੇ ਵਧੀਆ ਮਨੁੱਖ ਦੀ ਪ੍ਰਾਪਤੀ ਹੈ।

- ਵੀਨਾ ਬਟਾਲਵੀ

## ਯੁੱਧ ਨਹੀਂ...!!

ਸੜਿਆ ਕੀ ਕੀ ਨਾਲ ਲਾਸ਼ ਦੇ,
ਜਿਹੜੀ ਪਹੁੰਚੀ ਸਰਹੱਦੋਂ ਪਾਰ,
ਸੱਥਰ ਹੋਈਆਂ ਸੱਧਰਾਂ,
ਉਮੀਦਾਂ ਵੀ ਗਈਆਂ ਓਡਾਰੀ ਮਾਰ,
ਮਾਂ ਮੋਈ ਬਿਨ ਕੱਫਨੋਂ,
ਐਸੀ ਕਾਫਰ ਦੀ ਪਈ ਮਾਰ,
ਬਿਨ ਧੂਣੀ ਬਾਪ ਧੁਖਿਆ,
ਅੰਬਰਾਂ ਤੱਕ  ਹੂਕ ਦੀ ਮਾਰ,
ਵੈਣ ਭੈਣਾਂ ਦੇ ਵਿਹੜੇ ਕੂਕੇ,
ਵਿਧਵਾ ਡਿੱਗੀ ਧਾਹ ਮਾਰ,
 ਪੁੱਤ ਪੱਥਰ ਬਣ ਗਿਆ,
ਖੜਾ ਬਾਪ ਦੀ ਲਾਸ਼ ਦੇ ਨਾਲ,
ਉਜੜੀ ਦੁਨੀਆਂ ਟੱਬਰ ਦੀ,
ਘਿਰ ਗਏ ਦੁੱਖਾਂ ਨਾਲ,
ਖਾਲੀ ਕੀ ਕੀ ਹੋ ਗਿਆ,
ਇੱਕ ਪੁੱਤ ਦੇ ਘਰੋਂ ਜਾਣ ਨਾਲ,
ਅਮਰ ਕੋਈ ਨੀ ਏਥੇ ਨਾ ਸਮਝੇ,
ਹਲ ਨਾ ਹੁੰਦੇ ਯੁੱਧਾਂ ਨਾਲ,
ਦੁਨੀਆਂ ਤੇ ਸ਼ਾਂਤੀ ਰਹਿਣ ਦਿਓ,
ਸਾਰੇ ਸੁਖੀ ਜੀਵੋ ਹਰ ਹਾਲ,
ਯੁੱਧ ਨਹੀ ਕਵਿਤਾ ਸਿਰਜੋ,
ਸ਼ਬਦ ਬਣਦੇ ਵਾਰ ਦੀ ਢਾਲ,
ਬੰਬਾਂ ਦੀ ਗੂੰਜ ਮਿਟਾਕੇ,
ਛੇੜੋ ਰਾਗ ਰਿਸ਼ਤਿਆਂ ਨਾਲ,

ਅਮਰਜੀਤ ਦਸੂਹਾ
+91-89689-33711

## ਕਣਕਵੰਨੀ

ਤੇਰੀ ਕਣਕਵੰਨੀ ਨੁਹਾਰ,
ਤੇ ਤੇਰੇ ਮੁਖਾਰਬਿੰਦ 'ਚੋਂ;
ਉਪਜਦੇ ਸਲੀਕੇ ਦਾ
ਮੈਂ ਇਕੱਲਾ ਹੀ ਮੁਦੱਈ ਨਹੀਂ।
ਜ਼ਮਾਨਾ ਵੀ ਲੋਹਾ ਮੰਨਦਾ ਹੈ,
ਤੇਰੀ ਇਸ ਵਿਲੱਖਣਤਾ ਦਾ।

ਸਧਾਰਨਤਾ ਦੀ ਪੁੱਠ ਚੜ੍ਹੀ,
ਤੇਰੀ ਸਰੀਰਿਕ ਭਾਸ਼ਾ,
ਮਹਿਜ਼;
ਆਕਰਸ਼ਣ ਹੋ ਸਕਦੀ ਹੈ,
ਆਵਾਰਾ ਭੌਰਾਂ ਲਈ।

ਪਰ ਮੇਰੇ ਲਈ,
ਸਧਾਰਨ ਕਿਣਕਿਆਂ ਨੂੰ,
ਵਜੂਦ 'ਚ ਜਜ਼ਬ ਕਰਨ ਦੀ,
ਲਗਾਤਰ ਪ੍ਰਕਿਰਿਆ ਹੈ ਇਹ।

ਜਿਸ 'ਚੋਂ ਗੁਜ਼ਰਦਾ ਹਾਂ,
ਮੈਂ ਸਹਿਜੇ-ਸਹਿਜੇ,
ਬਹੁਤ ਕੁਝ ਮਹਿਸੂਸਦਾ ਹੋਇਆ।

ਪੱਛਮੀ ਉਲਾਰ ਵੱਲ,
ਤੇਰਾ ਸਵੀਕਾਰਤ ਝੁਕਾਅ,
ਸਮੇਂ ਦੀ ਲੋੜ ਹੀ ਰਹੇ;
ਕਦੇ ਹੋੜ ਨਾ ਬਣੇ,
ਦੁਆ ਕਰਦਾ ਹਾਂ।

ਤੂੰ ਆਪਣੀ ਮਿੱਟੀ ਦੀ,
ਖੁਸ਼ਬੋ ਬਣ,
ਬਹੁਤ ਖਿੱਲਰੀ ਏਂ,
ਗਲੋਬਲ ਖੂੰਜਿਆਂ ਤਾਂਈ।

ਯਾਦ ਰੱਖੀਂ;
ਵਿਰਸੇ ਦੀ ਪੋਟਲੀ ਹੋਵੇ,
ਜਾਂ ਪੰਜਾਬੀਅਤ ਦੀ ਗੁੜ੍ਹਤੀ;
ਬੜੇ ਨਿੱਗਰ ਸਰੋਕਾਰ ਸਾਂਝੇ ਨੇ,
ਤੇਰੇ ਮੇਰੇ ਦਰਮਿਆਨ।

ਬਲਦੇਵ ਕ੍ਰਿਸ਼ਨ ਸ਼ਰਮਾ

## ਕਵਿਤਾ

ਇੱਕ ਖਤ ਹੁੰਦਾ ਸੀ ਕਹਿੰਦੇ,
ਅੱਧੀ ਮਿਲਣੀ ਦੇ ਬਰਾਬਰ,
ਜੇ ਕਦੇ ਅੱਧੀ ਮਿਲਣੀ ਨੂੰ ,
ਦਿੱਲ ਚਾਹੇ ਤਾਂ ਖਤ ਲਿਖਣਾ।

ਸਾਰਾ ਦਿਨ ਕੁਮਲਾਏ ਚੇਹਰੇ,
ਸਾਰਾ ਦਿਨ ਦਿਸਦੇ ਨੇ ਮੇਰੇ ਸਹਿਰ ਵਿੱਚ,
ਜੇ ਕਦੇ ਕੋਈ ਤੇਰੇ ਸਹਿਰ ਵਿੱਚ,
ਮੁਸਕੁਰਾਏ ਤਾਂ ਖਤ ਲਿਖਣਾ।

ਸੁਣਦੇ ਨੇ ਹਰ ਗਲੀ ਮੁਹੱਲੇ,
ਮੌਤ ਜੇਹੇ ਵੈਣ ਮੇਰੇ ਸਹਿਰ ਵਿੱਚ,
ਜੇ ਤੇਰੇ ਸਹਿਰ ਕੋਈ ਘੋੜੀਆਂ ਸੁਹਾਗ ਗਾਏ,
ਤਾ ਹਲਦੀ ਵਾਲਾ ਖਤ ਲਿਖਣਾ।

ਹਰ ਗਲੀ ਮੁਹੱਲੇ ਝਗੜੇ ਹੁੰਦੇ ਨੇ,
ਆਂਡ ਗਵਾਂਡ ਮੇਰੇ ਸਹਿਰ ਵਿੱਚ,
ਜੇਕਰ ਕੋਈ ਤੇਰੇ ਸਹਿਰ ਪਿੱਪਲੀ ਪੀਂਘਾਂ,
ਪਾ ਤੀਆਂ ਲਾਏ ਤਾਂ ਖਤ ਲਿਖਣਾ।

ਲੋਕੀ ਧਰਨਿਆਂ ਤੇ ਜਾਂਦੇ ਨੇ,
ਟਰਾਲੀਆਂ ਤੇ ਨਿੱਤ ਮੇਰੇ ਸਹਿਰ ਵਿੱਚ,
ਜੈ ਤੇਰੇ ਸਹਿਰ ਕੋਈ ਟਰਾਲੀ ਹੋਲੇ ਤੇ,
ਅਨੰਦਪੁਰ ਨੂੰ ਜਾਏ ਤਾਂ ਖਤ ਲਿਖਣਾ।

ਰੋਜ ਸੜਦੀਆਂ ਨੇ ਚਿਖਾਵਾ ਮੇਰੇ ਸਹਿਰ,
ਬਾਲੜੀਆਂ, ਕਿਸਾਨਾਂ, ਜਵਾਨਾਂ ਦੀਆਂ,
ਤੇਰੇ ਸਹਿਰ ਜੈ ਜਵਾਨ ਜੈ ਕਿਸਾਨ,
ਦਾ ਨਾਅਰਾ ਕੋਈ ਲਾਏ ਤਾਂ ਖਤ ਲਿਖਣਾ।

ਰੋਜ ਸੌਂਦੇ ਨੇ ਕਈ ਲੋਕ ਭੁੱਖੇ ਢਿੱਡ,
ਰਾਤਾਂ ਨੂੰ "ਪ੍ਰੀਤ" ਮੇਰੇ ਸਹਿਰ ਵਿੱਚ,
ਜਦ ਕੋਈ ਗਵਾਂਢੀ ਕੋਲੀ ਲੈ ਸਬਜੀ ਲਈ,
ਤੇਰਾ ਦਰ ਖੜਕਾਏ ਤਾਂ ਖਤ ਲਿਖਣਾ।

ਜਦ ਤੂੰ ਆਪਣੀਆਂ ਸੋਚਾਂ 'ਚ ਗੁੰਮ ਉਦਾਸ,
ਤੁਰਿਆ ਜਾਂਦਾ ਹੋਵੇ ਗਲੀ ਮੁਹੱਲੇ,
ਫੇਰ ਕੋਈ ਗੱਭਰੂ ਚਾਚਾ ਕੀ ਹਾਲ ਏ,
ਕਹਿ ਤੇਰਾ ਹਾਲ ਪੁੱਛ ਜਾਏ ਤਾਂ ਖਤ ਲਿਖਣਾ।

ਹਰ ਕੋਈ ਇੱਕ ਦੂਜੇ ਦਾ ਬੁਰਾ ਕਰ ਰਿਹਾ,
ਅੱਜ ਮੇਰੇ ਸਹਿਰ, ਮੇਰੇ ਦੇਸ ਵਿੱਚ,
ਜਦ ਕੋਈ ਅਰਦਾਸ
ਨਾਨਕ ਨਾਮੁ ਚੜ੍ਹਦੀ ਕਲਾ,
ਤੇਰੇ ਭਾਣੇ "ਸਰਬੱਤ ਦਾ ਭਲਾ"
ਦੀ ਕਰਾਏ ਤਾਂ ਖਤ ਲਿਖਣਾ।

ਡਾ. ਲਵਪ੍ਰੀਤ ਕੌਰ ਜਵੰਦਾ

## ਰਿਸ਼ਤੇ

ਧੀ ਜੰਮੇ ਚਾਹੇ ਪੁੱਤ ਹੋਵੇ
ਹਰ ਮਾਂ ਦੀ ਹਰੀ ਕੁੱਖ ਹੋਵੇ
ਕੁੱਖਾਂ ਵਿਚ ਨਾ ਧੀਆਂ  ਜਾਣ ਮਾਰੀਆਂ
ਹਰ ਧੀ ਦੇ ਕਰਮਾਂ ਵਿਚ ਸੁੱਖ ਹੋਵੇ

ਪੁੱਤਾਂ ਵਰਗੇ ਹੋਣ ਜਵਾਈ ਸਭ ਦੇ
ਨੂੰਹ ਨੂੰ ਸੱਸ  ਵੀ ਮਾਂ ਲੱਗੇ
ਜੇ ਸੱਸਾਂ ਵੀ ਨੂੰਹਾਂ ਨੂੰ ਸਮਝਣ ਧੀਆਂ
ਵਿਹੜੇ ਮੁਹੱਬਤ ਦਾ ਬੂਟਾ ਤਾਂ ਲੱਗੇ

ਪਰਾਂਦੇ ਨਾਲ ਹੁੰਦਾ ਜਿੱਦਾਂ ਗੁੱਤ ਦਾ ਰਿਸਤਾ
ਬਣਿਆਂ ਰਹੇ ਪਿਓ ਪੁੱਤ ਦਾ ਰਿਸਤਾ
ਜਿਨ੍ਹਾਂ ਨੇ  ਸਾਨੂੰ ਕੀਤਾ ਵੱਡੇ
ਮਾਪਿਆਂ ਨੂੰ ਕੋਈ ਘਰੋਂ ਨਾ ਕੱਢੇ

ਜਿਨ੍ਹਾਂ ਨੇ ਜੰਮੇ ਜਿਨ੍ਹਾਂ ਨੇ ਪਾਲੇ
ਹੱਥ  ਪੱਗ ਨੂੰ ਪਾਉਣ ਜਾਂ ਗੁੱਤਾਂ  ਨੂੰ
ਮਾਪਿਆਂ ਨੂੰ ਜੋ ਰੋਜ ਰਵਾਉਂਦੇ
ਕੀ ਕਰਨਾ ਐਹੋ ਜਿਹੇ ਪੁੱਤਾਂ ਨੂੰ

ਭਾਈ ਭਾਈ ਦਾ ਬਣੇ ਨਾ ਵੈਰੀ
ਭੈਣ ਨਾ ਨਿਕਲੇ ਕਿਸੇ ਦੀ ਭੈੜੀ
ਭੂਆ ਨਾ ਖੋਵੋ ਹੱਕ ਭਤੀਜੇ ਦਾ
ਕਰੋ ਨਿੱਘਾ ਸਵਾਗਤ ਸਦਾ ਜੀਜੇ ਦਾ

ਕੱਠੀਆਂ ਰਹਿਣ ਦਰਾਣੀ -ਜਠਾਣੀ
ਨਨਾਣ ਭਾਬੀ ਬਿਨ ਪੀਵੇ ਨਾ ਪਾਣੀ
ਜੇ ਲੱਗੀ ਹੋਵੇ ਜਾ ਕੇ ਬੁਝਾਈਏ
ਰਿਸਤਿਆਂ ਵਿੱਚ ਕਦੇ ਅੱਗ ਨਾ ਲਾਈਏ

-ਮਨਦੀਪ ਖਾਨਪੁਰੀ

## ਭਗਵੰਤ ਭਾਈ ਬੇਨਤੀ !

'ਬੱਬਾ' ਬਾਦਲ ਤੇ 'ਭੱਬਾ' ਭਗਵੰਤ ਵਾਲਾ
'ਪੈਂਤੀ' ਵਿੱਚ ਹਨ ਅੱਖਰ ਨਜ਼ਦੀਕ ਭਾਈ।
ਐਪਰ ਦੋਹਾਂ ਦੇ ਵਿਚਲੀਆਂ ਦੂਰੀਆਂ ਦੀ
ਫਿਤਰਤ ਪੱਖ ਤੋਂ ਵੱਡੀ ਇਕ ਲੀਕ ਭਾਈ।
'ਪੰਜਾ-ਕਮਲ' ਵੀ ਕਰਨ 'ਵਿਰੋਧ' ਭਾਵੇਂ
ਸਮਝੇ ਇਸਨੂੰ ਹੀ ਅਪਣਾ ਸ਼ਰੀਕ ਭਾਈ।
ਇਕ-ਦੂਜੇ ਦੀਆਂ ਨਕਲਾਂ ਨੇ ਖ਼ੂਬ ਲਾਉਂਦੇ
ਕਰਦੇ 'ਮਿੱਸ' ਨਾ ਕਦੇ ਵੀ 'ਤਰੀਕ' ਭਾਈ।



ਸੀ.ਐੱਮ 'ਬੱਬੇ' ਨੂੰ ਕਰਕੇ 'ਇਗਨੋਰ' ਪੱਕਾ
ਉਸਦੇ ਅਹੁਦੇ ਮੁਤਾਬਕ ਇਹ ਠੀਕ ਭਾਈ।
'ਕਰਤੇ ਕੰਮ' ਤੇ 'ਰਹਿੰਦੇ ਜੋ' ਹੋਰ ਕਰਨੇ
ਦੱਸ ਦੱਸ ਲੋਕਾਂ ਤੋਂ ਮੰਗੇ 'ਤੌਫ਼ੀਕ' ਭਾਈ!

-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਜਿਉਂਣਾ ਸਿਖਾਉਣ ਤਿੱਤਲੀਆਂ

ਤਿੱਤਲੀ ਫੁੱਲਾਂ ਤੇ ਆਉਂਦੀ ਹੈ।
ਫੁਰ ਫੁਰ ਚੱਕਰ ਲਾਉਂਦੀ ਹੈ।

ਫੁੱਲਾਂ 'ਚੋਂ ਰਸ ਲੈਂਦੀ ਹੈ।
ਟਿਕ ਕਦੇ ਨਾ ਬਹਿੰਦੀ ਹੈ।

ਕੁਦਰਤ ਰੰਗ ਸਜਾਏ ਨੇ।
ਕਿੰਨੇ ਡਿਜ਼ਾਇਨ ਬਣਾਏ ਨੇ।

ਬੱਚੇ ਵੇਖਣ ਆਉਂਦੇ ਨੇ।
ਵੇਖ ਕੇ ਖੁਸ਼ੀ ਮਨਾਉਂਦੇ ਨੇ।

ਵਾਂਗ ਭੰਬੀਰੀ ਘੁੰਮਦੀ ਹੈ।
ਮਹਿਕਾਂ ਤਾਈਂ ਸੁੰਘਦੀ ਹੈ।

ਹੱਥ ਕਦੇ ਨਾ ਆਵੇ ਉਹ।
ਆਪਣਾ ਆਪ ਬਚਾਵੇ ਉਹ।

ਕੁਦਰਤ ਦੇ ਵਿੱਚ ਵੱਸਦੀ ਹੈ।
'ਪੱਤੋ' ਜਿਉਣਾ ਦੱਸਦੀ ਹੈ।

ਹਰਪ੍ਰੀਤ ਪੱਤੋ
94658-2417

## ਕ੍ਰਾਂਤੀ

ਸਰਕਾਰਾਂ ਵਿਰੁੱਧ ਬੋਲਣ ਨੂੰ ਕ੍ਰਾਂਤੀ ਨਹੀਂ ਕਹਿੰਦੇ
ਸਫੈਦ ਪੋਸ਼ ਬਣਕੇ...
ਗਦਾਰਾਂ ਦੀ ਝੋਲੀ ਚ ਡਿੱਗਣਾ...
ਲਾਚਾਰ ਹੋ ਕੇ ਮਰ ਜਾਣਾ...ਕ੍ਰਾਂਤੀ ਹੁੰਦੀ ਹੈ॥

ਵੱਧ ਪੈਦਾਵਾਰ...
ਹਰੇ ਭਰੇ ਲਹਿਲਹਾਉਂਦੇ ਖੇਤਾਂ ਨੂੰ
ਹਰੀ ਕ੍ਰਾਂਤੀ ਨਹੀਂ ਕਹਿੰਦੇ
ਜਰਖੇਜ ਜਮੀਨਾਂ ਦਾ ਬੰਜਰ ਹੋਣਾ
ਬਾਂਝ ਦੀ ਕੁੱਖ ਵਾਂਗੂੰ...
ਜਾਂ ਕਾਰਪੋਰੇਟ ਘਰਾਣਿਆਂ ਨੂੰ
ਵੇਚ ਦੇਣਾ...ਹਰੀ ਕ੍ਰਾਂਤੀ ਹੁੰਦੀ ਹੈ...॥

ਦੁਧਾਰੂ ਪਸ਼ੂਆਂ ਤੋਂ ਵੱਧ ਦੁੱਧ ਲੈਣਾ
ਚਿੱਟੀ ਕ੍ਰਾਂਤੀ ਨਹੀਂ ਹੁੰਦੀ...
ਮੋਬਾਈਲ ਟਾਵਰਾਂ ਦੀ ਰੇਡੀਏਸ਼ਨ ਨਾਲ
ਜਨਣ ਸ਼ਕਤੀ ਮਰ ਜਾਣਾ
ਨਕਲੀ ਦੁੱਧ ਦੇ ਉਤਪਾਦਾਂ
ਨਕਲੀ ਦੁੱਧ ਦੀਆਂ ਨਦੀਆਂ ਵਹਿਣਾ
ਚਿੱਟੀ ਕ੍ਰਾਂਤੀ ਹੁੰਦੀ ਹੈ...॥

ਸਿੱਖਿਆ...ਸਿਹਤ ਸਹੂਲਤਾਂ...
ਨੌਜਵਾਨਾਂ ਨੂੰ ਰੁਜ਼ਗਾਰ ਦੇਣਾ
ਦੇਸ਼ ਭਗਤੀ ਨਹੀਂ ਹੁੰਦੀ...
ਨੌਜਵਾਨਾਂ ਨੂੰ ਚਿੱਟਾ ਦੇਣਾ
ਬੇਰੁਜ਼ਗਾਰੀ ਦੀ ਦਲਦਲ 'ਚ ਧੱਕਣਾ
ਧਰਨੇ ਮੁਜ਼ਾਹਰੇ...
ਦੇਸ਼ ਭਗਤੀ ਹੁੰਦੀ ਹੈ...॥

ਦੇਸ਼ ਲਈ ਸ਼ਹੀਦ ਹੋਣਾ
ਲਾਲ ਕ੍ਰਾਂਤੀ ਨਹੀਂ ਹੁੰਦੀ...
ਹੱਕ ਮੰਗਦੇ ਲੋਕਾਂ ਦਾ ਮਰ ਜਾਣਾ
ਅੰਨਦਾਤੇ ਦਾ
ਖੁਦਕੁਸ਼ੀਆਂ ਕਰਨਾ
...ਕ੍ਰਾਂਤੀ ਹੁੰਦੀ ਹੈ...॥

ਕਪਿਲ ਦੇਵ ਬੈਲੇ

# ਇੱਕ ਨਵਾਂ ਨੁਸਖ਼ਾ: ਔਰਤਾਂ ਦੁਆਰਾ ਡਿਜ਼ਾਈਨ ਕੀਤੀ ਗਈ ਸਿਹਤ ਸੰਭਾਲ




ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਹੈਲਥਕੇਅਰ, ਸਭ ਤੋਂ ਵਧੀਆ, ਹਰ ਕਿਸੇ ਦੀ ਬਰਾਬਰ ਸੇਵਾ ਕਰਨ ਲਈ ਹੈ। ਫਿਰ ਵੀ, ਦਹਾਕਿਆਂ ਤੋਂ, ਔਰਤਾਂ ਦੀਆਂ ਸਿਹਤ ਲੋੜਾਂ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ, ਘੱਟ ਖੋਜ ਕੀਤੀ ਜਾਂਦੀ ਹੈ, ਜਾਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਦੇਰੀ ਨਾਲ ਨਿਦਾਨ ਤੋਂ ਲੈ ਕੇ ਮਾਵਾਂ ਦੀ ਦੇਖਭਾਲ ਅਤੇ ਮਾਨਸਿਕ ਸਿਹਤ ਸਹਾਇਤਾ ਵਿੱਚ ਪਾੜੇ ਤੱਕ, ਸਿਸਟਮ ਨੇ ਹਮੇਸ਼ਾ ਔਰਤਾਂ ਦੀਆਂ ਜੀਵਿਤ ਅਸਲੀਅਤਾਂ ਨੂੰ ਨਹੀਂ ਪ੍ਰਤੀਬਿੰਬਤ ਕੀਤਾ ਹੈ। ਅੱਜ, ਹਾਲਾਂਕਿ, ਇੱਕ ਸ਼ਕਤੀਸ਼ਾਲੀ ਤਬਦੀਲੀ ਚੱਲ ਰਹੀ ਹੈ— ਔਰਤਾਂ ਨਵੀਨਤਾਕਾਰਾਂ, ਡਾਕਟਰਾਂ, ਖੋਜਕਰਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਰੂਪ ਵਿੱਚ ਅੱਗੇ ਵਧ ਰਹੀਆਂ ਹਨ, ਜੋ ਹਮਦਰਦੀ, ਸਮਾਵੇਸ਼ੀ ਅਤੇ ਸ਼ੁੱਧਤਾ ਨਾਲ ਸਿਹਤ ਸੰਭਾਲ ਨੂੰ ਮੁੜ ਡਿਜ਼ਾਈਨ ਕਰ ਰਹੀਆਂ ਹਨ। ਔਰਤਾਂ ਦੁਆਰਾ ਬਿਹਤਰ ਸਿਹਤ ਸੰਭਾਲ ਤਿਆਰ ਕਰਨਾ, ਔਰਤਾਂ ਲਈ - ਇਹ ਸਿਰਫ਼ ਇੱਕ ਨਾਅਰਾ ਨਹੀਂ ਹੈ; ਇਹ ਇੱਕ ਜ਼ਰੂਰੀ ਤਬਦੀਲੀ ਹੈ।

ਰਵਾਇਤੀ ਸਿਹਤ ਸੰਭਾਲ ਪ੍ਰਣਾਲੀਆਂ ਵਿੱਚ ਸਭ ਤੋਂ ਮਹੱਤਵਪੂਰਨ ਚੁਣੌਤੀਆਂ ਵਿੱਚੋਂ ਇੱਕ ਪ੍ਰਤੀਨਿਧਤਾ ਦੀ ਘਾਟ ਹੈ। ਸਾਲਾਂ ਤੋਂ, ਡਾਕਟਰੀ ਖੋਜ ਮੁੱਖ ਤੌਰ ’ਤੇ ਮਰਦ ਦੇ ਸਰੀਰ ’ਤੇ ਕੇਂਦ੍ਰਿਤ ਸੀ, ਉਨ੍ਹਾਂ ਨੂੰ ਡਿਫੌਲਟ ਵਜੋਂ ਪੇਸ਼ ਕਰਦੇ ਹੋਏ। ਇਸ ਨਾਲ ਉਹਨਾਂ ਸਥਿਤੀਆਂ ਲਈ ਗਲਤ ਨਿਦਾਨ ਅਤੇ ਗੈਰ-ਪ੍ਰਭਾਵਸ਼ਾਲੀ ਇਲਾਜ ਹੋਇਆ ਹੈ ਜੋ ਔਰਤਾਂ ਨੂੰ ਵੱਖਰੇ ਢੰਗ ਨਾਲ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਦਿਲ ਦੀ ਬਿਮਾਰੀ, ਆਟੋਇਮਿਊਨ ਵਿਕਾਰ, ਅਤੇ ਹਾਰਮੋਨਲ ਸਿਹਤ ਸਮੱਸਿਆਵਾਂ। ਮਹਿਲਾ ਡਿਜ਼ਾਈਨਰ ਅਤੇ ਖੋਜਕਰਤਾ ਹੁਣ ਲਿੰਗ-ਵਿਸ਼ੇਸ਼ ਖੋਜ ਅਤੇ ਵਿਅਕਤੀਗਤ ਦੇਖਭਾਲ ਦੀ ਵਕਾਲਤ ਕਰਕੇ ਇਸ ਅਸੰਤੁਲਨ ਨੂੰ ਚੁਣੌਤੀ ਦੇ ਰਹੇ ਹਨ।

ਜਦੋਂ ਔਰਤਾਂ ਹੈਲਥਕੇਅਰ ਹੱਲਾਂ ਨੂੰ ਡਿਜ਼ਾਈਨ ਕਰਨ ਵਿੱਚ ਸ਼ਾਮਲ ਹੁੰਦੀਆਂ ਹਨ, ਤਾਂ ਨਤੀਜੇ ਅਕਸਰ ਵਧੇਰੇ ਸੰਪੂਰਨ ਹੁੰਦੇ ਹਨ। ਉਹ ਉਹਨਾਂ ਖੇਤਰਾਂ ਵੱਲ ਧਿਆਨ ਦਿੰਦੇ ਹਨ ਜਿਨ੍ਹਾਂ ਨੂੰ ਕਦੇ ਨਜ਼ਰਅੰਦਾਜ਼ ਕੀਤਾ ਜਾਂਦਾ ਸੀ— ਮਾਹਵਾਰੀ ਸਿਹਤ, ਪ੍ਰਜਨਨ ਅਧਿਕਾਰ, ਮੀਨੋਪੌਜ਼ ਦੇਖਭਾਲ ਅਤੇ ਮਾਨਸਿਕ ਤੰਦਰੁਸਤੀ। ਇਹ ਕੋਈ ਖਾਸ ਚਿੰਤਾ ਨਹੀਂ ਹੈ, ਸਗੋਂ ਜ਼ਿੰਦਗੀ ਦੇ ਜ਼ਰੂਰੀ ਪਹਿਲੂ ਹਨ ਜੋ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਔਰਤਾਂ ਦੀ ਅਗਵਾਈ ਵਾਲੀਆਂ ਪਹਿਲਕਦਮੀਆਂ ਸੁਰੱਖਿਅਤ ਥਾਵਾਂ ਬਣਾ ਰਹੀਆਂ ਹਨ ਜਿੱਥੇ ਮਰੀਜ਼ ਸੁਣਨ, ਸਤਿਕਾਰ ਕਰਨ ਅਤੇ ਸਮਝਣ ਮਹਿਸੂਸ ਕਰਦੇ ਹਨ, ਇਹਨਾਂ ਵਿਸ਼ਿਆਂ ’ਤੇ ਖੁੱਲ੍ਹ ਕੇ ਚਰਚਾ ਕਰਨ ਦੇ ਆਲੇ-ਦੁਆਲੇ ਲੰਬੇ ਸਮੇਂ ਤੋਂ ਚੱਲ ਰਹੇ ਪਾਬੰਦੀਆਂ ਨੂੰ ਤੋੜਦੇ ਹੋਏ।

ਇਸ ਪਰਿਵਰਤਨ ਵਿੱਚ ਤਕਨਾਲੋਜੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਮੋਬਾਈਲ ਹੈਲਥ ਐਪਸ ਤੋਂ ਲੈ ਕੇ ਗਰਭ ਅਵਸਥਾ ਦੀ ਸਿਹਤ ਦੀ ਨਿਗਰਾਨੀ ਕਰਨ ਵਾਲੇ ਪਹਿਨਣਯੋਗ ਡਿਵਾਈਸਾਂ ਤੱਕ, ਮਹਿਲਾ ਨਵੀਨਤਾਕਾਰੀ ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਸਰੀਰ ਬਾਰੇ ਗਿਆਨ ਨਾਲ ਸ਼ਕਤੀ ਪ੍ਰਦਾਨ ਕਰਨ ਲਈ ਡਿਜੀਟਲ ਸਾਧਨਾਂ ਦੀ ਵਰਤੋਂ ਕਰ ਰਹੀਆਂ ਹਨ। ਟੈਲੀਮੇਡੀਸਨ ਪਲੇਟਫਾਰਮਾਂ ਸਿਹਤ ਸੰਭਾਲ ਨੂੰ ਹੋਰ ਪਹੁੰਚਯੋਗ ਬਣਾ ਰਹੀਆਂ ਹਨ, ਖਾਸ ਤੌਰ ’ਤੇ ਪੇਂਡੂ ਜਾਂ ਘੱਟ ਸੇਵਾ ਵਾਲੇ ਖੇਤਰਾਂ ਦੀਆਂ ਔਰਤਾਂ ਲਈ ਜੋ ਦੇਖਭਾਲ ਪ੍ਰਾਪਤ ਕਰਨ ਵਿੱਚ ਸਮਾਜਿਕ ਜਾਂ ਲੌਜਿਸਟਿਕਲ ਰੁਕਾਵਟਾਂ ਦਾ ਸਾਹਮਣਾ ਕਰ ਸਕਦੀਆਂ ਹਨ।

ਬਿਹਤਰ ਸਿਹਤ ਸੰਭਾਲ ਨੂੰ ਡਿਜ਼ਾਈਨ ਕਰਨ ਦਾ ਇੱਕ ਹੋਰ ਮੁੱਖ ਪਹਿਲੂ ਸਮਾਵੇਸ਼ੀ ਹੈ। ਔਰਤਾਂ ਸਮਝਦੀਆਂ ਹਨ ਕਿ ਸਿਹਤ ਸੰਭਾਲ ਨੂੰ ਵਿਭਿੰਨ ਸਮੂਹਾਂ — ਉਮਰ, ਸਮਾਜਿਕ-ਆਰਥਿਕ ਸਥਿਤੀ, ਭੂਗੋਲ ਅਤੇ ਸੱਭਿਆਚਾਰਕ ਪਿਛੋਕੜ ਦੇ ਅਨੁਸਾਰ ਪੂਰਾ ਕਰਨਾ ਚਾਹੀਦਾ ਹੈ। ਇੱਕ-ਆਕਾਰ-ਫਿੱਟ-ਸਾਰੇ ਪਹੁੰਚ ਕੰਮ ਨਹੀਂ ਕਰਦੀ। ਉਦਾਹਰਨ ਲਈ, ਇੱਕ ਪੇਂਡੂ ਔਰਤ ਦੀਆਂ ਸਿਹਤ ਸੰਭਾਲ ਲੋੜਾਂ ਸ਼ਹਿਰੀ ਪੇਸ਼ੇਵਰ ਨਾਲੋਂ ਕਾਫ਼ੀ ਵੱਖਰੀਆਂ ਹੋ ਸਕਦੀਆਂ ਹਨ। ਫੈਸਲੇ ਲੈਣ ਵਿੱਚ ਵੱਖ-ਵੱਖ ਭਾਈਚਾਰਿਆਂ ਦੀਆਂ ਔਰਤਾਂ ਨੂੰ ਸ਼ਾਮਲ ਕਰਕੇ, ਸਿਹਤ ਸੰਭਾਲ ਪ੍ਰਣਾਲੀਆਂ ਵਧੇਰੇ ਜਵਾਬਦੇਹ ਅਤੇ ਬਰਾਬਰ ਬਣ ਸਕਦੀਆਂ ਹਨ।

ਲੀਡਰਸ਼ਿਪ ਵੀ ਮਹੱਤਵਪੂਰਨ ਹੈ। ਜਦੋਂ ਔਰਤਾਂ ਹਸਪਤਾਲਾਂ, ਖੋਜ ਸੰਸਥਾਵਾਂ ਅਤੇ ਸਿਹਤ ਮੰਤਰਾਲਿਆਂ ਵਿੱਚ ਲੀਡਰਸ਼ਿਪ ਅਹੁਦਿਆਂ ’ਤੇ ਹੁੰਦੀਆਂ ਹਨ, ਤਾਂ ਨੀਤੀਆਂ ਵਿਆਪਕ ਦ੍ਰਿਸ਼ਟੀਕੋਣਾਂ ਨੂੰ ਦਰਸਾਉਂਦੀਆਂ ਹਨ। ਮਾਵਾਂ ਦੀ ਮੌਤ ਦਰ, ਬਾਲ ਪੋਸ਼ਣ, ਕੰਮ ਵਾਲੀ ਥਾਂ ’ਤੇ ਸਿਹਤ, ਅਤੇ ਲਿੰਗ-ਆਧਾਰਿਤ ਹਿੰਸਾ ਵਰਗੇ ਮੁੱਦਿਆਂ ਨੂੰ ਉਹ ਧਿਆਨ ਮਿਲਦਾ ਹੈ ਜਿਸ ਦੇ ਉਹ ਹੱਕਦਾਰ ਹਨ। ਮਹਿਲਾ ਲੀਡਰਸ਼ਿਪ ਸਹਿਯੋਗ, ਹਮਦਰਦੀ ਅਤੇ ਲੰਬੇ ਸਮੇਂ ਦੀ ਸੋਚ ਨੂੰ ਉਤਸ਼ਾਹਿਤ ਕਰਦੀ ਹੈ— ਇੱਕ ਟਿਕਾਊ ਸਿਹਤ ਸੰਭਾਲ ਪ੍ਰਣਾਲੀ ਬਣਾਉਣ ਲਈ ਜ਼ਰੂਰੀ ਗੁਣ।

ਸਿੱਖਿਆ ਅਤੇ ਜਾਗਰੂਕਤਾ ਬਰਾਬਰ ਮਹੱਤਵਪੂਰਨ ਹਨ। ਸਿਹਤ ਸਾਖਰਤਾ ਵਾਲੀਆਂ ਔਰਤਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਉਹਨਾਂ ਨੂੰ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਸੂਚਿਤ ਫੈਸਲੇ ਲੈਣ ਦੇ ਯੋਗ ਬਣਾਉਂਦਾ ਹੈ। ਜਦੋਂ ਔਰਤਾਂ ਰੋਕਥਾਮ ਦੇਖਭਾਲ, ਪੋਸ਼ਣ ਅਤੇ ਮਾਨਸਿਕ ਸਿਹਤ ਨੂੰ ਸਮਝਦੀਆਂ ਹਨ, ਤਾਂ ਲਾਭ ਵਿਅਕਤੀਆਂ ਤੋਂ ਪਰੇ ਪੂਰੇ ਭਾਈਚਾਰਿਆਂ ਤੱਕ ਪਹੁੰਚਦੇ ਹਨ। ਪੜ੍ਹੀਆਂ-ਲਿਖੀਆਂ ਔਰਤਾਂ ਅਕਸਰ ਬਿਹਤਰ ਸਿਹਤ ਅਭਿਆਸਾਂ ਦੀਆਂ ਵਕੀਲਾਂ ਬਣ ਜਾਂਦੀਆਂ ਹਨ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਹਾਲਾਂਕਿ, ਚੁਣੌਤੀਆਂ ਬਾਕੀ ਹਨ। ਲਿੰਗ ਪੱਖਪਾਤ, ਔਰਤਾਂ-ਕੇਂਦ੍ਰਿਤ ਖੋਜ ਲਈ ਫੰਡਾਂ ਦੀ ਘਾਟ ਅਤੇ ਸੱਭਿਆਚਾਰਕ ਰੁਕਾਵਟਾਂ ਅਜੇ ਵੀ ਦੁਨੀਆ ਦੇ ਕਈ ਹਿੱਸਿਆਂ ਵਿੱਚ ਤਰੱਕੀ ਨੂੰ ਸੀਮਤ ਕਰਦੀਆਂ ਹਨ। ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਰਕਾਰਾਂ, ਸੰਸਥਾਵਾਂ ਅਤੇ ਵੱਡੇ ਪੱਧਰ ’ਤੇ ਸਮਾਜ ਵੱਲੋਂ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ। ਵਿਗਿਆਨ, ਦਵਾਈ ਅਤੇ ਨਵੀਨਤਾ ਵਿੱਚ ਔਰਤਾਂ ਦਾ ਸਮਰਥਨ ਕਰਨਾ ਸਿਰਫ਼ ਸਮਾਨਤਾ ਬਾਰੇ ਨਹੀਂ ਹੈ; ਇਹ ਸਾਰਿਆਂ ਲਈ ਸਿਹਤ ਸੰਭਾਲ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਬਾਰੇ ਹੈ। ਔਰਤਾਂ ਲਈ ਬਿਹਤਰ ਸਿਹਤ ਸੰਭਾਲ ਤਿਆਰ ਕਰਨਾ ਆਖਰਕਾਰ ਇੱਕ ਹੋਰ ਮਨੁੱਖੀ ਅਤੇ ਪ੍ਰਭਾਵਸ਼ਾਲੀ ਪ੍ਰਣਾਲੀ ਵੱਲ ਲੈ ਜਾਂਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਦੇਖਭਾਲ ਸਿਰਫ਼ ਕਲੀਨਿਕਲ ਨਹੀਂ ਸਗੋਂ ਹਮਦਰਦੀ ਵਾਲੀ ਹੈ, ਨਾ ਸਿਰਫ ਪ੍ਰਤੀਕਿਰਿਆਸ਼ੀਲ ਬਲਕਿ ਰੋਕਥਾਮ ਵਾਲੀ ਹੈ। ਜਦੋਂ ਔਰਤਾਂ ਹੈਲਥਕੇਅਰ ਡਿਜ਼ਾਈਨ ਦੇ ਕੇਂਦਰ ਵਿੱਚ ਹੁੰਦੀਆਂ ਹਨ, ਤਾਂ ਸਿਸਟਮ ਵਧੇਰੇ ਸਮਾਵੇਸ਼ੀ, ਜਵਾਬਦੇਹ ਅਤੇ ਲਚਕਦਾਰ ਹੋ ਜਾਂਦਾ ਹੈ।

ਔਰਤਾਂ ਦੇ ਤਜ਼ਰਬਿਆਂ ਦੀ ਨਜ਼ਰ ਰਾਹੀਂ ਸਿਹਤ ਸੰਭਾਲ ਦੀ ਮੁੜ ਕਲਪਨਾ ਕਰਨ ਵਿੱਚ, ਅਸੀਂ ਇੱਕ ਅਜਿਹੇ ਭਵਿੱਖ ਦੇ ਨੇੜੇ ਜਾਂਦੇ ਹਾਂ ਜਿੱਥੇ ਹਰੇਕ ਵਿਅਕਤੀ ਲਿੰਗ — ਨੂੰ ਪਰਵਾਹ ਕੀਤੇ ਬਿਨਾਂ ਉਹ ਦੇਖਭਾਲ ਪ੍ਰਾਪਤ ਕਰਦਾ ਹੈ ਜਿਸ ਦਾ ਉਹ ਸੱਚਮੁੱਚ ਹੱਕਦਾਰ ਹੈ।

# ‘ਮਰਜ਼ ਬੜਤਾ ਗਯਾ, ਜਿਉਂ-ਜਿਉਂ ਦਵਾ ਕੀ’ ਨਕਲੀ ਦਵਾਈਆਂ ਦਾ ਫੈਲਦਾ ਕਾਰੋਬਾਰ !



ਵਿਜੇ ਕੁਮਾਰ

ਸਰੀਰਕ ਜਾਂ ਮਾਨਸਿਕ ਤੌਰ ’ਤੇ ਬੀਮਾਰ ਵਿਅਕਤੀ ਇਸ ਆਸ ਦੇ ਨਾਲ ਡਾਕਟਰ ਅਤੇ ਕੈਮਿਸਟ ਦੇ ਕੋਲ ਜਾਂਦਾ ਹੈ ਕਿ ਇੱਥੇ ਮਿਲਣ ਵਾਲੀ ਦਵਾਈ ਉਸ ਦੇ ਲਈ ਰਾਹਤ ਦਾ ਕੰਮ ਕਰੇਗੀ ਪਰ ਕੁਝ ਲੋਕ ਕੁਝ ਰੁਪਇਆਂ ਦੇ ਲਾਲਚ ’ਚ ਨਕਲੀ ਦਵਾਈਆਂ ਦਾ ਕਾਲਾ ਕਾਰੋਬਾਰ ਕਰ ਰਹੇ ਹਨ, ਜਿਸ ਨਾਲ ਮਰੀਜ਼ਾਂ ਨੂੰ ਰਾਹਤ ਮਿਲਣ ਦੀ ਬਜਾਏ ਉਨ੍ਹਾਂ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ।

ਇਸੇ ਸਾਲ ਸਾਹਮਣੇ ਆਏ ਨਕਲੀ ਦਵਾਈਆਂ ਦੇ ਨਿਰਮਾਣ ਅਤੇ ਵਿਕਰੀ ਦੇ ਮਾਮਲੇ ਹੇਠਾਂ ਦਰਜ ਹਨ :

- 8 ਫਰਵਰੀ ਨੂੰ ‘ਗਾਜ਼ੀਆਬਾਦ’ (ਉੱਤਰ ਪ੍ਰਦੇਸ਼) ਪੁਲਸ ਨੇ ਲਿਵਰ ਦੀ ਨਕਲੀ ਦਵਾਈ ਬਣਾਉਣ ਅਤੇ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰ ਕੇ ‘ਮੁਰਾਦਨਗਰ’ ’ਚ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਲਿਵਰ ਦੀਆਂ 50,000 ਨਕਲੀ ਗੋਲੀਆਂ ਬਰਾਮਦ ਕੀਤੀਆਂ।
- 24 ਫਰਵਰੀ ਨੂੰ ‘ਦਿੱਲੀ’ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ 9 ਕਰੋੜ ਰੁਪਏ ਮੁੱਲ ਦੀ ‘ਸਾਈਕਟੋਪਿਕ’ ਦੀਆਂ 18.47 ਲੱਖ ਗੋਲੀਆਂ ਦੇ ਨਾਲ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮ ਇਨ੍ਹਾਂ ਦਵਾਈਆਂ ਦੀ ਸਪਲਾਈ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ’ਤੇ ਵੀ ਕਰ ਰਹੇ ਸਨ।
- 28 ਫਰਵਰੀ ਨੂੰ ਮੱਧ ਪ੍ਰਦੇਸ਼ ’ਚ ‘ਸੀਧੀ’ ਪੁਲਸ ਨੇ 251 ਸ਼ੀਸ਼ੀਆਂ ਕਫ਼ ਸਿਰਪ ਦੇ ਨਾਲ ‘ਜਗਦੀਸ਼’ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ।
- 4 ਅਪ੍ਰੈਲ ਨੂੰ ‘ਸੀਧੀ’ (ਮੱਧ ਪ੍ਰਦੇਸ਼) ਪੁਲਸ ਨੇ ‘ਓਰਨੈਕਸ ਕਫ਼ ਸਿਰਪ’ ਦੀਆਂ ਲੱਗਭਗ 89,000 ਰੁਪਏ ਕੀਮਤ ਦੀਆਂ 443 ਬੋਤਲਾਂ ਦੇ ਨਾਲ ‘ਅਸ਼ੀਸ਼ ਸਿੰਘ’ ਨਾਂ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮ ਦੇ ਵਿਰੁੱਧ ਐੱਨ. ਡੀ. ਪੀ. ਐੱਸ. ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।
- 5 ਅਪ੍ਰੈਲ ਨੂੰ ਨਵੀਂ ਦਿੱਲੀ ’ਚ ਕ੍ਰਾਈਮ ਬ੍ਰਾਂਚ ਦੇ ਸਾਈਬਰ ਸੈੱਲ ਨੇ ਸ਼ੂਗਰ, ਬੀ. ਪੀ., ਇਨਫੈਕਸ਼ਨ ਅਤੇ ਹੋਰ ਗੰਭੀਰ ਬੀਮਾਰੀਆਂ ਦੇ ਇਲਾਜ ’ਚ ਵਰਤੀਆਂ ਜਾਣ ਵਾਲੀਆਂ ਨਾਮੀ ਕੰਪਨੀਆਂ ਦੀਆਂ ਨਕਲੀ ਦਵਾਈਆਂ ਬਣਾਉਣ, ਉਨ੍ਹਾਂ ਦੀ ਸਪਲਾਈ ਕਰਨ ਵਾਲੇ ਇਕ ਯੂਨਿਟ ਦਾ ਪਰਦਾਫਾਸ਼ ਕੀਤਾ। ਪੁਲਸ ਨੇ ਇਸ ਮਾਮਲੇ ’ਚ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ’ਚੋਂ 2 ਕਰੋੜ ਰੁਪਏ ਮੁੱਲ ਦੀਆਂ 1.2 ਲੱਖ ਤੋਂ ਜ਼ਿਆਦਾ ਗੋਲੀਆਂ ਅਤੇ ਕੈਪਸੂਲ ਬਰਾਮਦ ਕੀਤੇ ਹਨ।
- 5 ਅਪ੍ਰੈਲ ਨੂੰ ਹੀ ‘ਕਾਨਪੁਰ’ ਪੁਲਸ ਨੇ ‘ਕੋਡਾਈਨ ਕਫ਼ ਸਿਰਪ’ ਦੀ ਸਪਲਾਈ ਦੇ ਮਾਮਲੇ ’ਚ ‘ਸ਼ਿਵਮ ਅਗਰਵਾਲ’ ਨੂੰ ਗ੍ਰਿਫ਼ਤਾਰ ਕੀਤਾ। ‘ਸ਼ਿਵਮ’ ’ਤੇ 25,000 ਰੁਪਏ ਦਾ ਇਨਾਮ ਸੀ। ਮੁਲਜ਼ਮ ਇਸ ਸਿਰਪ ਨੂੰ ਉੱਤਰ ਪ੍ਰਦੇਸ਼, ਬਿਹਾਰ, ਦਿੱਲੀ, ਹਰਿਆਣਾ, ਝਾਰਖੰਡ ਅਤੇ ਪੱਛਮੀ ਬੰਗਾਲ ਤੋਂ ਇਲਾਵਾ ਬੰਗਲਾਦੇਸ਼ ’ਚ ਵੀ ਭੇਜ ਰਿਹਾ ਸੀ। ਇਸ ਮਾਮਲੇ ’ਚ ਪੁਲਸ ਨੂੰ 6 ਹੋਰ ਮੁਲਜ਼ਮਾਂ ਦੀ ਵੀ ਭਾਲ ਹੈ।
- 5 ਅਪ੍ਰੈਲ ਨੂੰ ਹੀ ‘ਜੈਪੁਰ’ ’ਚ ਰਾਜਸਥਾਨ ਡਰੱਗ ਕੰਟਰੋਲ ਵਿਭਾਗ ਦੀ ਜਾਂਚ ’ਚ ਵੀ. ਏ. ਡੀ. ਐੱਸ. ਪੀ. ਫਾਰਮਾਸਿਊਟੀਕਲਜ਼ ਵਲੋਂ ਰਾਜਸਥਾਨ ’ਚ ਭੇਜੀਆਂ ਗਈਆਂ ਐਂਟੀਬਾਇਓਟਿਕ ਦਵਾਈ ‘ਕਿਊਸਿਪੋਡ 200’ ਦੇ 3100 ਪੱਤੇ ਲੈਬੋਰੇਟਰੀ ਦੀ ਜਾਂਚ ’ਚ ਨਕਲੀ ਪਾਏ ਗਏ। ਵਿਭਾਗ ਨੇ ਇਸ ਦਵਾਈ ਦੇ 2186 ਪੱਤਿਆਂ ਨੂੰ ਕਬਜ਼ੇ ’ਚ ਲੈ ਲਿਆ ਹੈ ਅਤੇ ਸਿਹਤ ਵਿਭਾਗ ਨੇ ਬਾਕੀ ਦਵਾਈ ਜਲਦ ਤੋਂ ਜਲਦ ਬਾਜ਼ਾਰ ’ਚੋਂ ਹਟਾਉਣ ਦੇ ਹੁਕਮ ਦਿੱਤੇ ਹਨ।
- 6 ਅਪ੍ਰੈਲ ਨੂੰ ‘ਵਾਰਾਣਸੀ’ (ਉੱਤਰ ਪ੍ਰਦੇਸ਼) ਦੀ ਸਥਾਨਕ ਅਦਾਲਤ ਨੇ ਨਕਲੀ ਕਫ਼ ਸਿਰਪ ‘ਕੋਡਾਈਨ’ ਨੂੰ ਦੇਸ਼ ਤੋਂ ਇਲਾਵਾ ਬੰਗਲਾਦੇਸ਼ ’ਚ ਵੇਚਣ ਦੇ ਮਾਮਲੇ ’ਚ ਫਰਾਰ ਮੁੱਖ ਮੁਲਜ਼ਮ ‘ਸ਼ੁਭਮ ਜਾਇਸਵਾਲ’ ਨੂੰ ਭਗੌੜਾ ਕਰਾਰ ਦੇ ਦਿੱਤਾ। ਇਸ ਮਾਮਲੇ ’ਚ ‘ਸ਼ੁਭਮ’ ਸਮੇਤ ਕੁੱਲ 27 ਮੁਲਜ਼ਮਾਂ ਦੇ ਵਿਰੁੱਧ ਵਾਰਾਣਸੀ ’ਚ ਮਾਮਲਾ ਦਰਜ ਕੀਤਾ ਗਿਆ ਸੀ।

ਨਕਲੀ ਦਵਾਈਆਂ ਨੂੰ ਰੋਕਣ ਲਈ ਡਰੱਗਜ਼ ਐਂਡ ਕਾਸਮੈਟਿਕ ਐਕਟ (1940), ਫਾਰਮੇਸੀ ਐਕਟ (1948) ਸਮੇਤ ਕੁੱਲ 7 ਕਾਨੂੰਨ ਹਨ ਪਰ ਇਨ੍ਹਾਂ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਨਾ ਹੋਣ ਦੇ ਕਾਰਨ ਨਕਲੀ ਦਵਾਈਆਂ ਦਾ ਕਾਰੋਬਾਰ ਲਗਾਤਾਰ ਵਧ ਰਿਹਾ ਹੈ।

ਰਾਜ ਸਭਾ ’ਚ ਪੇਸ਼ ਕੀਤੀ ਗਈ ਜਾਣਕਾਰੀ ਅਨੁਸਾਰ 2021 ’ਚ ਜਾਂਚ ਦੇ ਦੌਰਾਨ 2652 ਦਵਾਈਆਂ ਦੇ ਨਮੂਨੇ ਜਾਂਚ ’ਚ ਫੇਲ ਪਾਏ ਗਏ ਸਨ। 2023 ’ਚ ਇਹ ਲੜੀ ਵਧ ਕੇ 3053 ਅਤੇ 2025 ’ਚ ਵਧ ਕੇ 3104 ਹੋ ਗਈ ਹੈ।

ਅਜਿਹੇ ’ਚ ਨਕਲੀ ਦਵਾਈਆਂ ਦਾ ਕਾਰੋਬਾਰ ਰੋਕਣ ਲਈ ਮੌਜੂਦਾ ਕਾਨੂੰਨਾਂ ਦਾ ਸਖ਼ਤੀ ਨਾਲ ਪਾਲਣ ਕਰਨ ਅਤੇ ਅਜਿਹੇ ਮਾਮਲੇ ’ਚ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਏ ਜਾਣ ਦੀ ਲੋੜ ਹੈ ਤਾਂ ਕਿ ਨਕਲੀ ਦਵਾਈਆਂ ਦੇ ਜ਼ਰੀਏ ਲੋਕਾਂ ਦੀ ਜ਼ਿੰਦਗੀ ਦੇ ਨਾਲ ਹੋ ਰਹੇ ਖਿਲਵਾੜ ਨੂੰ ਰੋਕਿਆ ਜਾ ਸਕੇ।

# Dosanjh Family AUTO GROUP

Cadillac · CHEVROLET · INFINITI · KIA · NISSAN · BUICK

GMC · LIVERMORE TOYOTA · HYUNDAI Fremont Hyundai · TOYOTA · Ford · ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD